ISSN:2231-6930

87-88

# ਪ੍ਰਵਚਨ



ਅਪ੍ਰੈਲ-ਸਤੰਬਰ, 2022 ਮੁੱਲ 75 ਰੁਪਏ, 5 ਪੌਂਡ

## ਡਾ. ਰਜਨੀਸ਼ ਬਹਾਦਰ ਸਿੰਘ ਵਿਸ਼ੇਸ਼ ਅੰਕ



ਰਜਨੀਸ਼ ਬਹਾਦਰ ਆਪਣੀ ਮਾਤਾ, ਪਤਨੀ, ਬੇਟੀ ਤੇ ਬੇਟੇ ਨਾਲ।

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 22 ਪੁਸਤਕ ਲੜੀ : 87-88 ਅਪ੍ਰੈਲ-ਸਤੰਬਰ, 2022

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147

**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ
ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ


- ਦੋ ਸ਼ਬਦ/**ਕੁਲਵੰਤ ਸਿੰਘ ਸੰਧੂ** .............2
- ਤੀਹ ਵਰ੍ਹਿਆਂ ਦੀ ਦੋਸਤੀ, ਨੌਂ ਸਾਲ ਦਾ ਧੁੜਕੂ -**ਸੁਕੀਰਤ** ....................................4
- ਪਰ ਉਸ ਦਿਨ/**ਜਸ ਮੰਡ** .................13
- ਮੇਰੇ ਪਾਪਾ/**ਰਾਹੁਲ ਸਿੰਘ** .................18
- ਸੰਘਰਸ਼, ਬੇਬਾਕੀ ਅਤੇ ਨੇਕ ਨੀਅਤੀ ਦਾ ਮੁਜੱਸਮਾ : ਡਾ. ਰਜਨੀਸ਼ -**ਡਾ. ਪਰਮਜੀਤ ਕੌਰ ਸਿੱਧੂ** ...............20
- ਵਾਪਸੀ 'ਤੇ ਮਿਲਦੇ ਆਂ/**ਜਸਵਿੰਦਰ ਸਿੰਘ** 27
- ਖਰਾ ਬੰਦਾ-ਰਜਨੀਸ਼ ਬਹਾਦਰ -**ਵਰਿਆਮ ਸਿੰਘ ਸੰਧੂ** .....................31
- ਜ਼ਿੱਦੀ, ਅੜੀਅਲ ਤੇ ਅਸੂਲੀ ਬੰਦਾ : ਰਜਨੀਸ਼ ਬਹਾਦਰ ਸਿੰਘ/**ਭਗਵੰਤ ਰਸੂਲਪੁਰੀ** ......46
- ਤੁਰ ਗਿਆ ਮੇਰਾ ਮਿੱਤਰ ਰਜਨੀਸ਼ ਬਹਾਦਰ -**ਸੰਤੋਖ ਧਾਲੀਵਾਲ** ........................64
- ਰਜਨੀਸ਼ ਬਹਾਦਰ ਸਿੰਘ ਉਰਫ਼ ਸ਼ਾਹੀਨ -**ਜਨਮੀਤ** .................................66
- ਰਜਨੀਸ਼ ਬਹਾਦਰ ਸਿੰਘ ਨੂੰ ਯਾਦ ਕਰਦਿਆਂ -**ਮਨਮੋਹਨ ਬਾਵਾ** ..........................69
- ਵਿਧਾ-ਸ਼ਾਸਤਰ ਤੇ ਰਜਨੀਸ਼ ਬਹਾਦਰ ਦਾ ਵਿਧਾ-ਚਿੰਤਨ/**ਡਾ. ਸਰਬਜੀਤ ਸਿੰਘ** ...........71
- ਡਾ. ਰਜਨੀਸ਼ ਬਹਾਦਰ ਦੀ ਕਹਾਣੀ ਆਲੋਚਨਾ ਦ੍ਰਿਸ਼ਟੀ/**ਡਾ. ਬਲਜੀਤ ਕੌਰ ਰਿਆੜ** .....75
- ਡਾ. ਰਜਨੀਸ਼ ਬਹਾਦਰ ਸਿੰਘ ਦਾ ਗਲਪ ਚਿੰਤਨ -**ਹਰਪ੍ਰੀਤ ਕੌਰ ਸੰਧੂ** .........................81
- ਡਾ. ਰਜਨੀਸ਼ ਬਹਾਦਰ ਸਿੰਘ ਦੀ ਸਾਹਿਤ ਚਿੰਤਨ ਦ੍ਰਿਸ਼ਟੀ/**ਪਵਨ ਕੁਮਾਰ** ...................93
- ਰਜਨੀਸ਼ ਬਹਾਦਰ ਸਿੰਘ ਦੀਆਂ ਛਪੀਆਂ ਪੁਸਤਕਾਂ ................................104



- ☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

## ਦੋ ਸ਼ਬਦ

'ਪ੍ਰਵਚਨ' ਮੈਗਜ਼ੀਨ ਤਕਰੀਬਨ 22 ਸਾਲ ਤੋਂ ਨਿਰੰਤਰ ਛਪਦਾ ਆ ਰਿਹਾ ਹੈ। ਇਨ੍ਹਾਂ ਸਾਲਾਂ ਵਿਚ 'ਪ੍ਰਵਚਨ' ਨੇ ਪੰਜਾਬੀ ਸਾਹਿਤ, ਸਭਿਆਚਾਰ ਤੇ ਚਿੰਤਨ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ। 'ਪ੍ਰਵਚਨ' ਦੇ ਪਹਿਲੇ ਕੁਝ ਅੰਕਾਂ ਦਾ ਸੰਪਾਦਨ ਡਾ. ਸਵਰਨ ਚੰਦਨ ਨੇ ਕੀਤਾ ਸੀ, ਪਰ ਇਸ ਦੀ ਅਜੋਕੀ ਦਿੱਖ ਨੂੰ ਬਣਾਉਣ ਤੇ ਸਥਾਪਿਤ ਕਰਨ ਵਿਚ ਵੱਡਾ ਹੱਥ ਨਿਰਸੰਦੇਹ ਡਾ. ਰਜਨੀਸ਼ ਦਾ ਹੈ। ਉਸਦੀ ਸੰਪਾਦਨਾ ਹੇਠ 'ਪ੍ਰਵਚਨ' ਨੇ ਕਈ ਮਾਅਰਕੇ ਮਾਰੇ, ਪ੍ਰਾਪਤੀਆਂ ਕੀਤੀਆਂ। 'ਡਲਹੋਜ਼ੀ ਗੋਸ਼ਟੀ' ਦੀ ਇਕ ਲੰਮੀ ਪਰੰਪਰਾ ਇਸ ਦੀ ਸਿਖਰਲੀ ਪ੍ਰਾਪਤੀ ਕਹੀ ਜਾ ਸਕਦੀ ਹੈ। ਇਸ ਕਰਕੇ ਸਾਹਿਤਕ ਹਲਕਿਆਂ ਵਿਚ 'ਪ੍ਰਵਚਨ' ਤੇ ਰਜਨੀਸ਼ ਜੁੜਵੇਂ ਰੂਪ ਵਿਚ ਜਾਣੇ ਜਾਂਦੇ ਹਨ।

ਪੰਜਾਬੀ ਸਾਹਿਤ ਦੇ ਗੰਭੀਰ ਪਾਠਕਾਂ ਤੇ ਚਿੰਤਨ ਨਾਲ ਜੁੜੇ ਵਿਦਵਾਨਾਂ ਦੇ ਮਨਾਂ ਵਿਚ 'ਪ੍ਰਵਚਨ' ਦਾ ਇਕ ਵਿਸ਼ੇਸ਼ ਸਥਾਨ ਹੈ। ਆਪਣੀਆਂ ਸੰਪਾਦਕੀਆਂ ਵਿਚ ਡਾ. ਰਜਨੀਸ਼ ਵੱਲੋਂ ਪੰਜਾਬੀ ਚਿੰਤਨ ਨਾਲ ਜੁੜੇ ਮਸਲਿਆਂ ਬਾਰੇ ਨਿੱਠ ਕੇ ਲਿਖਿਆ ਜਾਂਦਾ ਰਿਹਾ ਹੈ। ਸਿਰਫ਼ ਇਕ ਸੰਪਾਦਕ ਵਜੋਂ ਹੀ ਨਹੀਂ, ਸਗੋਂ ਇਕ ਸੁਚੇਤ ਤੇ ਪੜ੍ਹੇ-ਲਿਖੇ ਪੰਜਾਬੀ ਵਜੋਂ ਵੀ ਉਹ ਉਨ੍ਹਾਂ ਮਸਲਿਆਂ ਨੂੰ ਸੰਬੋਧਤ ਹੁੰਦਾ ਰਿਹਾ ਹੈ, ਜੋ ਸਮੇਂ-ਸਮੇਂ ਤੇ ਇੱਥੋਂ ਦੇ ਲੋਕਾਂ ਸਾਹਮਣੇ ਸਥਾਪਤੀ ਵੱਲੋਂ ਖੜੇ ਕੀਤੇ ਜਾਂਦੇ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਜਿਸ ਕਿਸਮ ਦੇ ਹਕੂਮਤੀ ਮਾਡਲ ਨਾਲ ਲੋਕਾਂ ਦਾ ਵਾਹ-ਵਾਸਤਾ ਹੈ ਤੇ ਇਸ ਵਿਚੋਂ ਜਿਸ ਕਿਸਮ ਦਾ ਪ੍ਰਗਤੀ ਦਾ ਕਾਰਪੋਰੇਟੀ ਮਾਡਲ ਸਾਹਮਣੇ ਆ ਰਿਹਾ ਹੈ ਤੇ ਉਸਦਾ ਸਾਧਾਰਣ ਲੋਕਾਈ ਦੀ ਜੀਵਨ-ਜਾਚ 'ਤੇ ਜੋ ਪ੍ਰਭਾਵ ਪੈ ਰਿਹਾ ਹੈ, ਡਾ. ਰਜਨੀਸ਼ ਉਸ ਬਾਰੇ ਬਹੁਤ ਸੁਚੇਤ ਸੀ ਤੇ ਬੜੀ ਬੁਲੰਦ ਆਵਾਜ਼ ਵਿਚ ਉਹ ਇਸ ਦੀ ਪ੍ਰਚਾਰੀ ਜਾਂਦੀ ਜਾਇਜ਼ਤਾ 'ਤੇ ਸਵਾਲ ਖੜ੍ਹੇ ਕਰਦਾ ਹੋਇਆ ਇਸ ਦੇ ਨਾਂਹ-ਪੱਖੀ ਪਹਿਲੂਆ ਨੂੰ ਉਜਾਗਰ ਕਰਦਾ ਰਿਹਾ ਹੈ।

ਅਸਲ ਵਿਚ ਪੰਜਾਬੀ ਵਿਚ ਜਿੰਨੇ ਵੀ ਮੈਗਜ਼ੀਨ ਛਪ ਰਹੇ ਹਨ ਉਨ੍ਹਾਂ ਦੇ ਮੁਕਾਬਲੇ 'ਪ੍ਰਵਚਨ' ਦੀ ਖ਼ਾਸੀਅਤ ਹੀ ਇਹ ਸੀ ਕਿ ਇਹ ਮੈਗਜ਼ੀਨ ਚਿੰਤਨ ਦੀ ਪੱਧਰ 'ਤੇ ਸਥਾਪਤੀ ਦੁਆਰਾ ਉਸਾਰੇ ਜਾ ਰਹੇ ਪ੍ਰਵਚਨ ਦੇ ਸਮਾਨਾਂਤਰ ਲੋਕ ਪੱਖੀ ਪ੍ਰਵਚਨ ਉਸਾਰਣ ਦਾ ਸੁਚੇਤ ਯਤਨ ਕਰਦਾ ਨਜ਼ਰ ਆਉਂਦਾ ਹੈ। ਦੂਸਰੇ, ਉਸਦਾ ਚਿੰਤਨ ਸਿਰਫ਼ ਅਜੋਕੀਆਂ ਪੱਛਮੀ ਅੰਤਰ-ਦ੍ਰਿਸ਼ਟੀਆਂ ਤੋਂ ਹੀ ਨਹੀਂ ਸਗੋਂ ਪੁਰਾਤਨ ਭਾਰਤੀ ਫਲਸਫੇ ਵਿਚਲੇ ਜੀਵੰਤ ਤੱਤਾਂ ਤੇ ਪਰੰਪਰਾਵਾਂ, ਭਾਰਤੀ ਕਲਾਮਿਕ ਸਾਹਿਤ ਨੂੰ ਵੀ ਨਾਲ ਜੋੜਕੇ ਵੇਖਣ ਦਾ ਹਾਮੀ ਸੀ। ਕਿਉਂਕਿ ਸਾਡੀ ਮਾਨਸਿਕਤਾ ਤੇ ਜੀਵਨ-ਜਾਚ 'ਤੇ ਬੇਸ਼ੱਕ ਪੱਛਮ ਦਾ ਅਸਰ ਬਹੁਤ ਉਘੜਵੇਂ ਰੂਪ ਵਿਚ ਨਜ਼ਰ ਆਉਂਦਾ ਹੈ, ਪਰ ਇਸ ਦੇ ਧੁਰ ਅੰਦਰ ਸਾਡੀਆਂ ਜੜ੍ਹਾਂ ਵਿਚ ਉਹ ਚਿੰਤਨ ਵੀ ਆਪਣੇ ਮਾੜੇ-ਚੰਗੇ ਤੱਤਾਂ ਸਮੇਤ ਕਾਰਜਸ਼ੀਲ ਹੈ ਜੋ ਸਾਡੀ ਅਜੋਕੀ ਮਨੋਸਥਿਤੀ ਨੂੰ ਉਸਾਰਣ ਵਿਚ ਮਹੱਤਵਪੂਰਣ ਰੋਲ ਨਿਭਾਉਂਦਾ ਆ ਰਿਹਾ ਹੈ। ਬੇਸ਼ੱਕ ਅਜੋਕਾ ਮਨੁੱਖ ਪੱਛਮੀ ਗਿਆਨ, ਵਿਗਿਆਨ ਅਤੇ ਚਿੰਤਨ ਆਸਰੇ ਅੱਜ ਦੁਨੀਆਂ ਵਿਚ ਮਾਅਰਕੇ ਮਾਰ ਰਿਹਾ ਹੈ, ਪ੍ਰਾਪਤੀਆਂ ਕਰ ਰਿਹਾ ਹੈ, ਪਰ ਇਸ ਦੇ ਬਾਵਜੂਦ ਉਹ ਆਪਣੇ ਅੰਦਰ ਬੈਠੀ ਜਾਤ-ਪਾਤ ਵਾਲੀ ਵਿਵਸਥਾ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕਿਆ। ਸਗੋਂ ਪਿਛਲੇ ਕੁਝ ਸਮਿਆਂ ਵਿਚ 'ਧਰਮ ਆਧਾਰਿਤ

ਚੇਤਨਾ' ਇਕ ਨਵੇਂ ਰੰਗ-ਰੂਪ'ਚ ਪੇਸ਼ ਹੋ ਰਹੀ ਹੈ।

ਅਜੇਹੇ ਮਾਹੌਲ ਵਿਚ ਚਿੰਤਕਾਂ, ਸਾਹਿਤਕਾਰਾਂ ਦੀ ਸਿਰਫ਼ ਚੁੱਪ ਸਿਰਫ਼ ਚੁੱਪ ਨਹੀਂ ਹੁੰਦੀ, ਸਗੋਂ ਸਹਿਮਤੀ ਵੀ ਹੁੰਦੀ ਹੈ। 'ਪ੍ਰਵਚਨ' ਲਗਾਤਾਰ ਇਸ ਚੁੱਪ ਨੂੰ ਭੰਗ ਕਰਦਾ ਰਿਹਾ ਹੈ ਤੇ ਇਸ ਦੇ ਸਮਾਨਾਂਤਰ ਇਕ ਲੋਕ ਪੱਖੀ ਚਿੰਤਨ ਦੀ ਧਿਰ ਉਸਾਰਨ ਦੀ ਲੋੜ ਨੂੰ ਉਭਾਰਦਾ ਰਿਹਾ ਹੈ। ਇਨ੍ਹਾਂ ਯਤਨਾਂ ਦੀ ਲਗਾਤਾਰਤਾ ਵਿਚੋਂ ਹੀ 'ਪ੍ਰਵਚਨ' ਨੇ ਅਜੋਕੇ ਸਥਾਨ ਨੂੰ ਹਾਸਲ ਕੀਤਾ ਹੈ ਤੇ ਅਸੀਂ ਵੀ ਕੋਸ਼ਿਸ਼ ਕਰਾਂਗੇ ਕਿ 'ਪ੍ਰਵਚਨ' ਤੇ ਰਜਨੀਸ਼ ਦੁਆਰਾ ਖਿੱਚੀ ਇਸ ਚਿੰਤਨ ਦੀ ਲਕੀਰ ਨੂੰ ਹੋਰ ਗੂੜ੍ਹੀ ਤੇ ਲੰਮੇਰੀ ਕਰਦੇ ਰਹੀਏ।

✶✶✶




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਪੰਨੇ, 208 ਕੀਮਤ: 325 ਰੁਪਏ**

# ਤੀਹ ਵਰ੍ਹਿਆਂ ਦੀ ਦੋਸਤੀ, ਨੌਂ ਸਾਲ ਦਾ ਧੁੜਕੂ

**ਸੁਕੀਰਤ**

ਰਜਨੀਸ਼ ਬਹਾਦਰ ਸਿੰਘ ਨਾਲ ਪਹਿਲੀ ਮੁਲਾਕਾਤ ਕਦੋਂ ਤੇ ਕਿੱਥੇ ਹੋਈ, ਕਹਿਣਾ ਮੁਸ਼ਕਲ ਹੈ। ਬਸ ਇਕ ਅੰਦਾਜ਼ਾ ਜਿਹਾ ਹੈ ਕਿ 1992 ਦੇ ਗੇੜ ਵਿਚ ਨਵਾਂ ਜ਼ਮਾਨਾ ਦੇ ਦਫਤਰ ਵਿਚ ਮਿਲੇ ਹੋਵਾਂਗੇ, ਜਦੋਂ ਲੰਮੇ ਪਰਵਾਸ ਵਰ੍ਹਿਆਂ ਮਗਰੋਂ ਮੈਂ ਮੁੜ ਤੋਂ, ਤੇ ਨੇਮ ਨਾਲ ਜਲੰਧਰ ਆਉਣਾ ਸ਼ੁਰੂ ਕੀਤਾ। ਉਦੋਂ ਤਕ ਬਲਬੀਰ (ਪਰਵਾਨਾ) ਤਾਂ ਸੀ ਹੀ ਅਖ਼ਬਾਰ ਦਾ ਹਿੱਸਾ, ਤੇ ਜਸ ਮੰਡ ਨਾਲ ਮੇਰੀ ਦੋਸਤੀ ਰੂਸ ਵਿਚ ਪੜ੍ਹਾਈ ਦੇ ਵਰ੍ਹਿਆਂ ਤੋਂ ਹੀ ਸੀ। ਓਧਰ ਕੁਲਵੰਤ ਸੰਧੂ, ਰਜਨੀਸ਼ ਦਾ ਪੜ੍ਹਿਆਰ ਵੇਲਿਆਂ ਤੋਂ ਆੜ੍ਹੀ ਸੀ। ਸਾਡੇ ਆਪਸੀ ਮੇਲ ਗੇਲ ਨੇ ਪੰਜੌਕੜੀ ਦਾ ਰੂਪ ਕਦੋਂ ਧਾਰਿਆ, ਇਹ ਵੀ ਮਿੱਥ ਸਕਣਾ ਸੌਖਾ ਨਹੀਂ। ਪਰ ਇੱਕੀਵੀਂ ਸਦੀ ਦੇ ਚੜ੍ਹਣ ਤਕ ਸਾਡੀ ਸਾਹਿਤਕ ਤੇ ਵਿਚਾਰਧਾਰਕ ਸਾਂਝ ਇਕ ਜੁੰਡਲੀ ਦਾ ਰੂਪ ਧਾਰ ਚੁਕੀ ਸੀ। 'ਐਤਵਾਰਤਾ' ਦੀ ਰੂਪ ਰੇਖਾ ਹੋਵੇ ਜਾਂ 'ਐਤਵਾਰਤਾ' ਰਾਹੀਂ ਸਦੀ ਦੇ ਪਹਿਲੇ ਦਹਾਕੇ ਵਿਚ ਕਰਾਏ ਗਏ ਸਾਲਾਨਾ ਕਹਾਣੀ ਸਰਵੇਅ, 'ਪ੍ਰਵਚਨ' ਸ਼ੁਰੂ ਕਰਨ ਦਾ ਫੈਸਲਾ ਹੋਵੇ ਜਾਂ ਡਲਹੌਜ਼ੀ ਵਿਚ ਕਹਾਣੀ ਗੋਸ਼ਟੀ ਕਰਨ ਦਾ ਉਪਰਾਲਾ, ਬੀਬੀ ਸਵਰਨ ਕੌਰ ਯਾਦਗਾਰੀ ਪੁਰਸਕਾਰ ਹੋਵੇ ਜਾਂ ਆਨੰਦ ਜੋੜੀ ਪੁਰਸਕਾਰ, ਅਜੇਹੇ ਨਿਰਣੇ ਲੈਣ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਣ ਵਿਚ ਇਨ੍ਹਾਂ ਪੰਜੇ ਸਿਪਾਹੀਆਂ ਦਾ ਯੋਗਦਾਨ ਹਰ ਵੇਲੇ ਰਿਹਾ। ਵੱਖੋ ਵੱਖ ਸਰਗਰਮੀਆਂ ਵਿਚ ਜਰਨੈਲ ਭਾਵੇਂ ਪੰਜਾਂ ਵਿਚੋਂ ਕੋਈ ਵੀ ਇਕ ਰਿਹਾ ਹੋਵੇ, ਘਾਲਣਾ ਇਨ੍ਹਾਂ ਉਪਰਾਲਿਆਂ ਵਿਚ ਕਿਸੇ ਥਾਂ ਘਟ, ਤੇ ਕਿਸੇ ਥਾਂ ਵੱਧ ਹਰ ਇਕ ਦੀ ਰਹੀ।

ਰਜਨੀਸ਼ ਏਸ ਟੋਲੀ ਦਾ ਸਭ ਤੋਂ ਉੱਘੜਵਾਂ, ਸਭ ਤੋਂ ਸਪਸ਼ਟਵਾਦੀ ਤੇ ਸਭ ਤੋਂ ਸਰਗਰਮ ਮੈਂਬਰ ਸੀ । ਇਹ ਗੱਲ ਮੈਂ ਰਜਨੀਸ਼ ਦੇ ਤੁਰ ਜਾਣ ਉਪਰੰਤ ਕਿਸੇ ਵਕਤੀ ਭਾਵੁਕਤਾ ਵਿਚ ਵਹਿ ਕੇ ਨਹੀਂ ਲਿਖ ਰਿਹਾ, ਇਸ ਗੱਲ ਦਾ ਅਹਿਸਾਸ ਮੈਨੂੰ ਉਸਦੇ ਜਿਉਂਦਿਆਂ ਵੀ ਸੀ। 'ਜੁੰਡਲੀ' ਵੀ ਮੈਂ ਇਸ ਸ਼ਬਦ ਦੇ ਤਕਰੀਬਨ ਗੁਆਚ ਚੁਕੇ ਹਾਂਦਰੂ ਅਰਥਾਂ ਵਿਚ ਵਰਤ ਰਿਹਾ ਹਾਂ। ਪੰਜਾਬੀ ਸਾਹਿਤ ਦੇ ਗੰਧਲੇ, ਗੁਟਬਾਜ਼ੀਆਨਾ ਮਾਹੌਲ ਵਿਚ ਸਾਡੀ ਟੋਲੀ ਵੱਲੋਂ ਵਿੱਢਿਆ ਗਿਆ ਹਰ ਉਪਰਾਲਾ ਚੇਤੰਨ ਤੌਰ 'ਤੇ ਹਰ ਪੱਖਪਾਤ ਤੋਂ ਅਟੰਕ ਰਹਿ ਕੇ ਕੰਮ ਕਰਨ ਦੀ ਕੋਸ਼ਿਸ਼ ਸੀ। ਇਹ ਗੱਲ ਨਹੀਂ ਕਿ ਇਸ ਜੁੰਡਲੀ ਵਿਚਕਾਰ ਹਰ ਗੱਲ ਉੱਤੇ ਹਮੇਸ਼ਾ ਪੂਰਨ ਸਹਿਮਤੀ ਰਹਿੰਦੀ ਸੀ। ਆਪੋ ਆਪਣੀ ਥਾਂ ਅਸੀਂ ਸਾਰੇ ਤਿੱਖੀਆਂ ਧਾਰਨਾਵਾਂ ਤੇ ਅੜੀਅਲ ਸੁਭਾਵਾਂ ਵਾਲੇ ਸਾਂ; ਜਿਹੜੀ ਗੱਲ ਸਭ ਤੋਂ ਵਧ ਰਜਨੀਸ਼ ਅਤੇ ਮੇਰੇ ਉੱਤੇ ਹੀ ਢੁਕਦੀ ਹੈ। ਪਰ ਇਸ ਦੇ ਬਾਵਜੂਦ ਬਹਿਸ ਰਾਹੀਂ ਆਪਸੀ ਸਹਿਮਤੀ ਬਣਾ ਕੇ ਹੀ ਅੱਗੇ ਤੁਰਦੇ ਸਾਂ।

ਰਜਨੀਸ਼ ਦੀ ਮਿਕਨਾਤੀਸੀ ਸ਼ਖ਼ਸੀਅਤ ਸਾਡੀ ਮਿੱਤਰ ਮੰਡਲੀ ਦਾ ਧੁਰਾ ਸੀ, ਜਿਸ ਦੇ ਦੁਆਲੇ ਅਸੀਂ ਉਪਗ੍ਰਹਿ ਵਾਂਗ ਘੁੰਮ ਰਹੇ ਸਾਂ। ਕੋਈ ਵਧੇਰੇ ਨੇੜੇ ਹੋ ਕੇ, ਤੇ ਕੋਈ ਰਤਾ ਦੁਰੇਡਲੇ ਗ੍ਰਹਿ ਪਥ ਤੋਂ, ਪਰ ਕਾਰਜ ਮੰਡਲ ਸਾਂਝਾ ਸੀ। ਮੈਨੂੰ, ਹਰ ਜੱਥੇਬੰਦਕ ਸਾਹਿਤਕ ਸਰਗਰਮੀ ਤੋਂ ਦੂਰ ਰਹੇ ਬੰਦੇ ਨੂੰ, ਅਜੋਕੇ ਪੰਜਾਬੀ ਅਦਬੀ ਮਾਹੌਲ ਦੀ ਕਦੇ ਸਮਝ ਨਹੀਂ ਸੀ ਪੈਣੀ ਜੇਕਰ ਮੈਂ

ਇਸ ਕਾਰਜ ਮੰਡਲ ਦਾ ਹਿੱਸਾ ਨਾ ਹੁੰਦਾ। ਕਹਿੰਦੇ ਹਨ ਅਧੇੜ ਉਮਰੇ ਦੋਸਤੀਆਂ ਬਣਾਉਣੀਆਂ ਔਖੀਆਂ ਹੁੰਦੀਆਂ ਹਨ, ਪਰ ਸਰਗਰਮੀਆਂ ਦੇ ਅਧਾਰ 'ਤੇ ਉਸਰੀ ਸਾਡੀ ਜਾਣ ਪਛਾਣ ਸਮਾਂ ਪਾ ਕੇ ਡੂੰਘੀ ਦੋਸਤੀ ਵਿਚ ਤਬਦੀਲ ਹੋ ਗਈ। ਹੁਣ ਅਸੀਂ ਇਕ ਦੂਜੇ ਨਾਲ ਉਹੋ ਜਿਹੀਆਂ ਖੁਲ੍ਹਾਂ ਵੀ ਲੈ ਲੈਂਦੇ ਸਾਂ, ਜਿਨ੍ਹਾਂ ਦੀ ਇਜਾਜ਼ਤ ਆਮ ਤੌਰ 'ਤੇ ਸਿਰਫ ਬਚਪਨ ਤੋਂ ਤੁਰੀਆਂ ਆਉਂਦੀਆਂ ਦੋਸਤੀਆਂ ਹੀ ਦੇ ਸਕਦੀਆਂ ਹਨ। ਪਰਿਵਾਰਕ ਦੁਖ-ਸੁਖ ਵੀ ਸਾਂਝੇ ਹੋਣ ਲੱਗ ਪਏ। ਸਦੀ ਦੇ ਪਹਿਲੇ ਦਹਾਕੇ ਦਾ ਦੂਜਾ ਅੱਧ ਸਾਡੇ ਦੋਹਾਂ ਲਈ ਪਰਿਵਾਰਕ ਤ੍ਰਾਸਦੀਆਂ ਅਤੇ ਉਨ੍ਹਾਂ ਤੋਂ ਪੈਦਾ ਹੋਣ ਵਾਲੀਆਂ ਔਖਿਆਈਆਂ ਨਾਲ ਲੈ ਕੇ ਆਇਆ। 2007 ਵਿਚ ਰਜਨੀਸ਼ ਦੀ ਜੀਵਨ ਸਾਥਣ ਉਸਦਾ ਸਾਥ ਛੱਡ ਗਈ, ਉਸ ਵੇਲੇ ਸਾਰਾ ( ਧੀ ) ਬਿਲਕੁਲ ਬਾਲੜੀ ਸੀ ਤੇ ਪੁੱਤਰ ਸ਼ੈਂਕੀ (ਰਾਹੁਲ) ਸਕੂਲ ਜਾਂਦਾ ਬੱਚਾ। ਓਸੇ ਸਾਲ ਮੇਰੇ ਪਿਤਾ ( ਜਗਜੀਤ ਸਿੰਘ ਆਨੰਦ) ਦੇ ਤੇਜ਼ੀ ਨਾਲ ਘਟ ਰਹੇ ਚੇਤੇ ਦੀ ਅਲਜ਼ਾਈਮਰ ਦੇ ਰੋਗ ਵਜੋਂ ਨਿਸ਼ਾਨਦੇਹੀ ਹੋਈ ਤੇ ਅਗਲੇ ਹੀ ਸਾਲ ਮੇਰੇ ਅੰਮੀ ( ਉਰਮਿਲਾ ਆਨੰਦ) ਚੂਲ੍ਹਾ ਤੁੜਾ ਕੇ ਮੰਜੇ ਜੋਗੇ ਹੋ ਕੇ ਰਹਿ ਗਏ। ਪਰ ਸਾਡੀਆਂ ਮੁਲਾਕਾਤਾਂ ਨੇਮ ਨਾਲ ਹੁੰਦੀਆਂ ਰਹੀਆਂ, ਬਹੁਤੀ ਵਾਰ ਨਵਾਂ ਜ਼ਮਾਨਾ ਦੇ ਦਫਤਰ, ਪਰ ਮਹੀਨੇ ਵਿਚ ਇਕ ਅੱਧਾ ਚਕਰ ਬਜ਼ੁਰਗਾਂ ਦੀ ਮਿਜ਼ਾਜ ਪੁਰਸ਼ੀ ਲਈ ਰਜਨੀਸ਼ ਘਰ ਦਾ ਵੀ ਜ਼ਰੂਰ ਗੇੜਾ ਮਾਰ ਜਾਂਦਾ ਸੀ।

ਕਾਲਜ ਦੀ ਨੌਕਰੀ, ਘਰ ਦੀਆਂ ਅਚਾਨਕ ਵਧ ਚੁੱਕੀਆਂ ਜ਼ਿੰਮੇਵਾਰੀਆਂ ਤੇ 'ਪ੍ਰਵਚਨ' ਕੱਢਣ ਨਾਲ ਜੁੜੇ ਖਲਜਗਣਾਂ ਦੇ ਬਾਵਜੂਦ ਰਜਨੀਸ਼ ਆਪਣੀਆਂ ਸਾਹਿਤਕ ਤੇ ਪਾਰਟੀ ਸਰਗਰਮੀਆਂ ਲਈ ਸਮਾਂ ਕਿਵੇਂ ਕੱਢ ਲੈਂਦਾ ਸੀ, ਹਰ ਥਾਂ ਕਿਵੇਂ ਪਹੁੰਚ ਜਾਂਦਾ ਸੀ, ਮੈਨੂੰ ਇਹ ਦੇਖ ਕੇ ਅਚੰਭਾ ਹੁੰਦਾ ਸੀ। ਉਸਨੇ ਪਛੇਤੀ ਉਮਰੇ ਆ ਕੇ ਕਾਰ ਖਰੀਦੀ, ਤੇ ਗੱਡੀ ਚਲਾਣੀ ਸਿੱਖੀ, ਤੇ ਦੋ ਚਾਰ ਬੱਤੀ- ਤੋੜੂ, ਚਿੱਬ-ਮਾਰੂ ਨਿੱਕੇ ਨਿੱਕੇ ਬਦ-ਤਜਰਬਿਆਂ ਤੋਂ ਬਾਅਦ ਚੰਗਾ ਮੁਸਤੈਦ ਡਰਾਈਵਰ ਹੋ ਗਿਆ। ਕਦੇ ਨਿਚਲਿਆਂ ਨਾ ਬੈਠਣ ਵਾਲੇ ਰਜਨੀਸ਼ ਦੇ ਪੈਰਾਂ ਨੂੰ ਹੁਣ ਪਹੀਏ ਵੀ ਲਗ ਗਏ ਸਨ।

ਫਰਵਰੀ 2012 ਦੇ ਅੰਤਲੇ, ਜਾਂ ਮਾਰਚ ਦੇ ਸ਼ੁਰੂਆਤੀ ਦਿਨਾਂ ਦੀ ਗੱਲ ਹੈ: ਖਬਰ ਮਿਲੀ ਕਿ ਰਜਨੀਸ਼ ਨੂੰ ਰਾਤ ਸਾਹ ਦੀ ਤਕਲੀਫ਼ ਹੋਈ ਸੀ ਤੇ ਉਸਦੇ ਸਹਿਕਰਮੀ ਉਸਨੂੰ ਡਾ. ਜੋਸ਼ੀ ਦੇ ਹਸਪਤਾਲ ਲੈ ਗਏ। ਹੁਣ ਡੂੰਘੀ ਦੇਖਭਾਲ (ਇਨਟੈਂਸਿਵ ਕੇਅਰ) ਯੂਨਿਟ ਵਿਚ ਹੈ। ਦੋ ਦਿਨ ਮਗਰੋਂ ਉਸਦੀ ਐਨਜਿਓਗ੍ਰਾਫੀ ਹੋਈ। ਉਦੋਂ ਤੀਕ ਪਿੰਡ ਤੋਂ ਉਸਦਾ ਇਕ ਵੀਰ ਵੀ ਆ ਚੁੱਕਾ ਸੀ। ਪਰ ਜਦੋਂ ਡਾਕਟਰ ਨੇ ਨਤੀਜੇ ਦਾ ਖੁਲਾਸਾ ਕਰ ਕੇ ਦੱਸਣਾ ਸੀ, ਅੰਦਰ ਜਸ ਮੰਡ ਤੇ ਮੈਨੂੰ ਭੇਜਿਆ ਗਿਆ। ਜੋ ਕੁਝ ਉਸਨੇ ਦਸਿਆ ਉਹ ਹੋਸ਼ ਉਡਾਉਣ ਵਾਲਾ ਸੀ: ਮਰੀਜ਼ ਦੇ ਦਿਲ ਦੀ ਹਾਲਤ ਬਹੁਤ ਮਾੜੀ ਹੈ, ਤਕਰੀਬਨ ਸਾਰੀਆਂ ਨਸਾਂ ਵਿਚ ਰੋਕ ਮੌਜੂਦ ਹੈ, ਲੋੜ ਤਾਂ ਉਪਰੇਸ਼ਨ ਦੀ ਹੈ, ਪਰ ਹਾਲਤ ਏਨੀ ਪਤਲੀ ਹੈ ਕਿ ਉਹ ਵੀ ਨਹੀਂ ਹੋ ਸਕਦਾ। ਹੁਣ ਦਵਾਈਆਂ ਦੇ ਆਸਰੇ ਹੀ ਜੀਣਾ ਪਵੇਗਾ ਤੇ ਬਹੁਤ ਇਹਤਿਆਤ ਵਰਤਣੀ ਹੋਵੇਗੀ। ਮਰੀਜ਼ ਵੱਧ ਤੋਂ ਵੱਧ ਦੋ ਸਾਲ ਦਾ ਮਹਿਮਾਨ ਹੈ।

ਅਸੀ ਸਕਤੇ ਵਿਚ ਸਾਂ, ਦੋ ਸਾਲ ਵਾਲੀ ਗੱਲ ਸਜ਼ਾਏ ਮੌਤ ਸੁਨਾਣ ਦੇ ਤੁਲ ਜਾਪੀ।

ਕਦੇ ਕਿਸੇ ਡਾਕਟਰ ਨੂੰ ਏਨਾ ਅਚੂਕ ਫਤਵਾ ਦੇਂਦਿਆਂ ਨਹੀਂ ਸੀ ਦੇਖਿਆ। ਅਸਾਂ ਦੋਹਾਂ ਓਸੇ ਵੇਲੇ ਫ਼ੈਸਲਾ ਕੀਤਾ ਕਿ ਕਿਸੇ ਦੂਜੇ ਡਾਕਟਰ ਦੀ ਵੀ ਰਾਏ ਲਵਾਂਗੇ ਤੇ ਹਾਲੇ ਇਹ ਦੋ ਸਾਲ ਵਾਲੀ ਸਾਡੇ ਦਰਮਿਆਨ ਹੀ ਰਹੇਗੀ, ਨਾ ਰਜਨੀਸ਼ ਦੇ ਵੀਰ ਨੂੰ ਦੱਸਣੀ ਹੈ, ਤੇ ਨਾ ਹੀ ਪਰਵਾਨੇ ਤੇ ਕੁਲਵੰਤ ਨੂੰ। ਬਾਹਰ ਆ ਕੇ ਅਸੀਂ ਸਿਰਫ ਦਿਲ ਦੀ ਹਾਲਤ ਮਾੜੀ ਹੋਣ ਤੇ ਬਹੁਤ ਇਹਤਿਆਤ ਵਰਤਣ ਦੀ ਲੋੜ ਤੇ ਹੀ ਜ਼ੋਰ ਦਿਤਾ, ਬਾਕੀ ਦੀ ਗੱਲ ਗੋਲ ਕਰ ਗਏ।

ਮੇਰੀ ਸਕੂਲ ਵੇਲਿਆਂ ਦੀ ਇਕ ਦੋਸਤ ਅਮਰੀਕਾ ਦੇ ਸ਼ਹਿਰ ਕਲੀਵਲੈਂਡ ਰਹਿੰਦੀ ਹੈ ਤੇ ਉਸਦਾ ਪਤੀ ਹਿਰਦੇ ਰੋਗ ਮਾਹਰ ਹੈ । ਕਿਸੇ ਤਰ੍ਹਾਂ ਐਨਜਿਓਗ੍ਰਾਫੀ ਦੀ ਫ਼ਿਲਮ ਕਢਾ ਕੇ (ਡਾਕਟਰ ਜਾਂ ਹਸਪਤਾਲ ਆਮ ਤੌਰ ਤੇ ਨਤੀਜਿਆਂ ਦਾ ਖੁਲਾਸਾ ਹੀ ਲਿਖਤੀ ਰੂਪ ਵਿਚ ਦੇਂਦੇ ਹਨ, ਫਿਲਮ ਦੀ ਸੀ.ਡੀ. ਮੁਹੱਈਆ ਕਰਨ ਤੋਂ ਗੁਰੇਜ਼ ਕਰਦੇ ਹਨ) ਰਾਏ ਲੈਣ ਲਈ ਉਸਨੂੰ ਵੀ ਭੇਜ ਦਿਤੀ।

ਓਧਰ ਮੇਰੇ ਅੰਮੀ ਆਪਣੀ ਜ਼ਿੰਦਗੀ ਦੇ ਬਿਲਕੁਲ ਅੰਤਮ ਪੜਾਅ 'ਤੇ ਸਨ। 14 ਮਾਰਚ ਨੂੰ, ਰਜਨੀਸ਼ ਦੇ ਹਸਪਤਾਲੋਂ ਨਿਕਲਣ ਤੋਂ ਕੁਝ ਹੀ ਦਿਨਾਂ ਬਾਅਦ ਉਹ ਪੂਰੇ ਹੋ ਗਏ। ਰਜਨੀਸ਼ ਨਾ ਸਿਰਫ ਅੰਤਮ ਰਸਮਾਂ ਵੇਲੇ ਮੌਜੂਦ ਸੀ, ਉਸਨੇ ਇਹ ਵੀ ਪੁੱਛਿਆ ਕਿ ਫੁੱਲ ਚੁਗਣ ਕਦੋਂ ਜਾਣਾ ਹੈ। "ਤੇਰੇ ਆਣ ਦੀ ਕੋਈ ਲੋੜ ਨਹੀਂ", ਉਸਦੀ ਸਿਹਤ ਬਾਰੇ ਅੰਦਰ ਦੱਬ ਕੇ ਰੱਖੇ ਤੌਖਲੇ ਨੇ ਮੇਰੇ ਲਹਿਜ਼ੇ ਵਿਚ ਅਜਿਹੀ ਦ੍ਰਿੜਤਾ ਭਰ ਦਿਤੀ ਜੋ ਸੁਣਨ ਵਾਲੇ ਨੂੰ ਕੁਰਖ਼ਤ ਵੀ ਜਾਪ ਸਕਦੀ ਸੀ। ਰਜਨੀਸ਼ ਮੇਰੇ ਨਾਲ ਕਿਸੇ ਬਹਿਸ ਵਿਚ ਨਾ ਪਿਆ (ਮੇਰੇ ਅੜੀਅਲ ਸੁਭਾਅ ਨੂੰ ਦੇਖਕੇ, ਇਕ ਪੜਾਅ 'ਤੇ ਆ ਕੇ ਉਹ ਹੋਰ ਬਹਿਸ ਵਿਚ ਨਾ ਪੈਣ ਦਾ ਪੈਂਤੜਾ ਉਹ ਹਮੇਸ਼ਾ ਵਰਤਦਾ ਸੀ) ਪਰ ਫੁੱਲ ਚੁਗਣ ਵਾਲੇ ਦਿਨ 'ਸੰਸਕਾਰੀ' ਰਜਨੀਸ਼ ਸਵੇਰੇ ਸਵੇਰੇ ਚਿੱਟੇ ਕੁੜਤੇ ਪਜਾਮੇ ਵਿਚ ਸਭ ਤੋਂ ਪਹਿਲਾਂ ਹਾਜ਼ਰ ਸੀ। ਬਾਅਦ ਵਿਚ ( ਉਦੋਂ ਹੀ ਨਹੀਂ, ਅਗਲੇ ਸਾਲਾਂ ਵਿਚ ਕਈ ਵਾਰ ਫੇਰ) ਮੈਨੂੰ ਸੋਚਣਾ ਪਿਆ ਕਿ ਜੇਕਰ ਉਸਦੀ ਜ਼ਿੰਦਗੀ ਦੀ ਡੋਰ ਬਹੁਤੀ ਲੰਮੀ ਨਹੀਂ ਤਾਂ ਇਸਦਾ ਇਹ ਮਤਲਬ ਤਾਂ ਨਹੀਂ ਕਿ ਉਹ ਸਭ ਕੁਝ ਛਡ ਕੇ ਘਰ ਹੀ ਬਹਿ ਜਾਵੇ।

ਕੁਝ ਚਿਰ ਮਗਰੋਂ ਕਲੀਵਲੈਂਡ ਤੋਂ ਵੀ ਰਾਏ ਮਿਲ ਗਈ: ਮਰੀਜ਼ ਦੇ ਦਿਲ ਦੀ ਹਾਲਤ ਮਾੜੀ ਹੈ, ਪਰ ਇਹੋ ਜਿਹੀ ਗੱਲ ਵੀ ਨਹੀਂ ਕਿ ਦੋ ਸਾਲ ਹੀ ਕੱਢ ਸਕੇਗਾ। ਜੇਕਰ ਭਾਰਤ ਵਿਚ ਏਨਾ ਔਖਾ ਆਪ੍ਰੇਸ਼ਨ ਸੰਭਵ ਨਹੀਂ, ਤਾਂ ਵੀ ਦਵਾ-ਪਰਬੰਧ ਅਤੇ ਇਹਤਿਆਤ ਵਰਤਣ ਨਾਲ ਉਸਦੀ ਜ਼ਿੰਦਗੀ ਦੀ ਮਿਆਦ ਵਧਾਈ ਜਾ ਸਕਦੀ ਹੈ। ਪਹਿਲੇ ਡਾਕਟਰ ਦੇ ਡਰਾਊ ਫਤਵੇ ਤੋਂ ਬਾਅਦ ਅਮਰੀਕੀ ਡਾਕਟਰ ਦਾ ਇਹੋ ਜਿਹਾ ਨਿਚੋੜ ਵੀ ਸਾਨੂੰ ਆਸ-ਵਧਾਊ ਜਾਪਿਆ ਤੇ ਅਸੀਂ ਸੁਖ ਦਾ ਸਾਹ ਲਿਆ।

ਰਜਨੀਸ਼ ਨੇ ਡਾਕਟਰੀ ਹਿਦਾਇਤ ਮੁਤਾਬਕ ਕਈ ਗੱਲਾਂ 'ਤੇ ਅਮਲ ਕਰਨ ਵਿਚ ਦੇਰ ਨਾ ਲਾਈ। ਸਿਗਰਟ ਫੌਰਨ ਛੱਡ ਦਿੱਤੀ, ਸ਼ਰਾਬ ਵੀ ਕਦੇ ਕਦਾਈਂ, ਤੇ ਉਹ ਵੀ ਇਕ ਪੈੱਗ ਤੋਂ ਵੱਧ ਨਹੀਂ, ਯੋਗ ਅਭਿਆਸ ਸ਼ੁਰੂ ਕਰ ਦਿਤਾ। ਉਸਦੇ ਏਨੀ ਤੇਜ਼ੀ ਨਾਲ ਆਪਣੀ ਜੀਵਨ ਜਾਚ ਨੂੰ ਬਦਲ ਲੈਣ ਨਾਲ ਤਸੱਲੀ ਹੁੰਦੀ ਸੀ, ਸਿਰਫ ਇਕ ਗੱਲ ਸੀ ਜਿਸ ਬਾਰੇ ਵਾਰ ਵਾਰ ਤੇ

ਲਗਾਤਾਰ ਇਸਰਾਰ ਕਰਨ ਦੇ ਮੈਂ ਉਸਨੂੰ ਕਦੇ ਨਾ ਮਨਾ ਸਕਿਆ। ਪਤਨੀ ਵਿਹੂਣੇ ਰਜਨੀਸ਼ ਦਾ ਘਰ ਸੁਘੜ ਹੱਥਾਂ ਦੀ ਛੋਹ ਮੰਗਦਾ ਸੀ। ਘਰ ਅਤੇ ਉਸਦੀ ਸਾਫ ਸਫਾਈ ਨੂੰ ਟਿਚਨ ਰਖਣ ਲਈ ਵੀ ਅਤੇ ਰਜਨੀਸ਼ ਨੂੰ ਨੇਮਬੱਧ ਰੂਪ ਵਿਚ ਪੌਸ਼ਟਿਕ ਖ਼ੁਰਾਕ ਮੁਹੱਈਆ ਕਰਨ ਲਈ ਵੀ। ਉਹ ਸਿਰਫ ਦਿਲ ਦਾ ਮਰੀਜ਼ ਹੀ ਨਹੀਂ ਸੀ, ਸ਼ੂਗਰ ਤੋਂ ਵੀ ਪੀੜਤ ਸੀ। ਵੇਲੇ ਸਿਰ, ਸਾਫ ਸੁਥਰੀ ਰੋਟੀ ਖਾਣਾ ਉਸ ਲਈ ਓਨਾ ਹੀ ਜ਼ਰੂਰੀ ਸੀ, ਜਿੰਨਾ ਦਵਾਈਆਂ ਦਾ ਰੋਜ਼ਾਨਾ ਸੇਵਨ। ਘੰਟੇ, ਦੋ ਘੰਟੇ ਲਈ ਕੰਮ ’ਤੇ ਆਣ ਵਾਲੀਆਂ ਮਾਈਆਂ ਜਾਂ ਉਸਦੀ ਬਿਰਧ ਮਾਤਾ ਦੀਆਂ ਪਿੰਡੋਂ ਥੋੜ੍ਹ ਚਿਰੀਆਂ ਫੇਰੀਆਂ ਇਸ ਸਥਾਈ ਲੋੜ ਨੂੰ ਪੂਰਾ ਨਹੀਂ ਸਨ ਕਰ ਸਕਦੀਆਂ। ਮੈਂ ਉਸਦੇ ਬੀਮਾਰ ਹੋਣ ਦੇ ਪਹਿਲੇ ਦਿਨਾਂ ਤੋਂ ਹੀ ਇਸਰਾਰ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਆਪਣੇ ਘਰ ਦਾ ਉਤਲਾ ਹਿੱਸਾ ਕਿਸੇ ਲੋੜਵੰਦ ਜੋੜੇ ਨੂੰ ਬਿਨਾਂ ਕਿਰਾਏ ’ਤੇ ਦੇ ਦੇਵੇ। ਆਦਮੀ ਕੰਮ ’ਤੇ ਜਾਣ ਵਾਲਾ ਹੋਵੇ, ਤੇ ਔਰਤ ਸਾਰੇ ਘਰ ਦੀ ਸਾਫ-ਸਫਾਈ ਤੇ ਰਜਨੀਸ਼ ਦੀ ਰੋਟੀ ਲਈ ਜ਼ਿੰਮੇਵਾਰ ਹੋਵੇ। ਰਜਨੀਸ਼ ਉਸਨੂੰ ਬਣਦਾ ਮਿਹਨਤਾਨਾ ਵੀ ਦੇ ਦੇਵੇ। ਪਰ ਮੇਰੇ ਇਸ ਸੁਝਾਅ ਨੂੰ ਸ਼ੁਰੂਆਤੀ ਸਾਲਾਂ ਵਿਚ ਕਿਸੇ ਵੀ ਨਾ ਗੌਲਿਆ। ਰਜਨੀਸ਼ ਨੂੰ ਤੇ ਸ਼ਾਇਦ ਬਾਕੀਆਂ ਨੂੰ ਵੀ ਜਾਪਿਆ ਕਿ ਇਸ ਤਰ੍ਹਾਂ ਨਾਲ ਉਸਦੀ ਨਿਜੀ ਜ਼ਿੰਦਗੀ ਵਿਚ ਖਲਲ ਪਵੇਗਾ। ਉਂਜ ਵੀ ਰਜਨੀਸ਼ ਦਾ ਤੋਰਾ ਫੇਰਾ ਕਾਫੀ ਸੀ, ਤੇ ਉਤਲੇ ਹਿੱਸੇ ਨੂੰ ਪੌੜੀਆਂ ਵੀ ਘਰ ਦੇ ਅੰਦਰੋਂ ਜਾਂਦੀਆਂ ਸਨ। ਕਿਸੇ ਭਰੋਸੇਯੋਗ ਪਰਿਵਾਰ ਨੂੰ ਲੱਭਣਾ, ਜਿਸ ਨੂੰ ਘਰ ਦੀ ਜ਼ਿੰਮੇਵਾਰੀ ਨਿਸਚਿੰਤ ਹੋ ਕੇ ਦਿੱਤੀ ਜਾ ਸਕੇ, ਸੌਖਾ ਨਹੀਂ ਸੀ। ਮਹੀਨੇ ਇੰਜ ਹੀ ਲੰਘਦੇ ਗਏ ਤੇ ਸਾਲਾਂ ਵਿਚ ਤਬਦੀਲ ਹੁੰਦੇ ਰਹੇ। ਰਜਨੀਸ਼ ਦਾ ਭਾਰ ਜ਼ਰੂਰ ਘਟ ਗਿਆ ਸੀ, ਪਰ ਬੋਲਾਂ ਦੀ ਗੜ੍ਹਕ ਤੇ ਵਿਹਾਰ ਦੀ ਮੜ੍ਹਕ ਵਿਚ ਕੋਈ ਫਰਕ ਨਹੀਂ ਸੀ ਪਿਆ। 2017 ਵਿਚ ਨੌਕਰੀ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਉਸਦੀਆਂ ਸਰਗਰਮੀਆਂ ਘਟਣ ਦੀ ਬਜਾਏ ਹੋਰ ਵਧ ਗਈਆਂ। ਉਸਨੇ ਨੇਮ ਨਾਲ ‘ਨਵਾਂ ਜ਼ਮਾਨਾ’ ਦੇ ਦਫਤਰ ਆਣਾ ਸ਼ੁਰੂ ਕਰ ਦਿਤਾ, ‘ਪ੍ਰਵਚਨ’ ਨੂੰ ਬਿਹਤਰ ਕਰਨ ਲਈ ਨਵੀਂਆਂ ਵਿਓਂਤਬੰਦੀਆਂ ਕਰਨ ਲੱਗ ਪਿਆ। ਹੌਲੀ ਹੌਲੀ ਮੈਨੂੰ ਵੀ ਲੱਗਣ ਲੱਗ ਪਿਆ ਕਿ ਜੋ ਕੁਝ 2013 ਵਿਚ ਹੋਇਆ ਸੀ, ਕੋਈ ਭੈੜਾ ਸੁਪਨਾ ਜੋ ਹੁਣ ਮੁੜ ਨਹੀਂ ਆਉਣ ਲੱਗਾ। ਆਸ ਦੀ ਚਿਲਕੋਰ ਕਈ ਵਾਰ ਏਨੀ ਚੁੰਧਿਆਊ ਹੁੰਦੀ ਹੈ ਕਿ ਪਿਛੋਕੜ ਵਿਚ ਪਲਮਦਾ ਹਨੇਰਾ ਅੱਖਾਂ ਦੇਖ ਹੀ ਨਹੀਂ ਸਕਦੀਆਂ ਪਰ ਕਿੰਨੀ ਕੁ ਦੇਰ ?

ਸ਼ਾਇਦ 2018 ਦੀ ਗੱਲ ਹੈ। ਅਕਤੂਬਰ ਵਿਚ ਡਲਹੌਜ਼ੀ ‘ਪ੍ਰਵਚਨ’ ਦੀ ਸਾਲਾਨਾ ਗੋਸ਼ਟੀ ਹੋਣੀ ਸੀ। ਸਵੇਰੇ ਜਲੰਧਰੋਂ ਨਿਕਲੇ, ਪਰ ਰਾਹ ਵਿਚ ਮੁਕੇਰੀਆਂ ਦੇ ਨੇੜੇ ਪੈਂਦੇ ਜਨਮੀਤ ਦੇ ਪਿੰਡ ਰੁਕੇ। ਓਥੋਂ ਦੁਪਹਿਰ ਦੀ ਰੋਟੀ ਖਾ ਕੇ ਨਿਕਲੇ, ਪਰ ਪਠਾਨਕੋਟ ਵਾਲੇ ਆਮ ਰੂਟ ਦੀ ਥਾਂ ਨੂਰਪੁਰ ਵਾਲੇ ਪਾਸਿਓਂ ਦੂਜੇ ਰਾਹ ਰਾਹੀਂ ਡਲਹੌਜ਼ੀ ਗਏ। ਰਾਹ ਵਿਚ ਰਜਨੀਸ਼ ਦੀ ਤਬੀਅਤ ਖਰਾਬ ਹੋ ਗਈ। ਦੋ ਤਿੰਨ ਵਾਰ ਰੁਕ ਕੇ ਉਲਟੀਆਂ ਕੀਤੀਆਂ। ਜਿਵੇਂ ਕਿਵੇਂ ਡਲਹੌਜ਼ੀ ਪਹੁੰਚੇ, ਉਦੋਂ ਤਕ ਉਸਨੂੰ ਬੁਖਾਰ ਵੀ ਸੀ। ਸਭ ਨੇ ਸੋਚਿਆ ਕੁਝ ਵਧ ਘਟ ਖਾਧਾ ਗਿਆ ਹੋਣਾ ਤੇ ਠੰਡ ਲਗ ਗਈ ਹੋਣੀ ਹੈ, ਇਹ ਰਾਹ ਵੀ ਕੁਝ ਔਝੜਾ ਸੀ। ਪਰ ਮੇਰੇ ਅੰਦਰ ਦੱਬੇ ਹੋਏ ਸੰਸੇ ਫੇਰ ਜਾਗ ਪਏ। ਸਾਰਿਆਂ ਨੇ ਸਵੇਰ ਤੋਂ ਸਭ ਕੁਝ ਇਕੱਠਿਆਂ ਛਕਿਆ ਹੈ, ਕੋਈ ਬਦਪਰਹੇਜ਼ੀ ਵੀ ਨਹੀਂ

ਹੋਈ... ਫੇਰ ਰਜਨੀਸ਼ ਦੀ ਤਬੀਅਤ ਏਨੀ ਕਿਓਂ ਵਿਗੜ ਗਈ!

ਰਾਤ ਫੋਨ ਤੇ ਗੂਗਲ ਖੋਜਾਂ ਮਾਰ ਮਾਰ ਕੇ ਮੈਂ ਦਿਲ ਦੇ ਰੋਗੀਆਂ ਬਾਰੇ ਆਪਣੇ ਗਿਆਨ ਵਿਚ ਵਾਧਾ ਕਰਦਾ ਰਿਹਾ। ਡਾਕਟਰ ਤਾਂ ਨਹੀਂ ਹਾਂ ਪਰ ਡਾਕਟਰੀ ਦੀ ਤਕਨੀਕੀ ਸ਼ਬਦਾਵਲੀ ਦਾ ਔਸਤ ਲੋਕਾਂ ਦੇ ਮੁਕਾਬਲੇ ਕਿਤੇ ਵਧ ਗਿਆਨ ਹੋਣ ਕਾਰਨ, ਉਸ ਜਾਣਕਾਰੀ ਵਿਚ ਵੀ ਡੂੰਘੇਰਾ ਚਲਾ ਜਾਂਦਾ ਹਾਂ ਜੋ ਗ਼ੈਰ-ਡਾਕਟਰਾਂ ਲਈ ਨਹੀਂ ਹੁੰਦੀ। ਮੇਰੀ ਇਸ ਕਚਘਰੜ ਖੋਜ ਦਾ ਤੱਤ ਸਾਰ ਇਹ ਸੀ ਕਿ ਰੋਗੀ ਦਿਲ ਵਾਲਿਆਂ ਲਈ ਨਾ ਤਾਂ ਠੰਡ ਚੰਗੀ ਹੈ, ਤੇ ਨਾ ਹੀ ਪਹਾੜਾਂ ਦੀ ਉਚਾਈ, ਕਿਉਂਕਿ ਸਾਹ ਲੈਣ ਦੀ ਕਿਰਿਆ ਵਧੇਰੇ ਔਖੀ ਹੋ ਜਾਂਦੀ ਹੈ। ਡਾਕਟਰਾਂ ਕੋਲ ਤਜਰਬਾ ਹੁੰਦਾ ਹੈ, ਅਤੇ ਰੋਗੀ ਦੇ ਸਾਰੇ ਲੱਛਣਾਂ ਨੂੰ ਉਸਦੇ ਸਮੁੱਚੇ ਸੰਦਰਭ ਵਿਚ ਦੇਖਦਿਆਂ ਨਿਰਣਾ ਲੈਣ ਦੀ ਜਾਚ ਵੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਵਰ੍ਹਿਆਂ ਦੀ ਕਸਬੀ ਮੁਹਾਰਤ ਗ਼ੈਰ-ਜਜ਼ਬਾਤੀ ਹੋ ਕੇ ਜੋਖਣਾ ਵੀ ਸਿਖਾ ਦੇਂਦੀ ਹੈ। ਕਚਘਰੜ ਖੋਜ ਦਾ ਨੁਕਸਾਨ ਇਹ ਹੈ ਕਿ ਤੁਸੀ ਨਾਂਹ-ਪੱਖੀ ਤੱਥਾਂ 'ਤੇ ਹੀ ਧਿਆਨ ਕੇਂਦਰਤ ਕਰਦਿਆਂ ਕਈ ਵਾਰ ਲੋੜ ਤੋਂ ਵਧ ਡਰ ਜਾਂ ਘਬਰਾ ਜਾਂਦੇ ਹੋ। ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋ ਰਿਹਾ ਸੀ। ਮੈਂ ਰਜਨੀਸ਼ ਦੀ ਹਾਲਤ ਦੇਖ ਕੇ ਡਰ ਗਿਆ ਤੇ ਜਸ ਮੰਡ ਨਾਲ ਆਪਣਾ ਫ਼ਿਕਰ ਸਾਂਝਾ ਕੀਤਾ: ਸਾਨੂੰ ਇਹ ਗੋਸ਼ਟੀਆਂ ਡਲਹੌਜ਼ੀ ਨਹੀਂ ਕਰਨੀਆਂ ਚਾਹੀਦੀਆਂ, ਠੰਡ ਦੇ ਮਹੀਨਿਆਂ ਵਿਚ ਤਾਂ ਬਿਲਕੁਲ ਹੀ ਨਹੀਂ।

ਪਰ ਰਜਨੀਸ਼ ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ। ਅਗਲੀ ਸਵੇਰ ਹਲਕੇ ਬੁਖਾਰ ਦੀ ਹਾਲਤ ਵਿਚ ਵੀ ਓਸੇ ਉਤਸ਼ਾਹ ਨਾਲ ਗੋਸ਼ਟੀ ਦਾ ਸੰਚਾਲਨ ਕਰਨ ਲਈ ਮੌਜੂਦ ਸੀ, ਤੇ ਅਗਲੇ ਦੋ ਦਿਨ ਆਪਣੀ ਜ਼ਿੰਮੇਵਾਰੀ ਓਸੇ ਮੁਸਤੈਦੀ ਨਾਲ ਨਿਭਾਂਦਾ ਰਿਹਾ। ਪਹਿਲੇ ਦਿਨ ਉਸਦੇ ਢਿੱਲੇ ਹੋ ਜਾਣ ਵਾਲੀ ਗੱਲ ਆਈ ਗਈ ਹੋ ਗਈ।

ਰਜਨੀਸ਼ ਦੀਆਂ ਸਰਗਰਮੀਆਂ ਵੀ ਜਾਰੀ ਸਨ, ਤੇ ਕਦੇ ਕਦਾਈਂ ਉਸਦਾ ਢਿੱਲਾ ਮੱਠਾ ਹੋ ਜਾਣਾ ਵੀ। ਪਰ ਕੋਈ ਅਜਿਹਾ ਗੰਭੀਰ ਦੌਰ ਨਾ ਆਇਆ ਜੋ ਖ਼ਤਰੇ ਦੇ ਘੜਿਆਲ ਵਜਾ ਦੇਵੇ। ਕੋਵਿਡ ਦੇ ਮੁੱਢਲੇ ਦੌਰ ਵਿਚ ਹੀ ਚੀਨ ਵਿਚ ਨੌਕਰੀ ਕਰ ਰਿਹਾ ਸ਼ੈਂਕੀ ਜਲੰਧਰ ਪਰਤ ਆਇਆ, ਤੇ ਸਕੂਲ ਬੰਦ ਹੋ ਜਾਣ ਕਾਰਨ ਧੀ ਸਾਰਾ ਵੀ ਬਾਪ ਕੋਲ ਆ ਗਈ। ਰਜਨੀਸ਼ ਦੇ ਬੱਚੇ ਹੁਣ, ਬੜੇ ਸਾਲਾਂ ਬਾਅਦ, ਮੁੜ ਉਸਦੇ ਨਾਲ ਸਨ। ਕੋਵਿਡ ਕਾਰਨ ਸਾਰੀਆਂ ਖੇਚਲ-ਪਾਊ ਸਰਗਰਮੀਆਂ ਵੀ ਠੱਪ ਸਨ, ਤੇ ਸਾਰਾ ਕੰਮ ਘਰੋਂ ਹੀ ਹੋ ਰਿਹਾ ਸੀ। 2020 ਵਾਲੀ ਗੋਸ਼ਟੀ, 17 ਸਾਲਾਂ ਵਿਚ ਪਹਿਲੀ ਵਾਰ, ਆਹਮੋ ਸਾਹਮਣੇ ਬਹਿ ਕੇ ਨਹੀਂ, ਸਗੋਂ ਈਮੇਲਾਂ ਰਾਹੀਂ ਹੋਈ। ਹਿੱਸਾ ਲੈਣ ਵਾਲੇ ਸਾਰੇ ਜਣਿਆਂ ਨੂੰ ਕਿਹਾ ਗਿਆ ਕਿ ਕਹਾਣੀਆਂ ਪੜ੍ਹ ਕੇ ਆਪੋ-ਆਪਣੇ ਵਿਚਾਰ ਭੇਜ ਦੇਣ, ਜਿਨ੍ਹਾਂ ਨੂੰ ਸੂਤਰਬੱਧ ਕਰਕੇ ਰਜਨੀਸ਼ ਨੇ ਪਹਿਲਾਂ ਤੋਂ ਤੁਰੀ ਆਉਂਦੀ ਰੂਪ ਰੇਖਾ ਵਿਚ ਛਾਪ ਦਿੱਤਾ।

2021 ਵੀ ਭਾਵੇਂ ਕੋਵਿਡ ਦਾ ਹੀ ਵਰ੍ਹਾ ਹੋ ਨਿਬੜਿਆ, ਪਰ ਰਜਨੀਸ਼ ਦਾ ਪੂਰਾ ਮਨ ਸੀ ਕਿ ਐਤਕੀਂ ਗੋਸ਼ਟੀ ਪਹਿਲਾਂ ਵਾਂਗ ਹੀ ਕਰਨੀ ਹੈ। ਜਦੋਂ ਲੇਖਕ ਤੇ ਸਰੋਤੇ/ ਆਲੋਚਕ ਇਕੱਠਿਆਂ ਬਹਿ ਕੇ ਗੱਲ ਕਰਦੇ ਹਨ। ਨਵੰਬਰ 19 -20 ਦੀ ਤਰੀਕ ਮਿੱਥੀ ਗਈ ਤੇ ਤੈਅ ਹੋਇਆ ਕਿ ਗੋਸ਼ਟੀ ਐਤਕਾਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਹੋਵੇਗੀ। ਹਿੱਸਾ ਲੈਣ ਵਾਲੇ

ਸਭਨਾਂ ਨੂੰ ਅਗਾਊਂ ਸੂਚਨਾ ਭੇਜ ਦਿੱਤੀ ਗਈ, ਸਾਰੀਆਂ ਤਿਆਰੀਆਂ ਪੂਰੀਆਂ ਸਨ ਪਰ ਅਚਾਨਕ ਰਜਨੀਸ਼ ਬੀਮਾਰ ਹੋ ਗਿਆ ਤੇ ਹਸਪਤਾਲ ਦਾਖ਼ਲ ਕਰਾਣਾ ਪਿਆ। ਬੁਖ਼ਾਰ ਦਾ ਫ਼ੌਰੀ ਕਾਰਨ ਤਾਂ ਟਾਈਫਾਈਡ ਨਿਕਲਿਆ, ਪਰ ਹਸਪਤਾਲ ਦੀਆਂ ਰੁਟੀਨ ਪੜਤਾਲਾਂ ਨੇ ਕਈ ਕੁਝ ਹੋਰ ਉਜਾਗਰ ਕਰ ਦਿਤਾ: ਸ਼ੂਗਰ ਬਹੁਤ ਵਧੀ ਹੋਈ ਸੀ, ਕ੍ਰੈਟਾਨਿਨ ਦਾ ਪੱਧਰ ਵੀ ਏਨਾ ਚੜ੍ਹਿਆ ਹੋਇਆ ਸੀ ਕਿ ਗੁਰਦੇ ਫੇਲ੍ਹ ਹੋਣ ਦਾ ਖ਼ਤਰਾ ਸੀ, ਦਿਲ ਦਾ ਇਕ ਵਾਲਵ ਰਿਸਦਾ ਸੀ। ਪਰ ਸਭ ਤੋਂ ਪਹਿਲਾਂ ਸ਼ੂਗਰ ਤੇ ਕ੍ਰੈਟਾਨਿਨ ਨੂੰ ਸੂਤ ਕਰਨਾ ਜ਼ਰੂਰੀ ਸੀ, ਕਿਉਂਕਿ ਉਨ੍ਹਾਂ ਨੂੰ ਹੇਠ ਲਿਆਏ ਬਿਨਾ ਐਂਜਿਓਗ੍ਰਾਫੀ ਕਰਨੀ ਵੀ ਸੰਭਵ ਨਹੀਂ ਸ। ਦੋ ਦਿਨ ਆਈ ਸੀ ਯੂ ਵਿਚ ਰਹਿਣ ਮਗਰੋਂ ਜਦੋਂ ਰਜਨੀਸ਼ ਨੂੰ ਕਮਰੇ ਵਿਚ ਲਿਆਂਦਾ ਗਿਆ ਤਾਂ ਮੈਂ ਤੇ ਪਰਵਾਨਾ ਤਕਰੀਬਨ ਇਕੋ ਵੇਲੇ ਉਸਨੂੰ ਮਿਲਣ ਹਸਪਤਾਲ ਪਹੁੰਚੇ, ਘੰਟਾ ਕੁ ਉਸ ਕੋਲ ਬੈਠੇ ਰਹੇ। ਸਾਹਮਣੇ ਬੈਠੇ ਬੰਦੇ ਲਈ ਮੰਨਣਾ ਵੀ ਔਖਾ ਸੀ ਕਿ ਰਜਨੀਸ਼ ਗੰਭੀਰ ਰੂਪ ਵਿਚ ਬੀਮਾਰ ਹੈ। ਆਵਾਜ਼ ਵਿਚ ਉਹੋ ਗੜ੍ਹਕ, ਗੱਲਾਂ ਵਿਚ ਉਹੋ ਬੇਪਰਵਾਹੀ ਤੇ ਮਜ਼ਾਹੀਆ ਲਹਿਜ਼ਾ, ਤੇ 'ਮੈਨੂੰ ਕੀ ਹੋਇਆ, ਕੁਸ਼ ਨੀਂ ਹੋਇਆ' ਵਾਲਾ ਸਵੈ-ਭਰੋਸਾ। ਹਫਤਾ ਕੁ ਹੋਰ ਹਸਪਤਾਲ ਵਿਚ ਰਖ ਕੇ, ਉਸਦੇ ਵਕਤੀ ਵਿਗਾੜਾਂ ਨੂੰ ਕਾਬੂ ਕਰਕੇ ਤੇ ਮੂਲ ਰੋਗ ਲਈ ਹੋਰ ਦਵਾਈਆਂ ਤੇ ਅਗਲੇਰੀ ਪੜਤਾਲ ਦੀ ਸਲਾਹ ਦੇ ਕੇ ਰਜਨੀਸ਼ ਨੂੰ ਛੁੱਟੀ ਦੇ ਦਿੱਤੀ ਗਈ।

ਦਸਾਂ ਦਿਨਾਂ ਦੇ ਅੰਦਰ ਅੰਦਰ ਰਜਨੀਸ਼ ਅੰਮ੍ਰਿਤਸਰ ਪਹੁੰਚ ਕੇ ਆਪਣੀ ਬੀਮਾਰੀ ਕਰਕੇ ਵੀਹ ਦਿਨ ਅੱਗੇ ਪੈ ਗਈ ਗੋਸ਼ਟੀ ਦਾ ਸੰਚਾਲਨ ਕਰ ਰਿਹਾ ਸੀ। ਉਸਨੂੰ ਫ਼ਿਕਰ ਸੀ ਕਿ 'ਪ੍ਰਵਚਨ' ਦਾ ਜਨਵਰੀ ਵਾਲਾ ਗੋਸ਼ਟੀ ਅੰਕ ਬਹੁਤਾ ਲੇਟ ਨਹੀਂ ਹੋਣਾ ਚਾਹੀਦਾ, ਸੋ ਗੋਸ਼ਟੀ ਨੂੰ ਹੋਰ ਅੱਗੇ ਨਹੀਂ ਪਾਇਆ ਜਾ ਸਕਦਾ। ਦਿੱਲੀ ਵਿਚ ਸਾਹਿਤ ਸਭਾ ਦੀ ਇਕ ਪਹਿਲੋਂ ਮਿਥੀ ਮੀਟਿੰਗ ਕਾਰਨ ਮੈਂ ਇਨ੍ਹਾਂ ਨਵੀਆਂ ਤਰੀਕਾਂ 'ਤੇ ਗੋਸ਼ਟੀ ਵਿਚ ਸ਼ਾਮਲ ਨਾ ਹੋ ਸਕਿਆ, ਪਰ ਮੇਰਾ ਨਹੀਂ ਖਿਆਲ ਕਿ ਕਿਸੇ ਵੀ ਹਾਜ਼ਰ ਸੱਜਣ ਨੂੰ ਇਹ ਅਹਿਸਾਸ ਹੋਇਆ ਹੋਵੇਗਾ ਕਿ ਰਜਨੀਸ਼ ਆਪਣੀ ਜ਼ਿੰਦਗੀ ਦੀ ਆਖਰੀ ਗੋਸ਼ਟੀ ਦਾ ਸੰਚਾਲਨ ਕਰ ਰਿਹਾ ਸੀ ।

ਜਨਵਰੀ ਦੇ ਸ਼ੁਰੂ ਵਿਚ ਮੈਂ ਮਹਾਰਾਸ਼ਟਰ ਦੇ ਇਕ ਪਿੰਡ ਵਿਚ ਕਿਸੇ ਦੋਸਤ ਕੋਲ ਕਿਆਮ ਕਰ ਰਿਹਾ ਸਾਂ ਜਦੋਂ ਜਸ ਦਾ ਫੋਨ ਆਇਆ, "ਰਜਨੀਸ਼ ਫੇਰ ਬੀਮਾਰ ਹੋ ਗਿਆ ਹੈ ਤੇ ਮੁੜ ਹਸਪਤਾਲ ਦਾਖਲ ਹੈ।" ਉਸਦਾ ਏਨੀ ਛੇਤੀ ਮੁੜ ਹਸਪਤਾਲ ਪਹੁੰਚ ਜਾਣਾ ਤੇ ਫ਼ਿਕਰ ਵਾਲੀ ਗੱਲ ਸੀ ਹੀ, ਉਸਤੋਂ ਵੀ ਵਧ ਫ਼ਿਕਰ ਇਸ ਵੇਰ ਹੋਈ ਐਂਜਿਓਗ੍ਰਾਫੀ ਨੇ ਲਾਇਆ। ਦਿਲ ਦੇ ਵਾਲਵ ਦੇ ਰਿਸਾਅ ਦੇ ਨਾਲ ਨਾਲ ਦਿਲ ਅੰਦਰਲੀਆਂ ਸਾਰੀਆਂ ਸਹਾਇਕ ਨਸਾਂ ਦੀ ਹਾਲਤ ਪਤਲੀ ਸੀ। ਉਸਦੀ ਸਰੀਰਕ ਸਮਰੱਥਾ ਨੂੰ ਜੋਖਦੇ ਹੋਏ ਓਪਨ ਹਾਰਟ ਸਰਜਰੀ ਕਰਨਾ ਸੰਭਵ ਨਹੀਂ ਸੀ ਜਾਪਦਾ, ਤੇ ਏਨੇ ਵੱਡੇ ਉਪਰੇਸ਼ਨ ਤੋਂ ਬਚਣ ਲਈ ਜੇ ਸਟੈਂਟ ਵੀ ਪਾਏ ਜਾਣ ਤਾਂ ਪੰਜ ਜਾਂ ਛੇ ਦੀ ਲੋੜ ਸੀ। ਹਰ ਸਟੈਂਟ ਪਾਣ ਵੇਲੇ ਮਰੀਜ਼ ਨੂੰ ਦਵਾ/ਡਾਈ ਵੀ ਕਾਫੀ ਮਿਕਦਾਰ ਵਿਚ ਝੱਲਣੀ ਪੈਂਦੀ ਹੈ, ਪਰ ਕੀ ਰਜਨੀਸ਼ ਦਾ ਨਿਤਾਣਾ ਸਰੀਰ ਏਨੀ ਉਥਲ ਪੁਥਲ ਸਹਾਰਨ ਜੋਗਾ ਸੀ ? ਕੁਝ ਨਾ ਕਰੋ ਤਾਂ ਖਤਰਾ, ਤੇ ਕੁਝ ਕਰਨ ਦਾ ਫ਼ੈਸਲਾ ਕਰੋ ਤਾਂ ਵੀ ਖ਼ਤਰਾ। ਏਨਾ ਵੱਡਾ ਫ਼ੈਸਲਾ ਕਈ ਮਾਹਰਾਂ ( ਡਾਕਟਰ ਤੇ ਸਰਜਨ) ਦੀ ਰਲਵੀਂ ਰਾਏ ਤੋਂ ਬਿਨਾਂ ਨਹੀਂ ਸੀ ਲਿਆ ਜਾ

ਸਕਦਾ। ਮੈਨੂੰ ਪਹਿਲੀ ਵਾਰ ਜਾਪਿਆ ਕਿ ਰਜਨੀਸ਼ ਹੁਣ ਇਹ ਸਾਲ ਸ਼ਾਇਦ ਹੀ ਕੱਢ ਸਕੇ, ਪਰ ਫੇਰ ਮੈਂ ਇਸ ਖ਼ਿਆਲ ਨੂੰ ਝਟਕ ਦਿੱਤਾ। ਮੈਂ ਕੋਈ ਡਾਕਟਰ ਤਾਂ ਹਾਂ ਨਹੀਂ, ਇਹੋ ਜਿਹੀ ਸਮਾਂ ਸੀਮਾ ਕਿਵੇਂ ਨਿਰਧਾਰਤ ਕਰ ਸਕਦਾ ਹਾਂ!

ਤਕਰੀਬਨ ਦਸ ਦਿਨ ਹਸਪਤਾਲ ਵਿਚ ਰਖ ਕੇ, ਰਜਨੀਸ਼ ਨੂੰ ਸਥਿਰ ਕਰ ਕੇ ਡਾਕਟਰ ਨੇ ਇਹ ਕਹਿ ਕੇ ਛੁੱਟੀ ਦੇ ਦਿੱਤੀ ਕਿ ਅਗਲੇਰੀ ਇਲਾਜ ਪ੍ਰਕਿਰਿਆ ਲਈ ਮਾਹਰਾਂ ਨਾਲ ਸਲਾਹ ਮਸ਼ਵਰਾ ਕਰ ਲਿਆ ਜਾਵੇ। ਪਰ ਦੋ ਦਿਨ ਨਹੀਂ ਸਨ ਲੰਘੇ ਕਿ ਰਜਨੀਸ਼ ਹਸਪਤਾਲ ਵਾਪਸ ਸੀ, ਏਸ ਵਾਰ ਕਰੋਨਾ ਨਾਲ ਜੋ ਸ਼ਾਇਦ ਉਸਨੇ ਹਸਪਤਾਲ ਵਾਸ ਦੌਰਾਨ ਹੀ ਸਹੇੜਿਆ ਸੀ। ਜਦੋਂ ਜੱਸ ਨੇ ਇਹ ਗੱਲ ਦਸਣ ਲਈ ਫੋਨ ਕੀਤਾ ਤਾਂ ਮੈਂ ਪਹਿਲੀ ਵਾਰ ਆਪਣੇ ਮਨ ਵਿਚ ਤਣੇ ਹੋਏ ਸੰਸੇ ਨੂੰ ਉਸ ਨਾਲ ਸਾਂਝਿਆਂ ਕੀਤਾ, "ਰਜਨੀਸ਼ ਨੇ ਹੁਣ ਬਹੁਤਾ ਚਿਰ ਸਾਡੇ ਨਾਲ ਨਹੀਂ ਰਹਿਣਾ।" ਪਤਾ ਨਹੀਂ ਕਿਓਂ ਇਹ ਫ਼ਿਕਰਾ ਮੈਂ ਅੰਗਰੇਜ਼ੀ ਵਿਚ ਬੋਲਿਆ, ਜਿਵੇਂ ਮੈਂ ਆਪਣੇ ਆਖੇ ਤੋਂ ਖ਼ੁਦ ਹੀ ਕੋਈ ਵਿਥ ਰਖਣਾ ਚਾਹੁੰਦਾ ਹੋਵਾਂ। ਪਰ ਨਾਲ ਹੀ ਮੈਂ ਇਹ ਵੀ ਕਿਹਾ, "ਤੈਨੂੰ, ਸ਼ੈਂਕੀ ਨੂੰ ਵੀ ਇਸ ਹੋਣੀ ਲਈ ਤਿਆਰ ਕਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ।"

ਕਰੋਨਾ ਨਾਲ ਵੀ ਸਿੱਝ ਕੇ ਰਜਨੀਸ਼ ਘਰ ਆ ਗਿਆ। ਜਦੋਂ ਮੈਂ ਫੋਨ ਤੇ ਗੱਲ ਕੀਤੀ, ਤਾਂ ਉਹੋ ਹਮੇਸ਼ਾ ਵਰਗੀ ਗੜ੍ਹਕ। ਇਹੋ ਜਿਹੀ, ਕਿ ਤੁਸੀਂ ਹਾਲ ਪੁਛਣੋਂ ਵੀ ਝਿਜਕ ਜਾਵੋ : 'ਮੈਨੂੰ ਕੀ ਹੋਇਆ, ਕੁਸ਼ ਨੀ ਹੋਇਆ'। ਨਾਲੇ ਮੈਂ ਕੀ ਪੁੱਛਣਾ ਸੀ, ਪੁੱਛ ਤਾਂ ਰਜਨੀਸ਼ ਰਿਹਾ ਸੀ, "ਵਾਪਸ ਕਦੋਂ ਮੁੜਨਾ ? 'ਪ੍ਰਵਚਨ' ਦਾ ਸਲਾਹਕਾਰ ਬੋਰਡ ਬਨਾਉਣਾ, ਰਾਏ ਕਰਨੀ ਆ।"

30 ਜਨਵਰੀ ਨੂੰ ਮੈਂ ਜਲੰਧਰ ਮੁੜਿਆ। ਰਜਨੀਸ਼ ਨੂੰ ਫੋਨ ਕੀਤਾ, "4 ਫਰਵਰੀ ਨੂੰ ਆਪਾਂ ਸਾਰੇ ਮੇਰੇ ਘਰ ਮਿਲ ਲਈਏ ?" "ਬਿਲਕੁਲ, ਬਾਕੀਆਂ ਨੂੰ ਪੁੱਛ ਲੈ।" ਠੰਡ ਐਤਕੀਂ ਲਟਕਦੀ ਜਾ ਰਹੀ ਸੀ, ਫਰਵਰੀ ਦਾ ਸ਼ੁਰੂ ਅਜੇ ਤਕ ਜਨਵਰੀ ਵਰਗਾ ਸੀਤ ਚਲ ਰਿਹਾ ਸੀ। ਰਜਨੀਸ਼ ਦੀ ਸਿਹਤ ਨੂੰ ਧਿਆਨ ਵਿਚ ਰਖ ਕੇ, ਸ਼ਾਮ ਵੇਲੇ ਮਿਲਣ ਦੀ ਰਵਾਇਤ ਤੋੜਦਿਆਂ ਮੈਂ ਸਾਰਿਆਂ ਨੂੰ ਏਸ ਵਾਰ ਦੁਪਹਿਰ ਸਾਢੇ ਬਾਰਾਂ ਵਜੇ ਪਹੁੰਚਣ ਦਾ ਸੱਦਾ ਦਿੱਤਾ। ਜਸ ਤੇ ਅੰਗਰੇਜ਼ਾਂ ਵਾਂਗ ਸਮੇਂ ਦਾ ਪਾਬੰਦ ਹੈ, ਪਰ ਬਲਬੀਰ ਤੇ ਕੁਲਵੰਤ ਵੀ ਇਸ ਮਾਮਲੇ ਵਿਚ ਬਹੁਤੇ ਫਾਡੀ ਨਹੀਂ। ਸਾਰੇ ਅੱਗੜ ਪਿੱਛੜ ਸਮੇਂ ਸਿਰ ਪਹੁੰਚ ਗਏ, ਸਿਰਫ ਰਜਨੀਸ਼ ਦਾ ਇੰਤਜ਼ਾਰ ਹੋ ਰਿਹਾ ਸੀ। ਵੈਸੇ ਇਸ ਵਿਚ ਕੋਈ ਅਨੋਖੀ ਗੱਲ ਨਹੀਂ ਸੀ, ਮੈਂ ਰਜਨੀਸ਼ ਨੂੰ ਭਲੇ ਸਮਿਆਂ ਵਿਚ ਵੀ ਐਨ ਵਕਤ ਸਿਰ ਪਹੁੰਚਦਿਆਂ ਘੱਟ ਹੀ ਦੇਖਿਆ ਹੈ। ਉਸਦੀ ਹਾਲ ਦੀ ਘੜੀ ਵਿਚ ਗ਼ੈਰ ਮੌਜੂਦਗੀ ਦਾ ਫਾਇਦਾ ਲੈਂਦਿਆਂ ਮੈਂ ਆਪਣੇ ਮਨ ਦੀ ਗੱਲ ਸਾਂਝੀ ਕੀਤੀ, "ਰਜਨੀਸ਼ ਦੀ ਸਿਹਤ ਜਿੰਨੀ ਵਿਗੜ ਚੁਕੀ ਹੈ, ਹੁਣ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਉਸਦੀ ਲਗਾਤਾਰ ਤੇ ਚੰਗੀ ਦੇਖਭਾਲ ਲਈ ਕੋਈ ਹਰ ਵੇਲੇ ਨਾਲ ਹੋਵੇ। ਕੁਝ ਦਿਨਾਂ ਤਕ ਸ਼ੈਂਕੀ ਨੇ ਵੀ ਚਲੇ ਜਾਣਾ ਹੈ। ਮੇਰੀ ਗੱਲ ਤਾਂ ਰਜਨੀਸ਼ ਸੁਣਦਾ ਨਹੀਂ, ਤੁਸੀ ਵੀ ਉਸ 'ਤੇ ਦਬਾਅ ਪਾਓ ਕਿ ਘਰ ਵਿਚ ਕਿਸੇ ਜੋੜੀ ਨੂੰ ਰਖ ਲਵੇ।" ਮੇਰੀ ਗੱਲ ਮੁੱਕੀ ਵੀ ਨਹੀਂ ਸੀ ਕਿ ਬੂਹਾ ਖੜਕਿਆ ਤੇ ਰਜਨੀਸ਼ ਨਮੂਦਾਰ ਹੋਇਆ। ਲੰਮਾ ਕੋਟ, ਅੰਦਰ ਕਾਲਾ ਸੁਐਟਰ। ਚਿਹਰੇ 'ਤੇ ਉਹੀ ਖੇੜਾ, ਆਵਾਜ਼ ਵਿਚ ਉਹੀ ਟੁਣਕਾਰ, "ਲੈ ਬਈ, ਏਥੇ ਤਾਂ ਸਾਰੇ ਹਾਜ਼ਰ ਨੇ।" ਇਕੇਰਾਂ ਮੈਨੂੰ ਫੇਰ ਮਹਿਸੂਸ ਹੋਇਆ ਕਿ ਮੈਂ

ਖਾਹਮਖਾਹ ਹੀ ਆਪਣੇ ਮਨ ਵਿਚ ਉਸਦੀ ਹਾਲਤ ਦੇ ਪਤਲੇ ਹੋਣ ਨੂੰ ਕਈ ਗੁਣਾ ਜਰਬ ਦੇ ਕੇ ਬਹੁਤਾ ਹੀ ਘਬਰਾ ਜਾਂਦਾ ਹਾਂ।

ਦੋ ਤਿੰਨ ਘੰਟੇ ਇਕੱਠੇ ਰਹੇ, ਰਜਨੀਸ਼ ਸਮੇਤ ਸਾਰਿਆਂ ਨੇ ਬੜੇ ਸੁਆਦ ਨਾਲ ਖਾਣਾ ਖਾਧਾ। ਸਿਆਸਤ ਰਿੜਕੀ, ਸਾਹਿਤਕ ਚੁਗਲੀਆਂ ਕੀਤੀਆਂ ਤੇ ਕੁਝ ਸਾਹਿਤਕ ਬਹਿਸ ਵੀ। ਇਕ ਕਹਾਣੀ ਨੂੰ ਰਜਨੀਸ਼ ਬੜਾ ਸਲਾਹ ਰਿਹਾ ਸੀ, 'ਕਾਰਪੋਰੇਟੀ ਕਲਚਰ ਦੇ ਪਾਜ ਉਘੇੜਦੀ' ਕਹਿ ਕੇ ਵਡਿਆ ਰਿਹਾ ਸੀ, ਪਰ ਮੈਂ ਸਹਿਮਤ ਨਹੀਂ ਸਾਂ। "ਇਹ ਤੇਰੀ ਪੇਤਲੀ ਪੜ੍ਹਤ ਹੈ, ਤੂੰ ਕਹਾਣੀ ਨੂੰ 'ਡੀਕਨਸਰਕਟ' ਕਰ ਕੇ ਦੇਖ, ਇਹ ਦਰਅਸਲ ਦਕਿਆਨੂਸੀ ਕਹਾਣੀ ਹੈ", ਤੇ ਆਪਣੀਆਂ ਦਲੀਲਾਂ ਦੇਂਦਿਆਂ ਮੇਰੀ ਸੁਰ ਉਚੀ ਹੋ ਗਈ, ਚਿਹਰਾ ਭਖਣ ਲਗ ਪਿਆ ਸੀ ਜਿਵੇਂ ਕਿ ਨਾ ਚਾਹੁੰਦਿਆਂ ਵੀ ਮੇਰੇ ਕੋਲੋਂ ਅਕਸਰ ਹੋ ਜਾਂਦਾ ਹੈ।

"ਬਈ, ਤੂੰ ਸਾਡੇ ਸਾਰਿਆਂ ਚੋਂ ਸਭ ਤੋਂ ਵੱਧ ਪੜ੍ਹਿਆ ਲਿਖਿਆ ਹੈਂ, ਤੂੰ ਹੁਣ ਕਹਿ ਹੀ ਦਿੱਤਾ ਹੈ ਤਾਂ ਮੰਨ ਲਿਆ", ਪੜ੍ਹਿਆ ਲਿਖਿਆ ਹੋਣ ਬਾਰੇ ਇਹ ਉਸਤਤੀ ਕਰਦੇ ਜਾਪਦੇ ਸ਼ਬਦ ਦਰਅਸਲ ਰਜਨੀਸ਼ ਦੀ ਬਹਿਸ ਮੁਕਾਊ ਟਾਂਚ ਹੁੰਦੀ ਸੀ ਜਿਨ੍ਹਾਂ ਦਾ ਅਸਲੀ ਅਰਥ ਮੈਂ ਜਾਣਦਾ ਸਾਂ : 'ਭਾਈ, ਤੇਰੇ ਵਰਗੇ ਅੜੀਅਲ ਨਾਲ ਹੋਰ ਦਲੀਲਬਾਜ਼ੀ ਕਰਨ ਦਾ ਕੋਈ ਫਾਇਦਾ ਨਹੀਂ। ਤੂੰ ਕਿਸੇ ਹੋਰ ਦੀ ਹੁਣ ਸੁਣਨੀ ਤਾਂ ਹੈ ਨਹੀਂ।' ਰਜਨੀਸ਼ ਦੇ ਇਸ ਬ੍ਰਹਮ ਅਸਤਰ ਤੋਂ ਬਾਅਦ ਮੈਂ ਹੋਰ ਕੀ ਕਹਿੰਦਾ!

ਤਿੰਨ ਕੁ ਵਜੇ ਸਾਰੇ ਘਰੋ ਘਰੀ ਚਲੇ ਗਏ। ਰਜਨੀਸ਼ ਓਲਾ (ਟੈਕਸੀ) ਲੈ ਕੇ ਆਇਆ ਸੀ। ਕੁਲਵੰਤ ਨੇ ਕਿਹਾ ਉਹ ਆਪਣੀ ਗੱਡੀ ਤੇ ਉਸਨੂੰ ਘਰ ਛੱਡ ਆਵੇਗਾ।

ਮੈਂ ਦੋਹਾਂ ਨੂੰ ਵਿਦਾ ਕਰਨ ਘਰ ਦੇ ਬਾਹਰ ਆਇਆ।

'ਮਿਲਦੇ ਆਂ ਫੇਰ', ਰਜਨੀਸ਼ ਨੇ ਕਿਹਾ ਤੇ ਗੱਡੀ ਵਿਚ ਬਹਿ ਗਿਆ। ਇਹ ਸਾਡੀ ਆਖਰੀ ਮੁਲਾਕਾਤ ਸੀ।

ਮੰਗਲਵਾਰ 8 ਫਰਵਰੀ ਦੀ ਗੱਲ ਹੈ। ਸਵੇਰੇ ਨੌਂ ਕੁ ਵਜੇ ਦਾ ਸਮਾਂ ਸੀ, ਮੈਂ ਫੋਨ 'ਤੇ ਸਵਰਾਜਬੀਰ ਨਾਲ ਗੱਲ ਕਰ ਰਿਹਾ ਸਾਂ ਕਿ ਸਕ੍ਰੀਨ ਤੇ ਰਜਨੀਸ਼ ਦੀ ਆ ਰਹੀ ਕਾਲ ਦਾ ਇਸ਼ਾਰਾ ਹੋਇਆ। ਮੈਂ ਕਾਲ ਰੱਦ ਕਰ ਦਿਤੀ ਤੇ ਸਵਰਾਜਬੀਰ ਨਾਲ ਗੱਲ ਮੁਕਾ ਲੈਣ ਤੋਂ ਬਾਅਦ ਮੋੜਵੀਂ ਕਾਲ ਕੀਤੀ।

"ਸਵੇਰੇ ਸਵੇਰੇ ਕਿਹੜੀ ਸਹੇਲੀ ਨਾਲ ਲੰਮੀਆਂ ਗੱਲਾਂ ਵਿਚ ਰੁਝਾ ਹੋਇਆ ਸੈਂ ?" ਰਜਨੀਸ਼ ਨੇ ਮਸ਼ਕਰੀ ਕੀਤੀ।

"ਨਹੀਂ ਯਾਰ, ਸਵਰਾਜਬੀਰ ਦੀ ਕਾਲ ਸੀ । ਮੈਂ ਟ੍ਰਿਬਿਊਨ ਨੂੰ ਕੱਲ ਲਤਾ ਮੰਗੇਸ਼ਕਰ ਬਾਰੇ ਲੇਖ ਭੇਜਿਆ ਸੀ, ਸਵਰਾਜਬੀਰ ਉਸਦੀ ਮੁੱਢਲੀ ਸਤਰ ਬਦਲਣਾ ਚਾਹੁੰਦਾ ਹੈ, ਸੋ ਗੱਲ ਥੋੜ੍ਹੀ ਲੰਮੀ ਹੋ ਗਈ।"

"ਕਿਓਂ, ਸਤਰ ਬਦਲਣ ਦੀ ਕੀ ਲੋੜ ਪੈ ਗਈ ?"

"ਮੇਰਾ ਲੇਖ ਇਸ ਸਤਰ ਤੋਂ ਸ਼ੁਰੂ ਹੁੰਦਾ ਹੈ – 'ਕਿਸੇ ਵੀ ਕਿਸਮ, ਕਿਸੇ ਵੀ ਨਾਂਅ ਦੇ ਰੱਬ ਲਈ ਸ਼ਰਧਾ ਤੋਂ ਵਿਹੂਣੇ ਮੇਰੇ ਜ਼ਿਹਨ ਵਿਚ..' – ਸਵਰਾਜਬੀਰ ਕਹਿ ਰਿਹਾ ਸੀ ਕਿ ਇਸ ਸਤਰ

ਨੂੰ ਨਰਮ ਕਰਨ ਦੀ ਲੋੜ ਹੈ ਕਿਉਂਕਿ ਇੰਜ ਫਾਹ ਸੋਟਾ ਮਾਰਕੇ ਗੱਲ ਸ਼ੁਰੂ ਕਰੋ ਤਾਂ ਕਈ ਸ਼ਰਧਾਵਾਨ ਲੋਕ ਅੱਗੇ ਪੜ੍ਹਦੇ ਹੀ ਨਹੀਂ।"

"ਤੇ ਤੂੰ ਕੀ ਕਿਹਾ ?"

"ਮੈਂ ਕਿਹਾ ਜਿਵੇਂ ਠੀਕ ਸਮਝੋ, ਕਰ ਲਓ.."

"ਇਹ ਤੂੰ ਠੀਕ ਨਹੀਂ ਕੀਤਾ। ਜਦੋਂ ਮੁਲਕ ਵਿਚ ਏਨਾ ਧਾਰਮਕ ਰੌਲਾ ਪਿਆ ਹੋਇਆ ਹੈ, ਤੇ ਉਹ ਲੋਕ ਚਾਂਗਰਾਂ ਮਾਰਦੇ ਫਿਰਦੇ ਹਨ, ਸਾਨੂੰ ਨਾਸਤਕਾਂ ਨੂੰ ਵੀ ਆਪਣੀ ਸਪੇਸ ਛੱਡਣੀ ਨਹੀਂ ਚਾਹੀਦੀ। ਇੰਜ ਤਾਂ ਉਹ ਹੋਰ ਸ਼ੇਰ ਹੋਈ ਜਾਣਗੇ।" ਰਜਨੀਸ਼ ਰੋਹ ਵਿਚ ਆਇਆ ਦੇਸ ਤੇ ਸੂਬੇ ਦੇ ਹਾਲਾਤ ਰਿੜਕਣ ਲਗ ਪਿਆ।

"ਤੇਰੀ ਗੱਲ ਨਾਲ ਸਹਿਮਤ ਹਾਂ ਪਰ ਸਵਰਾਜਬੀਰ ਦਾ ਨੁਕਤਾ ਵੀ ਜਾਇਜ਼ ਹੈ। ਜੇ ਕੋਈ ਸ਼ੁਰੂ ਵਿਚ ਹੀ ਸਿਰਫ ਇਸ ਕਾਰਨ ਹੀ ਤੁਹਾਡੀ ਲਿਖਤ ਪੜ੍ਹਨੀ ਛੱਡ ਦੇਵੇ ਤਾਂ ਉਸਦਾ ਵੀ ਕੀ ਲਾਭ। ਨਾਲੇ ਟ੍ਰਿਬਿਊਨ ਦਾ ਆਪਣਾ ਪਾਠਕ ਵਰਗ ਹੈ, ਭਾਂਤ ਭਾਂਤ ਦੇ ਲੋਕ ਪੜ੍ਹਦੇ ਹਨ, ਇਹ ਕੋਈ 'ਨਵਾਂ ਜ਼ਮਾਨਾ' ਵਰਗਾ ਇਕਸਾਰ ਸੋਚਣੀ ਵਾਲੇ ਪਾਠਕਾਂ ਦਾ ਪਰਚਾ ਤਾਂ ਹੈ ਨਹੀਂ।"

"ਚੱਲ, ਐਤਵਾਰ ਤੇਰਾ ਲੇਖ ਪੜ੍ਹ ਕੇ ਦੱਸੂੰ...", ਰਜਨੀਸ਼ ਨੇ ਥੋੜ੍ਹਾ ਜਿਹਾ ਢੈਲਾ ਸੁਰ ਅਪਣਾਂਦਿਆਂ ਗਲ ਮੁਕਾਈ। ਇਹ ਸਾਡੀ ਆਖਰੀ ਗੱਲਬਾਤ ਸੀ।

ਅਗਲੇ ਦਿਨ ਬੁੱਧਵਾਰ ਉਹ ਕੇਸਰ ਨੂੰ ਮਿਲਣ ਉਸਦੇ ਦਫਤਰ ਗਿਆ, 'ਪ੍ਰਵਚਨ' ਦੇ ਅੰਕ ਨੂੰ ਅੰਤਮ ਰੂਪ ਰੇਖਾ ਦੇਣ।

ਸ਼ੁਕਰਵਾਰ ਨੂੰ ਉਹ ਜਲੰਧਰੋਂ ਪਟਿਆਲੇ ਕੋਲ ਪੈਂਦੇ ਆਪਣੇ ਪਿੰਡ ਗਿਆ।

ਅਗਲੇ ਦਿਨ, ਸ਼ਨੀਵਾਰ, ਉਹ ਓਥੋਂ ਸ਼ੈਂਕੀ ਦੇ ਰੋਕੇ ਲਈ ਦਿੱਲੀ ਗਿਆ। ਆਪਣੀ ਇਹ ਪਰਿਵਾਰਕ ਜ਼ਿੰਮੇਵਾਰੀ ਨਿਭਾ ਕੇ ਅਜੇ ਸੁਰਖਰੂ ਹੀ ਹੋਇਆ ਸੀ ਕਿ ਓਸੇ ਸ਼ਾਮ ਸਾਹ ਦੀ ਤਕਲੀਫ਼ ਕਾਰਨ ਹਸਪਤਾਲ ਜਾਣਾ ਪੈ ਗਿਆ।

ਐਤਵਾਰ ਸਵੇਰ, ਜਦੋਂ ਤਕ ਅਖਬਾਰਾਂ ਦੇ ਹਾਕਰਾਂ ਨੇ ਪਰਚੇ ਘਰੋ-ਘਰ ਸੁੱਟਣੇ ਸ਼ੁਰੂ ਕੀਤੇ ਹੋਣਗੇ, ਰਜਨੀਸ਼ ਨੂੰ ਵੈਂਟੀਲੇਟਰ 'ਤੇ ਪਾਇਆ ਜਾ ਚੁੱਕਾ ਸੀ।

ਮੰਗਲਵਾਰ, ਸਾਡੀ ਆਖ਼ਰੀ ਗਲਬਾਤ ਦੇ ਐਨ ਇਕ ਹਫਤੇ ਪਿੱਛੋਂ ਰਜਨੀਸ਼ ਚਲਾ ਗਿਆ। ਮੈਨੂੰ ਇਹ ਦੱਸੇ ਬਿਨਾ ਕਿ ਮੈਨੂੰ ਸਵਰਾਜਬੀਰ ਦੀ ਗੱਲ ਮੰਨ ਲੈਣੀ ਚਾਹੀਦੀ ਸੀ ਜਾਂ ਨਹੀਂ।

ਅੰਗਰੇਜ਼ੀ ਵਿਚ ਇਕ ਮੁਹਾਵਰਾ ਹੈ : He died with bools on 'ਮੈਦਾਨੇ ਜੰਗ ਤੋਂ ਤੁਰ ਕੇ ਆਇਆ' ਇਹ ਮੁਹਾਵਰਾ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜੋ ਆਖਰੀ ਵੇਲੇ ਤਕ ਆਪਣੇ ਫਰਜ਼ ਨਿਭਾਂਦੇ ਹੋਏ ਏਸ ਜਹਾਨ ਤੋਂ ਕੂਚ ਕਰਦੇ ਹਨ। ਰਜਨੀਸ਼ ਸਚਮੁਚ ਇੰਜ ਹੀ ਗਿਆ: ਆਖਰੀ ਦਮਾਂ ਤਕ ਆਪਣੀ ਹਰ ਜ਼ਿੰਮੇਵਾਰੀ ਨੂੰ ਪੂਰਾ ਕਰਦਿਆਂ, ਜਦੋਂ ਤਕ ਉਸਦੇ ਸਰੀਰ ਨੇ ਸਾਥ ਦਿਤਾ।

***

# ਪਰ ਉਸ ਦਿਨ...

**- ਜਸ ਮੰਡ**

"ਮੈਂ ਠੀਕ ਆਂ, ਦੁਆਈ ਖਾ ਲਈ, ਬੁਖ਼ਾਰ ਉਤਰ ਜਾਣਾ! ਤੁਸੀਂ ਚਲੋ!" ਰਜਨੀਸ਼ ਨੇ ਕਿਹਾ ਸੀ। ਉਸ ਨਾਲ ਇਹ ਮੇਰੀ ਆਖਰੀ ਮੁਲਾਕਾਤ ਸੀ।

ਪਹਿਲੀ ਮੁਲਾਕਾਤ ਉਸ ਨਾਲ ਕਦ ਹੋਈ, ਇਹ ਪੱਕਾ ਯਾਦ ਨਹੀਂ। ਸੰਨ 2000 ਵਿਚ ਅਮਰੀਕਾ ਤੋਂ ਵਾਪਸ ਆ ਕੇ ਮੈਂ ਨਵਾਂ ਜ਼ਮਾਨਾ ਦੇ ਦਫ਼ਤਰ ਅਕਸਰ ਆਉਣ ਜਾਣ ਲੱਗਾ। ਬਲਬੀਰ ਪਰਵਾਨਾ ਨਵਾਂ ਜ਼ਮਾਨਾ 'ਐਤਵਾਰਤਾ' ਦਾ ਸੰਪਾਦਕ ਹੁੰਦਾ ਸੀ ਅਤੇ ਰਜਨੀਸ਼ ਹਫਤੇ ਵਿਚ ਇਕ ਦੋ ਗੇੜੇ ਉਸ ਕੋਲ ਜ਼ਰੂਰ ਮਾਰਦਾ ਹੁੰਦਾ ਸੀ। ਉਦੋਂ ਹੀ ਉਸ ਨਾਲ ਪਹਿਲੀ ਮੁਲਾਕਾਤ ਹੋਈ ਹੋਵੇਗੀ। ਉਥੋਂ ਹੀ ਉਸ ਨਾਲ ਲਗਾਤਾਰ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ ਹੋਵੇਗਾ। ਸੰਨ 2002 ਤਾਈਂ ਉਸ ਨਾਲ ਨੇੜਤਾ ਏਨੀ ਹੋ ਗਈ ਸੀ ਕਿ ਜਦੋਂ ਅਸੀਂ ਬੀਬੀ ਸਵਰਨ ਕੌਰ ਯਾਦਗਾਰੀ ਸਨਮਾਨ ਦੀ ਸਥਾਪਨਾ ਕੀਤੀ, ਤਾਂ ਉਸ ਦੀ ਰੂਪ ਰੇਖਾ ਤਿਆਰ ਕਰਨ ਵਿਚ ਸੁਕੀਰਤ ਅਤੇ ਬਲਬੀਰ ਪਰਵਾਨਾ ਦੇ ਨਾਲ-ਨਾਲ ਰਜਨੀਸ਼ ਦਾ ਵੱਡਾ ਹੱਥ ਸੀ। ਉਪਰਲੇ ਨੰਬਰ ਉੱਤੇ ਆਈਆਂ ਕਹਾਣੀਆਂ ਨੂੰ ਪੁਸਤਕ ਰੂਪ ਦੇਣ ਦਾ ਉਪਰਾਲਾ ਵੀ ਉਸੇ ਦਾ ਸੀ ਅਤੇ ਉਨ੍ਹਾਂ ਪੁਸਤਕਾਂ ਦਾ ਸੰਪਾਦਕ ਵੀ ਉਹੋ ਸੀ।

ਸਾਲ ਸੀ 2004 ਦਾ। ਗੁਰਦਾਸ ਪੁਰ ਵਿਖੇ ਕੋਈ ਗੋਸ਼ਟੀ ਸੀ। ਰਜਨੀਸ਼, ਬਲਬੀਰ ਪਰਵਾਨਾ ਅਤੇ ਕੁਲਵੰਤ ਸੰਧੂ ਦੇ ਨਾਲ ਮੈਂ ਵੀ ਚਲਾ ਗਿਆ, ਮਨਮੋਹਨ ਬਾਵਾ ਵੀ ਪੁੱਜੇ ਹੋਏ ਸਨ। ਗੋਸ਼ਟੀ ਉਸੇ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਦੀਆਂ ਪੰਜਾਬ ਵਿਚ ਗੋਸ਼ਟੀਆਂ ਆਮ ਤੌਰ 'ਤੇ ਹੁੰਦੀਆਂ ਹੀ ਹਨ। ਲੇਖਕ ਦੀ ਹਾਜ਼ਰੀ ਵਿਚ ਲੇਖਕ ਦੀ ਵਾਹ-ਵਾਹ ਕੀਤੀ ਗਈ। ਇਕ ਬੁਲਾਰੇ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਵਿਚਾਰੀ ਜਾ ਰਹੀ ਰਚਨਾ ਉਸ ਨੇ ਪੜ੍ਹੀ ਨਹੀਂ, ਗੋਸ਼ਟੀ ਵਿਚ ਦੇਰੀ ਨਾਲ ਪੁੱਜਣ ਕਰਕੇ ਪਰਚਾ ਉਹ ਸੁਣ ਨਹੀਂ ਸਕਿਆ, ਪਰ ਉਸਨੇ ਬੋਲਣਾ ਜ਼ਰੂਰ ਹੈ। ਗੋਸ਼ਟੀ ਦਾ ਸੁਆਦ ਤਾਂ ਕੀ ਆਉਣਾ, ਉਲਟਾ ਸਾਡਾ ਮਨ ਖਰਾਬ ਹੀ ਹੋਇਆ ਸੀ। ਇਸ ਬੇਸੁਆਦੀ ਬਾਰੇ ਗੱਲਾਂ ਕਰਦਿਆਂ-ਕਰਦਿਆਂ ਗੱਲ ਨਿਕਲੀ ਕਿ ਕਿਉਂ ਨਾ ਅਸੀਂ ਅਲੱਗ ਕਿਸਮ ਦੀ ਇਕ ਗੋਸ਼ਟੀ ਸ਼ੁਰੂ ਕਰੀਏ! ਬਾਵਾ ਜੀ ਨੇ ਡਲਹੌਜ਼ੀ ਵਾਲੇ ਆਪਣੇ ਹੋਟਲ ਵਿਚ ਰਿਹਾਇਸ਼ ਦੀ ਪੇਸ਼ਕਸ਼ ਕਰ ਦਿੱਤੀ, ਮੈਂ ਖਾਣੇ ਆਦਿ ਦੀ ਜ਼ਿੰਮੇਵਾਰੀ ਲੈ ਲਈ ਅਤੇ ਅਸਲੀ ਮਿਹਨਤ ਵਾਲਾ ਕੰਮ, ਗੋਸ਼ਟੀ ਨੂੰ ਆਯੋਜਤ ਕਰਨ ਵਾਲਾ, ਇਕ ਵਾਰ ਫੇਰ ਰਜਨੀਸ਼ ਦੇ ਹਿੱਸੇ ਆਇਆ। ਅਗਲੇ ਹੀ ਸਾਲ (2005 ਵਿਚ) ਡਲਹੌਜ਼ੀ ਵਿਚ ਪਹਿਲੀ ਕਹਾਣੀ ਗੋਸ਼ਟੀ ਦਾ ਆਯੋਜਨ ਹੋਇਆ। ਪਹਿਲੀ ਹੀ ਗੋਸ਼ਟੀ ਆਪਣੇ ਆਪ ਵਿਚ ਇਕ ਪ੍ਰਾਪਤੀ ਸੀ, ਪਰੰਤੂ ਜਿਸ ਤਰ੍ਹਾਂ ਨਾਲ 18 ਵਰ੍ਹਿਆਂ ਤੱਕ ਇਹ ਗੋਸ਼ਟੀਆਂ ਆਪਣਾ ਮਿਆਰ ਹੋਰ ਤੋਂ ਹੋਰ ਉੱਚਾ ਚੁੱਕਦੀਆਂ ਗਈਆਂ, ਉਸਦਾ ਸਾਰਾ ਸਿਹਰਾ ਰਜਨੀਸ਼ ਦੇ ਸਿਰ ਹੀ ਬੱਝਦਾ ਹੈ। ਬਿਨਾ ਸ਼ੱਕ!

ਹੌਲੀ ਹੌਲੀ ਰਜਨੀਸ਼ ਨਾਲ ਮੇਰੀ ਸਾਂਝ ਦੇ ਹੋਰ ਕਈ ਤੰਦ ਜੁੜਦੇ ਗਏ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਪ੍ਰਧਾਨ ਬਣਿਆ, ਤਾਂ ਮੈਨੂੰ ਉਸਨੇ ਕਾਰਜਕਾਰੀ ਕਮੇਟੀ ਵਿਚ ਸ਼ਾਮਲ

ਕੀਤਾ। ਫੇਰ 'ਪ੍ਰਵਚਨ' ਦੇ ਪ੍ਰਿੰਟਰ/ਪਬਲਿਸ਼ਰ ਵਜੋਂ ਉਸ ਨੇ ਮੇਰਾ ਨਾਂਅ ਪਾਉਣਾ ਸ਼ੁਰੂ ਕਰ ਦਿੱਤਾ। 'ਨਵਾਂ ਜ਼ਮਾਨਾ' ਦੇ ਟਰੱਸਟੀਆਂ ਵਿਚ ਸ਼ਾਮਲ ਹੋਣ ਤੋਂ ਬਾਅਦ ਉਸ ਨਾਲ ਸਾਂਝ ਹੋਰ ਵੀ ਪੀਡੀ ਹੋ ਗਈ। ਸਾਡੀ ਸਾਂਝ ਦਾ ਆਧਾਰ ਸਾਂਝੀ ਵਿਚਾਰਧਾਰਾ ਵਿਚ ਪਿਆ ਸੀ। ਖੱਬੇਪੱਖੀ ਵਿਚਾਰਧਾਰਾ ਰਜਨੀਸ਼ ਨੇ ਡੀਕ ਲਾ ਕੇ ਪੀਤੀ ਹੋਈ ਸੀ। ਭਾਵੇਂ ਉਹ ਆਲੋਚਨਾ ਕਰ ਰਿਹਾ ਹੁੰਦਾ ਜਾਂ ਕੋਈ ਕਿਤਾਬ ਪੜ੍ਹ ਰਿਹਾ ਹੁੰਦਾ, ਭਾਵੇਂ ਸਮਾਜਕ ਤੌਰ 'ਤੇ ਵਿਚਰ ਰਿਹਾ ਹੁੰਦਾ ਜਾਂ ਰਾਜਨੀਤਕ ਸਰਗਰਮੀ ਵਿਚ ਹਿੱਸਾ ਲੈ ਰਿਹਾ ਹੁੰਦਾ, ਉਸਦੀ ਖੱਬੇਪੱਖੀ ਸੋਚ ਹਮੇਸ਼ਾ ਨਾਲੋ-ਨਾਲ ਚਲਦੀ। ਆਪਣੀ ਸ਼ਖ਼ਸੀਅਤ ਦੇ ਏਸ ਪੱਖ ਨੂੰ ਉਹ ਜ਼ਿੰਦਗੀ ਦੀ ਵੱਡੀ ਕਮਾਈ ਮੰਨਦਾ ਸੀ। "ਤੁਸੀਂ ਤਾਂ ਖੁਸ਼ਕਿਸਮਤ ਹੋ ਕਿ ਤੁਹਾਨੂੰ ਖੱਬੇਪੱਖੀ ਦ੍ਰਿਸ਼ਟੀਕੋਣ ਵਿਰਸੇ ਵਿਚ ਮਿਲਿਆ। ਮੇਰੀ ਤਾਂ ਕਿਸਮਤ ਚੰਗੀ ਸਮਝੋ ਕਿ ਪਿੰਡੋਂ ਬਾਹਰ ਨਿਕਲਿਆ ਤਾਂ ਅਜਿਹੇ ਬੰਦਿਆਂ ਦੀ ਸੋਹਬਤ ਮਿਲ ਗਈ, ਜਿਨ੍ਹਾਂ ਦੇ ਪ੍ਰਭਾਵ ਥੱਲੇ ਪ੍ਰਗਤੀਸ਼ੀਲ ਦਿੱਖ ਮਿਲੀ, ਜਿਸਨੂੰ ਸਾਰੀ ਉਮਰ ਘੁੱਟ ਕੇ ਫੜੀ ਰੱਖਿਆ।"

ਤਕਰੀਬਨ ਦਸ ਸਾਲ ਪਹਿਲਾਂ ਦੀ ਗੱਲ ਹੈ। ਰਜਨੀਸ਼ ਦਾ ਵੱਡਾ ਭਰਾ ਐਡਵੋਕੇਟ ਰਾਣਾ, ਸੁਕੀਰਤ ਅਤੇ ਮੈਂ ਜੋਸ਼ੀ ਹਸਪਤਾਲ ਵਿਚ ਡਾਕਟਰ ਦੇ ਸਾਹਮਣੇ ਬੈਠੇ ਸਾਂ। ਰਜਨੀਸ਼ ਦੀ ਐਂਜੀਓਗਰਾਫੀ ਦੇ ਹਵਾਲੇ ਨਾਲ ਡਾਕਟਰ ਨੇ ਦੱਸਿਆ ਕਿ ਰਜਨੀਸ਼ ਦੇ ਦਿਲ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਦਿਲ ਦੀਆਂ ਨਾੜੀਆਂ ਇਸ ਹਿਸਾਬ ਨਾਲ ਅਤੇ ਇਸ ਹੱਦ ਤੱਕ ਬੰਦ ਨੇ ਕਿ ਸਰਜਰੀ ਦਾ ਰਿਸਕ ਨਹੀਂ ਲਿਆ ਜਾ ਸਕਦਾ। ਉਸਦਾ ਇਹ ਫ਼ਿਕਰਾ ਸਾਡੇ ਸਿਰਾਂ ਉੱਤੇ ਬਦਾਨ ਵਾਂਗ ਵੱਜਾ ਸੀ "ਇਸਦੇ ਦਿਲ ਨੇ ਇਹਦਾ ਬਹੁਤੀ ਦੇਰ ਤਾਈਂ ਸਾਥ ਨਹੀਂ ਦੇ ਸਕਣਾ। ਵੱਧ ਤੋਂ ਵੱਧ ਇਕ-ਡੇਢ ਸਾਲ!"

ਇਹ ਡਾਢੇ ਫ਼ਿਕਰ ਵਾਲੀ ਗੱਲ ਸੀ। ਰਜਨੀਸ਼ ਦੀ ਬੀਵੀ ਦੀ ਮੌਤ ਕੁਝ ਵਰ੍ਹੇ ਪਹਿਲਾਂ ਹੋ ਚੁੱਕੀ ਸੀ। ਬੇਟਾ ਰਾਹੁਲ ਚੰਡੀਗੜ੍ਹ ਵਿਚ ਇੰਜਨੀਅਰਿੰਗ ਕਰ ਰਿਹਾ ਸੀ, ਪਰੰਤੂ ਬੇਟੀ ਸਾਰਾ ਅਜੇ ਬਹੁਤ ਛੋਟੀ ਸੀ। ਰਜਨੀਸ਼ ਨਾਲ ਸਲਾਹ ਕੀਤੀ ਕਿ ਸਾਰਾ ਨੂੰ ਡਲਹੌਜ਼ੀ ਪਬਲਿਕ ਸਕੂਲ ਵਿਚ ਦਾਖ਼ਲ ਕਰਵਾ ਦਈਏ। ਮਨਮੋਹਨ ਬਾਵਾ ਅਤੇ ਮੈਂ ਸਕੂਲ ਦੇ ਪ੍ਰਿੰਸੀਪਲ ਕੈਪਟਨ ਢਿੱਲੋਂ ਕੋਲ ਗਏ ਅਤੇ ਉਸਨੂੰ ਬੇਨਤੀ ਕੀਤੀ ਕਿ ਸਾਰਾ ਨੂੰ ਦਾਖ਼ਲ ਕਰ ਲਵੇ। ਇਸ ਗੱਲ ਦੇ ਬਾਵਜੂਦ ਕਿ ਕਲਾਸਾਂ ਸ਼ੁਰੂ ਹੋਈਆਂ ਨੂੰ ਕਈ ਮਹੀਨੇ ਹੋ ਚੁੱਕੇ ਸਨ, ਪ੍ਰਿੰਸੀਪਲ ਨੇ ਸਾਡੀ ਗੱਲ ਮੰਨਣ ਨੂੰ ਇਕ ਮਿੰਟ ਨਾ ਲਾਇਆ। ਰੀਟਾ ਅਤੇ ਮੈਂ ਸਾਰਾ ਦੇ ਲੋਕਲ ਗਾਰਡੀਅਨ ਬਣ ਗਏ। ਉਸ ਬੱਚੀ ਨੇ ਸਾਡੇ ਨਾਲ ਮੋਹ ਨੂੰ ਹੋਰ ਗੂੜ੍ਹਾ ਕਰਨ ਲਈ ਸਾਨੂੰ ਮੰਮੀ-ਪਾਪਾ ਕਹਿਣਾ ਸ਼ੁਰੂ ਕਰ ਦਿੱਤਾ। ਉਹਦੇ ਬਹਾਨੇ ਨਾਲ ਰਜਨੀਸ਼ ਦੇ ਡਲਹੌਜ਼ੀ ਵੱਲ ਗੇੜੇ ਅਕਸਰ ਲੱਗਣ ਲੱਗੇ। ਅਸੀਂ ਤਾਂ ਪਹਿਲਾਂ ਹੀ ਡਲਹੌਜ਼ੀ ਨੂੰ ਪੂਰੀਆਂ ਗਰਮੀਆਂ ਲਈ ਆਪਣੀ ਠਾਹਰ ਬਣਾ ਚੁੱਕੇ ਸਾਂ। ਉਹਦੇ ਦੋਵੇਂ ਬੱਚਿਆਂ ਦੇ ਜਨਮ ਦਿਨ ਇਕ ਦੋ ਦਿਨ ਦੇ ਫਰਕ ਨਾਲ ਹਨ, ਪਰੰਤੂ ਮਨਾਉਂਦੇ ਉਹ ਇਕੋ ਦਿਨ ਹੀ ਹੁੰਦੇ ਸਨ। ਬਹੁਤੀ ਵਾਰ ਉਹ ਜਨਮ ਦਿਨ ਮਨਾਉਣ ਡਲਹੌਜ਼ੀ ਹੀ ਆ ਜਾਂਦੇ ਸਨ। ਇਕ ਵਾਰ ਦੀਵਾਲੀ ਮਨਾਉਣ ਲਈ ਰਜਨੀਸ਼ ਅਤੇ ਰਾਹੁਲ ਜਲੰਧਰੋਂ ਆ ਗਏ ਅਤੇ ਸਾਰਾ ਨੂੰ ਅਸੀਂ ਸਕੂਲੋਂ ਲੈ ਆਏ। ਉਦੋਂ ਅਸੀਂ ਅਜੇ ਬਾਵਾ ਜੀ ਦੇ ਹੋਟਲ ਮੇਹਰ ਵਿਚ ਠਹਿਰੇ ਹੋਏ ਸਾਂ।

ਰਜਨੀਸ਼ ਨੂੰ ਆਉਂਦਿਆਂ ਸਾਰ ਹੀ ਸਾਹ ਦੀ ਤਕਲੀਫ਼ ਹੋ ਗਈ। ਅਸੀਂ ਡਾਕਟਰ ਨੂੰ ਬੁਲਾਇਆ। ਡਾਕਟਰ ਨੇ ਮੁਆਇਨਾ ਕਰ ਕੇ ਸਲਾਹ ਦਿੱਤੀ ਕਿ ਰਜਨੀਸ਼ ਨੂੰ ਜਲਦੀ ਤੋਂ ਜਲਦੀ ਵਾਪਸ ਲੈ ਜਾਇਆ ਜਾਵੇ। ਸੋ ਰਜਨੀਸ਼ ਅਤੇ ਰਾਹੁਲ ਨੂੰ ਫਟਾਫਟ ਵਾਪਸ ਮੁੜਨਾ ਪਿਆ। ਉਦੋਂ ਰਜਨੀਸ਼ ਦੀ ਹਾਲਤ ਵੇਖ ਕੇ ਅਸੀਂ ਬਹੁਤ ਡਰ ਗਏ ਸਾਂ। ਪਰੰਤੂ ਪਠਾਨਕੋਟ ਪਹੁੰਚ ਕੇ ਉਸਨੇ ਦੱਸਿਆ ਕਿ ਉਹ ਬਿਲਕੁਲ ਠੀਕ ਹੈ।

ਉਸਨੇ ਖਾਣ ਪੀਣ ਦੇ ਪਰਹੇਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਅਤੇ ਯੋਗ ਆਦਿ ਵੀ ਬਾਕਾਇਦਾ ਕਰਨ ਲੱਗਾ। ਪਰੰਤੂ ਦੌੜ-ਭੱਜ ਦਾ ਪਰਹੇਜ਼ ਉਸਨੇ ਕੋਈ ਨਾ ਕੀਤਾ। ਨੌਕਰੀ ਤੋਂ ਰਿਟਾਇਰ ਵੀ ਹੋ ਗਿਆ, ਪਰ ਸਾਹਿਤ ਦੇ ਖੇਤਰ ਵਿਚ ਉਹ ਪਹਿਲਾਂ ਵਾਂਗ ਹੀ ਸਰਗਰਮ ਰਿਹਾ। ਸ਼ਾਇਦ ਪਹਿਲਾਂ ਨਾਲੋਂ ਵੀ ਵਧੇਰੇ। ਇਹੋ ਜਿਹੇ ਬੰਦੇ ਤੋਂ ਬਿਮਾਰੀ ਵੀ ਡਰਨ ਲਗਦੀ ਹੈ। ਅਸੀਂ, ਉਹਦੇ ਸਾਰੇ ਨੇੜਲੇ ਮਿੱਤਰ, ਅੰਦਰੋ-ਅੰਦਰ ਬੜੇ ਖ਼ੁਸ਼ ਸਾਂ ਕਿ ਜਾਂ ਤਾਂ ਡਾਕਟਰ ਦੀ ਡਾਇਆਗਨੋਜ਼ ਗ਼ਲਤ ਸੀ ਅਤੇ ਜਾਂ ਰਜਨੀਸ਼ ਨੇ ਬਿਮਾਰੀ ਨੂੰ ਦਬਕਾ ਮਾਰ ਕੇ ਗੁੱਠੇ ਲਾ ਦਿੱਤਾ ਸੀ।

ਗੰਭੀਰ ਬਿਮਾਰੀ ਦੇ ਬਾਵਜੂਦ ਉਹ ਦੂਹੋ-ਦੂਹ ਕੰਮ ਕਰਦਾ ਸੀ। ਕਈ ਵਾਰ ਮੈਂ ਸੋਚਦਾ ਸਾਂ ਕਿ ਕਿਹੜੀ ਮਿੱਟੀ ਦਾ ਬਣਿਆ ਹੋਇਆ ਸੀ ਰਜਨੀਸ਼! ਕਾਲਜ ਵਿਚ ਪੜ੍ਹਾਉਣਾ ਉਸਦਾ ਕਿੱਤਾ ਸੀ, ਪਰ ਉਹ ਆਪਣੇ ਕਿੱਤੇ ਤੱਕ ਹੀ ਸੀਮਤ ਨਹੀਂ ਸੀ। ਉਹ ਕਾਲਜ ਟੀਚਰਜ਼ ਐਸੋਸੀਏਸ਼ਨ ਵਿਚ ਵੀ ਸਰਗਰਮ ਸੀ, ਕਮਿਊਨਿਸਟ ਪਾਰਟੀ ਵਿਚ ਵੀ। ਸੰਨ 2000 ਤੋਂ ਉਸਨੇ ਤ੍ਰੈਮਾਸਿਕ ਸਾਹਿਤਕ ਪਰਚਾ 'ਪ੍ਰਵਚਨ' ਵੀ ਕੱਢਣਾ ਸ਼ੁਰੂ ਕਰ ਦਿੱਤਾ ਸੀ। ਵਿਚੋਂ ਦੋ ਸਾਲ ਲਈ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਪ੍ਰਧਾਨ ਵੀ ਰਿਹਾ। 'ਨਵਾਂ ਜ਼ਮਾਨਾ' ਦੇ ਟਰੱਸਟ ਦਾ ਵੀ ਉਹ ਮੈਂਬਰ ਸੀ। ਪਰੰਤੂ ਕਿਸੇ ਵੀ ਸਰਗਰਮੀ ਨੇ ਉਸਦੀ ਅਧਿਆਪਕ ਵਜੋਂ ਜ਼ਿੰਮੇਵਾਰੀ ਵਿਚ ਊਣ ਨਹੀਂ ਸੀ ਆਉਣ ਦਿੱਤੀ। ਉਹ ਦੱਸਦਾ ਸੀ ਵਿਦਿਆਰਥੀਆਂ ਨੂੰ ਪੜ੍ਹਾਉਣਾ ਉਸਦੀ ਨੰਬਰ ਇਕ ਪਹਿਲ ਸੀ। ਇਸ ਗੱਲ ਦੀ ਉਹ ਪੂਰੀ ਟਿੱਲ ਲਾਉਂਦਾ ਸੀ ਕਿ ਉਹਦਾ ਪੀਰੀਅਡ ਕਦੇ ਵੀ ਖੁੰਝੇ ਨਾ।

ਰਜਨੀਸ਼ ਦੀ ਬਿਮਾਰੀ ਹਮੇਸ਼ਾ ਲਈ ਤਾਂ ਗੁੱਠੇ ਲੱਗੀ ਰਹਿਣ ਵਾਲੀ ਸੀ ਨਹੀਂ! ਪਿਛਲੇ ਕੁਝ ਮਹੀਨਿਆਂ ਤੋਂ ਉਸਦੀ ਹਾਲਤ ਵਾਰ-ਵਾਰ ਵਿਗੜ ਰਹੀ ਸੀ। ਮੇਰੇ ਕਹਿਣ ਉੱਤੇ ਹੁਣ ਉਹ ਸਾਡੇ ਦੋਸਤ ਡਾਕਟਰ ਜੁਗਬਦਲ ਕੋਲ ਜਾਣ ਲੱਗਾ ਸੀ। ਜੁਗਬਦਲ ਮਾਸਕੋ ਵਿਚ ਮੇਰੀ ਯੂਨੀਵਰਿਸਟੀ ਵਿਚ ਹੀ ਪੜ੍ਹਿਆ ਹੋਇਆ ਹੈ ਅਤੇ ਹੁਣ ਜਲੰਧਰ ਦੇ ਐਨ. ਐਚ. ਐਸ. ਹਸਪਤਾਲ ਵਿਚ ਡਾਕਟਰ ਹੈ। ਉਸਨੇ ਰਜਨੀਸ਼ ਦਾ ਆਪਣਿਆਂ ਵਾਂਗ ਖਿਆਲ ਰੱਖਿਆ। ਰਜਨੀਸ਼ ਵੀ ਉਸ ਤੋਂ ਬਹੁਤ ਖ਼ੁਸ਼ ਸੀ। ਸਾਰੇ ਟੈਸਟਾਂ ਤੋਂ ਬਾਅਦ ਜੁਗਬਦਲ ਨੇ ਰਾਇ ਦਿੱਤੀ ਕਿ ਰਜਨੀਸ਼ ਦੇ ਦਿਲ ਨੂੰ ਜੇ ਇੰਝ ਹੀ ਛੱਡ ਦਿੱਤਾ ਗਿਆ ਤਾਂ ਵੱਡੇ ਖ਼ਤਰੇ ਦਾ ਖਦਸ਼ਾ ਹਰ ਵੇਲੇ ਬਣਿਆ ਰਹੇਗਾ। ਸਰਜਰੀ ਬੜੀ ਪੇਚੀਦਾ ਹੋਵੇਗੀ, ਖ਼ਤਰੇ ਤੋਂ ਖਾਲੀ ਵੀ ਨਹੀਂ, ਪਰੰਤੂ ਹੋਰ ਕੋਈ ਹੱਲ ਵੀ ਨਹੀਂ ਹੈ। ਸਰਜਰੀ ਬਾਰੇ ਰਾਹੁਲ ਦੇਸ਼ ਦੇ ਵੱਡੇ ਡਾਕਟਰਾਂ ਨਾਲ ਸਲਾਹ ਕਰ ਰਿਹਾ ਸੀ।

ਮੈਂ ਦਿੱਲੀ ਵਿਚ ਹੀ ਸਾਂ, ਜਦੋਂ ਰਜਨੀਸ਼ ਦਾ 8 ਫਰਵਰੀ ਨੂੰ ਫੋਨ ਆਇਆ ਕਿ 12

ਫਰਵਰੀ ਨੂੰ 12 ਕੁ ਵਜੇ ਰਾਜਾ ਗਾਰਡਨ ਦੇ ਗੁਰਦੁਆਰੇ ਵਿਖੇ ਰਾਹੁਲ ਦੇ ਰੋਕੇ ਦੀ ਰਸਮ ਹੋਵੇਗੀ, ਸੋ ਉੱਥੇ ਜ਼ਰੂਰ ਪਹੁੰਚੀਏ। ਉਸਦੇ ਹੁਕਮ ਮੁਤਾਬਕ ਗੀਟਾ ਅਤੇ ਮੈਂ ਦਿੱਤੇ ਸਮੇਂ ਉੱਤੇ ਪਹੁੰਚ ਗਏ। ਪਹਿਲਾਂ ਗੁਰਦੁਆਰਾ ਸਾਹਿਬ, ਫੇਰ ਰੈਸਟੋਰੈਂਟ ਅਤੇ ਫੇਰ ਕੁੜਮਾਂ ਦੇ ਘਰ, ਪੂਰੇ ਚਾਰ ਘੰਟੇ ਰਜਨੀਸ਼ ਨਾਲ ਬਿਤਾਏ। ਹਰ ਰਸਮ ਵੇਲੇ ਉਸਨੇ ਮੈਨੂੰ ਆਪਣੇ ਨਾਲ ਖੜ੍ਹਾ ਕੀਤਾ। ਰਸਮਾਂ ਵਾਲੇ ਕੁਝ ਪਲਾਂ ਨੂੰ ਛੱਡ ਕੇ ਬਾਕੀ ਸਾਰਾ ਸਮਾਂ ਅਸੀਂ ਸਾਹਿਤ ਅਤੇ ਰਾਜਨੀਤੀ ਦੀਆਂ ਗੱਲਾਂ ਕਰਦੇ ਰਹੇ। ਪੰਜਾਂ ਰਾਜਾਂ ਵਿਚ ਚੋਣਾਂ ਹੋ ਰਹੀਆਂ ਸਨ। ਉਸਨੂੰ ਸੌ ਫੀਸਦੀ ਯਕੀਨ ਸੀ ਕਿ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਗੋਆ ਵਿਚ ਭਾਜਪਾ ਹਾਰ ਦਾ ਮੂੰਹ ਦੇਖੇਗੀ ਅਤੇ ਪੰਜਾਬ ਵਿਚ ਕਾਂਗਰਸ ਸੌਖਿਆਂ ਹੀ ਸਰਕਾਰ ਬਣਾ ਲਵੇਗੀ। ਮੈਨੂੰ ਉਹਦੇ ਵਰਗਾ ਯਕੀਨ ਤਾਂ ਨਹੀਂ ਸੀ, ਪਰ ਮੈਂ ਉਹਦੇ ਨਾਲ ਅਸਹਿਮਤ ਵੀ ਨਹੀਂ ਸਾਂ। "ਤੁਹਾਡੇ ਮੂੰਹ ਵਿਚ ਘਿਓ ਸ਼ੱਕਰ!" ਮੈਂ ਉਸਨੂੰ ਆਖਿਆ ਸੀ। ਖੇਤੀ ਕਾਨੂੰਨਾਂ ਦੀ ਵਾਪਸੀ ਬਾਰੇ ਉਹ ਉਤਸ਼ਾਹਤ ਸੀ, ਪਰ ਕਿਸਾਨਾਂ ਵਲੋਂ ਪੰਜਾਬ ਵਿਚ ਚੋਣਾਂ ਲੜਨ ਦੇ ਫ਼ੈਸਲੇ ਦੇ ਉਹ ਨਾਲ ਨਹੀਂ ਸੀ। "ਸੁਕੀਰਤ ਵੀ ਜਲੰਧਰ ਵਾਪਸ ਆ ਗਿਆ ਹੈ, ਜਦੋਂ ਤੁਸੀਂ ਵੀ ਆ ਜਾਂਦੇ ਹੋ, ਆਪਾਂ ਭਾਰਤ ਵਿਚ ਲੋਕਤੰਤਰ ਦੀ ਸਥਿਤੀ ਅਤੇ ਖੱਬੀਆਂ ਧਿਰਾਂ ਦੀ ਭੂਮਿਕਾ ਬਾਰੇ ਇਕ ਛੋਟੀ ਜਿਹੀ ਗੋਸ਼ਟੀ ਕਰੀਏ! ਆਪਾਂ ਤਾਂ ਜੋ ਕਰ ਸਕਦੇ ਹਾਂ ਕਰੀਏ!" ਹਾਲਾਂਕਿ ਛੋਟੀ ਜਿਹੀ ਗੋਸ਼ਟੀ ਤਾਂ ਰਜਨੀਸ਼ ਹਰ ਦਸੀਂ-ਪੰਦਰੀਂ ਦਿਨੀਂ ਮਿਲ ਕੇ ਨਹੀਂ ਤਾਂ ਫੋਨ 'ਤੇ ਹੀ ਕਰ ਲੈਂਦਾ ਹੁੰਦਾ ਸੀ।

ਪਿਛਲੇ ਕੁਝ ਸਮੇਂ ਤੋਂ ਉਹ ਰਵਾਇਤੀ ਗੋਸ਼ਟੀਆਂ ਉੱਤੇ ਜਾਣਾ ਪਸੰਦ ਨਹੀਂ ਸੀ ਕਰਦਾ। "ਫਾਲਤੂ ਦੇ ਕੰਮ ਨੇ ਇਹ! ਲਿਹਾਜ਼ ਪਾਲਣ ਲਈ ਗੋਸ਼ਟੀਆਂ ਕਰਦੇ ਨੇ!" ਅਤੇ ਰਜਨੀਸ਼ ਆਪਣੇ ਸਕੇ ਦਾ ਵੀ ਲਿਹਾਜ਼ ਨਹੀਂ ਸੀ ਕਰਦਾ। ਕੁਝ ਮਹੀਨੇ ਪਹਿਲਾਂ ਦੀ ਗੱਲ ਹੈ। ਡਿਫੈਂਸ ਮਨਿਸਟਰੀ ਵਿਚ ਤਾਇਨਾਤ ਕਿਸੇ ਵੱਡੇ ਅਫਸਰ ਨੇ ਉਹਨੂੰ ਫੋਨ ਕੀਤਾ ਕਿ ਉਹ ਕੋਈ ਲੇਖ ਭੇਜ ਰਿਹਾ ਹੈ, 'ਪ੍ਰਵਚਨ' ਵਿਚ ਛਾਪ ਦੇਣਾ! ਰਜਨੀਸ਼ ਨੇ ਕੋਰਾ ਜੁਆਬ ਦਿੱਤਾ ਕਿ ਅਫ਼ਸਰੀ ਆਪਣੇ ਥਾਂ ਹੈ, ਪਰੰਤੂ ਲੇਖ ਤਾਂ ਤਾਂ ਹੀ ਛਪੇਗਾ, ਜੇ ਛਪਣਯੋਗ ਹੋਵੇਗਾ! ਇਸ ਫੋਨ ਤੋਂ ਕੁਝ ਹਫਤੇ ਮਗਰੋਂ ਰਜਨੀਸ਼ ਦਾ ਫੇਸਬੁੱਕ ਅਕਾਊਂਟ ਬੰਦ ਹੋ ਗਿਆ। ਰਜਨੀਸ਼ ਨੂੰ ਸ਼ੱਕ ਸੀ ਕਿ ਇਹਦੇ ਪਿੱਛੇ ਸ਼ਾਇਦ ਉਸੇ ਅਫ਼ਸਰ ਦਾ ਹੱਥ ਹੋਵੇ! ਕੋਈ ਲੇਖਕ ਪੁੱਛ ਬੈਠੇ ਕਿ ਜਿਹੜੀ ਕਿਤਾਬ ਉਸਨੇ ਭੇਜੀ ਸੀ, ਉਹ ਪੜ੍ਹ ਲਈ, ਤਾਂ ਰਜਨੀਸ਼ ਵਲੋਂ ਏਦਾਂ ਦਾ ਜੁਆਬ ਵੀ ਮਿਲ ਸਕਦਾ ਸੀ: "ਕਿਉਂ ਪੜ੍ਹਾਂ ਮੈਂ ਤੇਰੀ ਕਿਤਾਬ?" ਕਿਸੇ ਲੇਖਕ ਨੂੰ ਰਜਨੀਸ਼ ਦੀ ਆਲੋਚਨਾ ਪਹਿਲੀ ਨਜ਼ਰੇ ਭਾਵੇਂ ਕੌੜੀ ਵੀ ਲੱਗੀ ਹੋਵੇ, ਪਰੰਤੂ ਜ਼ਰਾ ਜਿੰਨਾ ਡੂੰਘਾਈ ਨਾਲ ਸੋਚਣ ਉਪਰੰਤ ਉਹੀ ਗੱਲ ਤਰਕ-ਸੰਗਤ ਅਤੇ ਉਸਾਰੂ ਭਾਸਦੀ ਸੀ। ਸ਼ਾਇਦ ਇਹੋ ਕਾਰਨ ਸੀ ਕਿ ਇਕ ਪਾਸਿਓਂ ਰਜਨੀਸ਼ ਦੀ ਪਛਾਣ ਕੁਰਖ਼ਤ ਆਲੋਚਕ ਵਜੋਂ ਬਣੀ ਹੋਈ ਸੀ ਅਤੇ ਦੂਜੇ ਪਾਸਿਓਂ ਬਹੁਤ ਹੀ ਮਿਲਣਸਾਰ ਅਤੇ ਪਿਆਰੇ ਇਨਸਾਨ ਵਜੋਂ।

ਗੋਸ਼ਟੀਆਂ ਵਿਚ ਬੜੀ ਵਾਰ ਅਜਿਹਾ ਹੁੰਦਾ ਸੀ ਕਿ ਕਿਸੇ ਰਚਨਾ ਬਾਰੇ ਉਹਦੀ ਰਾਇ ਮੇਰੀ ਰਾਇ ਤੋਂ ਵੱਖਰੀ ਹੁੰਦੀ ਅਤੇ ਅਸੀਂ ਖੁੱਲ੍ਹ ਕੇ ਆਪਣੀ-ਆਪਣੀ ਗੱਲ ਕਰਦੇ। ਕਿਸੇ ਨੁਕਤੇ ਬਾਰੇ ਲੰਮੀ ਬਹਿਸ ਕਰਨ ਤੋਂ ਬਾਅਦ ਵੀ ਸਾਡਾ ਇਕ ਮੱਤ ਨਾ ਬਣਦਾ ਤਾਂ ਅਸੀਂ

ਅਸਹਿਮਤੀ ਬਾਰੇ ਸਹਿਮਤੀ ਪ੍ਰਗਟ ਕਰ ਕੇ ਗੱਲ ਟਾਲ ਦੇਂਦੇ, ਪਰ ਕਦੇ ਵੀ ਤਲਖ਼ੀ ਦਾ ਪਰਛਾਵਾਂ ਨਹੀਂ ਸੀ ਪੈਣ ਦੇਂਦੇ! ਮੇਰੀ ਕੋਈ ਰਚਨਾ ਉਸਨੂੰ ਪਸੰਦ ਨਾ ਆਉਂਦੀ ਤਾਂ ਉਹ ਠਾਹ ਸੋਟਾ ਨਾ ਮਾਰਦਾ, ਥੋੜ੍ਹਾ ਲਿਹਾਜ਼ ਕਰ ਜਾਂਦਾ: "ਤੁਹਾਡੇ ਮਿਆਰ ਦੀ ਨਹੀਂ ਲੱਗੀ!" ਪਰੰਤੂ ਅਕਸਰ ਉਸਦੀ ਆਲੋਚਨਾ ਲਿਹਾਜ਼ ਤੋਂ ਵਿਰਵੀ ਹੁੰਦੀ। ਆਮ ਤੌਰ 'ਤੇ ਮੁਸਕਰਾਂਦੇ ਰਹਿਣ ਵਾਲੇ ਅਤੇ ਹਲੀਮੀ ਭਰੇ ਰਜਨੀਸ਼ ਦੀ ਜ਼ੁਬਾਨ ਆਲੋਚਨਾ ਕਰਨ ਵੇਲੇ ਇੰਜ ਚਲਦੀ, ਜਿਵੇਂ ਹੁਣੇ-ਹੁਣੇ ਕੋਈ ਤਲਵਾਰ ਸਾਣ ਉੱਤੇ ਲੱਗ ਕੇ ਆਈ ਹੋਵੇ! ਜਿਵੇਂ ਉਸ ਦੇ ਹੱਥ ਕਲਮ ਨਹੀਂ, ਕੁਹਾੜਾ ਫੜਿਆ ਹੋਵੇ! ਦੋਸਤ, ਮਿੱਤਰ ਕਈ ਵਾਰ ਰਜਨੀਸ਼ ਨੂੰ ਆਖਦੇ ਸਨ: "ਆਲੋਚਨਾ ਕਰਨ ਵੇਲੇ ਇੰਝ ਗੜਾਸਾ ਨਾ ਫੇਰਿਆ ਕਰ!" ਉਸਦਾ ਜੁਆਬ ਹੁੰਦਾ: "ਜਾਂ ਤਾਂ ਮੈਨੂੰ ਬੋਲਣ ਲਈ ਸੱਦਿਆ ਹੀ ਨਾ ਕਰਨ। ਪਰ ਜੇ ਮੈਂ ਬੋਲਾਂਗਾ, ਤਾਂ ਝੂਠ ਤਾਂ ਨਹੀਂ ਬੋਲ ਸਕਦਾ!"

ਪਰ ਉਸ ਦਿਨ, ਰਜਨੀਸ਼, ਤੂੰ ਝੂਠ ਬੋਲ ਗਿਆ ਸੀ। 12 ਫਰਵਰੀ 2022, ਸ਼ਾਮ ਦੇ ਚਾਰ ਵਜੇ। ਜਦੋਂ ਤੂੰ ਆਖਿਆ ਸੀ: "ਮੈਂ ਠੀਕ ਆਂ, ਦੁਆਈ ਖਾ ਲਈ, ਬੁਖਾਰ ਉਤਰ ਜਾਣਾ!" ਤੂੰ ਠੀਕ ਨਹੀਂ ਸੀ। ਪਿਛਲੇ ਚਾਰ ਘੰਟਿਆਂ ਦੌਰਾਨ ਰੀਟਾ ਤੈਨੂੰ ਕਈ ਵਾਰ ਕਹਿ ਚੁੱਕੀ ਸੀ, ਕਿ "ਤੁਹਾਡੀ ਸਿਹਤ ਠੀਕ ਨਹੀਂ ਲੱਗ ਰਹੀ!" ਉਸੇ ਨੇ ਜ਼ਿੱਦ ਕਰਕੇ ਤੁਹਾਨੂੰ ਚਲਦੀ ਪਾਰਟੀ ਵਿਚੋਂ ਉੱਠ ਕੇ ਅਰਾਮ ਜਾ ਕਰਨ ਲਈ ਪ੍ਰੇਰਿਆ ਸੀ। ਸਾਡੇ ਚਲੇ ਜਾਣ ਤੋਂ ਥੋੜ੍ਹੀ ਹੀ ਦੇਰ ਵਿਚ ਤੇਰੀ ਹਾਲਤ ਜ਼ਿਆਦਾ ਵਿਗੜ ਗਈ ਸੀ। ਤੈਨੂੰ ਹਸਪਤਾਲ ਲੈ ਗਏ ਸਨ। ਪਹਿਲਾਂ ਆਕਸੀਜਨ, ਤੇ ਫੇਰ ਵੈਂਟੀਲੇਟਰ। 14 ਫਰਵਰੀ ਦੀ ਸ਼ਾਮ ਰੀਟਾ ਅਤੇ ਮੈਂ ਹਸਪਤਾਲ ਗਏ ਵੀ, ਪਰੰਤੂ ਤੈਨੂੰ ਵੇਖਣ ਦਾ ਹੌਸਲਾ ਨਾ ਪਿਆ! ਸਾਨੂੰ ਪਤਾ ਸੀ ਕਿ ਵੈਂਟੀਲੇਟਰ ਨਾਲ ਜੁੜਿਆ ਰਜਨੀਸ਼ ਉਸ ਤਰ੍ਹਾਂ ਦੀ ਫੁਰਤੀ ਨਾਲ ਉੱਠ ਕੇ ਨਹੀਂ ਬੈਠੇਗਾ ਅਤੇ ਉਸ ਤਰ੍ਹਾਂ ਦੀ ਗੜਕਦੀ ਅਵਾਜ਼ ਵਿਚ ਹਾਲ-ਚਾਲ ਨਹੀਂ ਪੁੱਛ ਸਕੇਗਾ, ਜਿਸ ਤਰ੍ਹਾਂ ਕੁਝ ਦਿਨ ਪਹਿਲਾਂ ਐਨ. ਐਚ. ਐਸ. ਹਸਪਤਾਲ ਦੇ ਆਈ. ਸੀ. ਯੂ. ਵਿਚ ਮਿਲਣ ਗਏ ਨੂੰ ਪੁੱਛਿਆ ਸੀ! ਪਰ ਇੰਜ ਤੂੰ ਕਦੇ ਵੀ ਨਹੀਂ ਕਰੇਗਾ, ਇਹ ਕੁਲਹਿਣੀ ਖ਼ਬਰ ਸਾਨੂੰ ਅਗਲੀ ਦੁਪਹਿਰ ਨੂੰ ਮਿਲੀ!

***


ਪੁਸਤਕ **ਲੰਮੇ ਪੈਂਡਿਆਂ ਦਾ ਪਾਂਧੀ**:ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

- **ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

**ਪੰਨੇ:** 320 **ਮੁੱਲ:** 280/-

# ਮੇਰੇ ਪਾਪਾ

**- ਰਾਹੁਲ ਸਿੰਘ**

ਸਾਰਾ ਤੇ ਮੈਂ ਆਪਣੀ ਮਾਂ ਨੂੰ ਮੁਢਲੀ ਉਮਰ ਵਿਚ ਖੋਹ ਚੁੱਕੇ ਸੀ। ਉਹ 7 ਵਰ੍ਹਿਆਂ ਦੀ ਸੀ ਤੇ ਮੈਂ 17 ਦਾ। ਮੈਨੂੰ ਅੱਜ ਵੀ ਯਾਦ ਹੈ ਉਹ ਭੈੜਾ ਦਿਨ, ਜਦ ਮੈਂ ਸਾਰਾ ਨੂੰ ਸਕੂਲ ਤੋਂ ਲੈਣ ਗਿਆ ਸੀ। ਉਹ ਨਿੱਕੀ ਜਿਹੀ ਬੱਚੀ ਨੂੰ ਖੁਸ਼ੀ-ਖੁਸ਼ੀ ਕਲਾਸ ਤੋਂ ਬਾਹਰ ਆਉਂਦੇ ਵੇਖ ਮੇਰਾ ਦਿਲ ਹੋਰ ਟੁੱਟ ਗਿਆ। ਕੌਣ ਏਨੀ ਨਿੱਕੀ ਕੁੜੀ ਨੂੰ ਸਮਝਾਏਗਾ, ਇਹਨੂੰ ਕਿਸ ਤਰ੍ਹਾਂ ਪਾਲਾਂਗੇ, ਸਭ ਕਿਸ ਤਰ੍ਹਾਂ ਹੋਵੇਗਾ, ਇਹ ਸਭ ਸਵਾਲ ਮੇਰੇ ਜ਼ਿਹਨ ਵਿਚ ਵਾਰ ਵਾਰ ਆਉਂਦੇ ਪਏ ਸੀ। ਮੈਨੂੰ ਪਾਪਾ ਦਾ ਉਹ ਦੁੱਖ ਭਰਿਆ ਚਿਹਰਾ ਅੱਜ ਤੱਕ ਯਾਦ ਹੈ। ਉਹ ਮੇਰੇ ਨਾਲ ਨਜ਼ਰਾਂ ਨਹੀਂ ਮਿਲਾ ਪਾ ਰਹੇ ਸਨ। ਓਸ ਸਵੇਰ ਉਨ੍ਹਾਂ ਨੇ ਸਿਰਫ ਮੈਨੂੰ ਘੁੱਟ ਕੇ ਜੱਫੀ ਪਾਈ ਤੇ ਕਿਹਾ ਕਿ 'ਮੈਂ ਹੀ ਤੇਰੀ ਮਾਂ ਹਾਂ ਤੇ ਮੈਂ ਹੀ ਬਾਪ।' ਉਨ੍ਹਾਂ ਦੇ ਇਹ ਸ਼ਬਦ ਹੁਣ ਤੱਕ ਮੇਰੇ ਕੰਨਾਂ ਵਿਚ ਅਕਸਰ ਗੂੰਜਦੇ ਨੇ। 'ਕੱਲਿਆਂ ਬੈਠ ਕੇ ਉਨ੍ਹਾਂ ਦੀ ਹਰ ਨਿੱਕੀ ਵੱਡੀ ਗੱਲ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ। ਓਸ ਦਿਨ ਤੋਂ ਲੈ ਕੇ ਅੱਗੇ ਹਰ ਦਿਨ ਤੱਕ ਉਨ੍ਹਾਂ ਨੇ ਇਕ ਇਕ ਦਿਨ ਮਾਂ ਤੇ ਪਿਓ ਦੋਵਾਂ ਦਾ ਫਰਜ਼ ਬਾਖੂਬੀ ਨਿਭਾਇਆ। ਚਾਹੇ ਉਹ ਸਾਰਾ ਅਤੇ ਮੇਰੀ ਪਸੰਦ ਦੀ ਸਬਜ਼ੀ ਬਣਾਉਣੀ ਹੋਵੇ ਜਾਂ ਸਰਦੀਆਂ ਵਿਚ ਸਾਨੂੰ ਪੰਜੀਰੀ ਬਣਾ ਕੇ ਦੇਣੀ, ਹਰ ਨਿੱਕੀ ਨਿੱਕੀ ਗੱਲ ਦਾ ਖਿਆਲ ਉਹ ਆਪਣੇ ਨਾਲ ਲੈ ਕੇ ਚੱਲੇ। ਸਾਨੂੰ ਕਦੇ ਵੀ ਮਾਂ ਦੇ ਨਾ ਹੋਣ ਦਾ ਅਹਿਸਾਸ ਨਹੀਂ ਹੋਣ ਦਿੱਤਾ। ਸਾਰਾ ਦਾ ਉਨ੍ਹਾਂ ਨਾਲ ਅਥਾਹ ਪ੍ਰੇਮ ਸੀ। ਹਰ ਰੋਜ਼ ਬਾਪੂ ਧੀ ਨੇ ਗੱਲਾਂ ਮਾਰਨੀਆਂ। ਜੇ ਪਾਪਾ ਨੇ ਘਰੋਂ ਬਾਹਰ ਜਾਣਾ ਤਾਂ ਸਾਰਾ ਨੇ ਤਦ ਤੱਕ ਕੁਝ ਨਹੀਂ ਖਾਣਾ, ਜਦ ਤੱਕ ਪਾਪਾ ਨੇ ਘਰ ਨਹੀਂ ਮੁੜ ਆਉਣਾ। ਇਹ ਸਭ ਗੱਲਾਂ ਹੁਣ ਯਾਦ ਬਣ ਕੇ ਰਹਿ ਗਈਆਂ ਨੇ।

ਇਹ ਕਰੋਨਾ ਦੀ ਹੀ ਬਦੌਲਤ ਸੀ ਕਿ ਮੈਂ ਬਾਹਰਵੀਂ ਤੋਂ ਬਾਦ ਏਨਾ ਚਿਰ ਉਨ੍ਹਾਂ ਦੇ ਨਾਲ ਰਿਹਾ। ਫੋਨ 'ਤੇ ਤਾਂ ਅਸੀਂ ਅਕਸਰ ਗੱਲਾਂ ਕਰਿਆ ਕਰਦੇ ਸੀ ਪਰ ਨਾਲ ਰਹਿਣ ਦੀ, ਉੱਠਣ ਬੈਠਣ ਦੀ ਗੱਲ ਹੀ ਕੁਝ ਹੋਰ ਹੁੰਦੀ ਹੈ। ਹਰ ਸਵੇਰ ਉੱਠ ਕੇ ਬਾਹਰ ਜਾਣਾ ਅਤੇ ਜ਼ੋਰ ਦੀ ਹੱਥ ਖੜ੍ਹੇ ਕਰ ਕੇ ਕਹਿਣਾ 'ਗੁੱਡ ਮਾਰਨਿੰਗ ਬਾਪੂ ਜੀ!' ਯੋਗਾ ਕਰਦੇ ਹੋਏ ਪਾਪਾ ਦਾ ਹੱਸ ਕੇ ਹੱਥ ਉੱਪਰ ਚੁੱਕਣਾ ਤੇ ਮੈਨੂੰ ਪਿਆਰ ਨਾਲ ਵਾਪਸ ਜਵਾਬ ਦੇਣਾ - 'ਗੁੱਡ ਮਾਰਨਿੰਗ ਮਾਈ ਲਵਲੀ ਸੱਨ!' ਹਰ ਸਵੇਰ ਏਦਾਂ ਹੀ ਹੁੰਦੀ ਸੀ। ਉਨ੍ਹਾਂ ਦੇ ਨਾਲ ਰਹਿ ਕੇ ਇਕ ਅਲੱਗ ਹੀ ਹੌਸਲਾ ਮੇਰੀ ਜ਼ਿੰਦਗੀ ਵਿਚ ਆਇਆ। ਕਿਸੇ ਦਾ ਹਰ ਵੇਲੇ ਹੱਥ ਸਿਰ 'ਤੇ ਹੋਣ ਦਾ ਅਹਿਸਾਸ ਹੁੰਦਾ ਸੀ, ਮੈਂ ਹਰ ਨਿੱਕੀ ਜੇਹੀ ਗੱਲ ਉਨ੍ਹਾਂ ਨਾਲ ਸਲਾਹ ਕਰ ਕੇ ਕਰਨੀ, ਤੇ ਕਈ ਵਾਰ ਉਨ੍ਹਾਂ ਨਾਲ ਰਾਜਨੀਤੀ ਬਾਰੇ ਚਰਚਾ ਕਰਨੀ। ਪਾਪਾ ਦੀ ਹਰ ਇਕ ਗੱਲ ਬਾਰੇ ਬਹੁਤ ਹੀ ਸਪਸ਼ਟ ਰਾਏ ਹੁੰਦੀ ਸੀ। ਉਨ੍ਹਾਂ ਨੇ ਹਰ ਗੱਲ ਮਨੁੱਖਤਾ ਦੇ ਸਿਧਾਂਤ ਨੂੰ ਲੈ ਕੇ ਸੋਚਣੀ। ਹਰ ਗੱਲ 'ਤੇ ਸੋਚਣਾ ਕਿ ਜਿਹੜਾ ਲਾਈਨ ਵਿਚ ਆਖਰੀ ਬੰਦਾ ਹੈ, ਉਹਦੇ 'ਤੇ ਇਹਦਾ ਕੀ ਅਸਰ ਹੋਵੇਗਾ! ਭਾਰਤ ਦੇ ਬਦਲ ਰਹੇ ਹਾਲਾਤ ਬਾਰੇ ਉਹ ਅਕਸਰ ਚਿੰਤਾ ਜ਼ਾਹਿਰ ਕਰਦੇ। ਏਸ ਦੇਸ਼ ਨਾਲ ਉਨ੍ਹਾਂ ਨੂੰ ਬਹੁਤ ਪ੍ਰੇਮ ਸੀ, ਆਪਣੇ ਪਿੰਡ ਦੀਆਂ ਗੱਲਾਂ ਉਹ ਅਕਸਰ ਮੇਰੇ ਨਾਲ ਕਰਦੇ। ਹਰ ਸ਼ਾਮ ਟੀ ਵੀ

’ਤੇ ਵਧ ਰਹੀ ਹਿੰਸਾ ਦੀਆਂ ਖਬਰਾਂ ਸੁਣ ਕੇ ਅਕਸਰ ਮਾਯੂਸ ਹੋ ਜਾਂਦੇ। ਉਨ੍ਹਾਂ ਨਾਲ ਬੈਠੇ ਬੈਠੇ ਕਦ ਸ਼ਾਮ ਤੋਂ ਰਾਤ ਹੋ ਜਾਂਦੀ, ਪਤਾ ਹੀ ਨਾ ਚਲਦਾ।

ਮੈਂ ਜੋ ਕੁਝ ਵੀ ਅੱਜ ਬਣ ਸਕਿਆ ਹਾਂ, ਪਾਪਾ ਦੀ ਬਦੌਲਤ ਹੈ। ਛੋਟੀ ਉਮਰ ਵਿਚ ਮਾਂ ਦੇ ਚਲੇ ਜਾਣ ਤੋਂ ਬਾਅਦ ਬੱਚੇ ਦੇ ਵਿਅਕਤਿਤਵ ਉੱਤੇ ਡੂੰਘਾ ਅਸਰ ਪੈਂਦਾ ਹੈ। ਇਹ ਅਸਰ ਉਸਨੂੰ ਕਿਸੇ ਪਾਸੇ ਲਿਜਾ ਸਕਦਾ ਹੈ। ਮੈਨੂੰ ਅਕਸਰ ਪਾਪਾ ਦੀ ਇਕ ਹੋਸਟਲ ਵਿਚ ਕਹੀ ਗੱਲ ਯਾਦ ਆਉਂਦੀ ਹੈ। ਪਹਿਲਾ ਦਿਨ ਸੀ ਮੇਰਾ ਪੰਜਾਬ ਯੂਨੀਵਰਿਸਟੀ ਹੋਸਟਲ ਵਿਚ, ਜਦੋਂ ਪਾਪਾ ਮੈਨੂੰ ਛੱਡਣ ਆਏ ਸੀ। ਦਿਲ ਘਬਰਾ ਵੀ ਰਿਹਾ ਸੀ ਕਿਉਂਕਿ ਮੈਂ ਕਦੇ ਘਰ ਤੋਂ ਏਨੀ ਦੂਰ ਨਹੀਂ ਸੀ ਆਇਆ ਤੇ ਥੋੜ੍ਹਾ ਮਨ ਉਦਾਸ ਵੀ ਸੀ ਕਿਉਂਕਿ ਮੈਂ ਆਪਣੇ ਘਰ ਤੋਂ ਹੁਣ ਨਿਕਲ ਚੁੱਕਾ ਸੀ। ਮੈਨੂੰ ਅੰਦਾਜ਼ਾ ਸੀ ਕਿ ਸ਼ਾਇਦ ਇਹ ਦੂਰੀ ਸਮੇਂ ਨਾਲ ਅੱਗੇ ਵਧਦੀ ਜਾਏਗੀ। ਪਾਪਾ ਨੇ ਮੈਨੂੰ ਹੋਸਟਲ ਛਡਦਿਆਂ ਕਿਹਾ ਕਿ “ਪੁੱਤਰ, ਇਹ ਪੰਜ ਸਾਲ ਤੂੰ ਪੂਰੀ ਐਸ਼ ਕਰਨੀ ਹੈ, ਇਹ ਸਮਾਂ ਮੁੜ ਕਦੇ ਨਹੀਂ ਆਉਣਾ, ਜਦ ਮੈਂ ਘਰੋਂ ਬਾਹਰ ਨਿਕਲਿਆ ਸੀ, ਹੋਸਟਲ ਗਿਆ ਸੀ, ਤੇ ਮੈਂ ਬਹੁਤ ਕੁਝ ਸਿੱਖਿਆ, ਲੋਕਾਂ ਨਾਲ ਉੱਠਣਾ ਬੈਠਣਾ, ਇਕ ਵਿਚਾਰਧਾਰਾ ਨਾਲ ਜੁੜਨਾ, ਤੇ ਜ਼ਿੰਦਗੀ ਨੂੰ ਕਿਸ ਤਰ੍ਹਾਂ ਖੁਸ਼ ਤਬੀਅਤ ਹੋ ਕੇ ਜੀਣਾ ਹੈ, ਇਹ ਸਭ ਸਿੱਖਿਆ। ਹੁਣ ਤੇਰੀ ਵਾਰੀ ਹੈ। ਆਪਣੀ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਜੀਅ, ਬੱਸ ਇਹ ਨਾ ਭੁੱਲੀਂ ਕਿ ਯੂਨੀਵਰਿਸਟੀ ਆਏ ਕਿਉਂ ਹੋ। ਪੜ੍ਹਾਈ ਕਰਨੀ ਨਾ ਭੁੱਲਿਓ, ਬਾਕੀ ਜੋ ਜੀਅ ’ਚ ਆਉਂਦਾ ਹੈ ਕਰੋ, ਖੁੱਲ੍ਹ ਕੇ ਕਰੋ!” ਉਨ੍ਹਾਂ ਦੀਆਂ ਇਹ ਛੋਟੀਆਂ ਛੋਟੀਆਂ ਗੱਲਾਂ ਕਿਸ ਖੂਬਸੂਰਤੀ ਨਾਲ ਜ਼ਿੰਦਗੀ ਨੂੰ ਬਿਆਨ ਕਰ ਦੇਂਦੀਆਂ ਸੀ! ਜ਼ਿੰਦਗੀ ਵਿਚ ਇਕ ਬੇਫ਼ਿਕਰਾਪਣ ਹੋਣਾ। ਜੋ ਕੁਝ ਸਾਹਮਣੇ ਆ ਜਾਏ, ਹਮੇਸ਼ਾ ਖੁਸ਼ ਤੇ ਆਸਵੰਦ ਰਹਿਣਾ। ਜ਼ਿੰਦਗੀ ਨੂੰ ਇਕ ਦਿਨ ਕਰ ਕੇ ਜੀਣਾ, ਇਹ ਸਭ ਪਾਪਾ ਅਕਸਰ ਕਿਹਾ ਕਰਦੇ ਸੀ।

ਸਾਰਾ ਤੇ ਮੈਨੂੰ ਕਈ ਵਾਰ ਹੁਣ ਵੀ ਯਕੀਨ ਨਹੀਂ ਆਉਂਦਾ ਕਿ ਅਸੀਂ ਕਦੇ ਉਹ ਖੁਸ਼ ਤਬੀਅਤ ਅਵਾਜ਼ ਨਹੀਂ ਸੁਣ ਸਕਾਂਗੇ, ਉਹ ਡਾਂਟ, ਉਹ ਪਿਆਰ ਕਦੇ ਨਹੀਂ ਮਹਿਸੂਸ ਕਰ ਸਕਾਂਗੇ, ਉਨ੍ਹਾਂ ਦੀ ਖੂਬਸੂਰਤ ਮੁਸਕਰਾਹਟ ਕਦੇ ਨਹੀਂ ਵੇਖ ਸਕਾਂਗੇ। ਪਾਪਾ ਜੋ ਅੰਦਰ ਸੀ, ਓਹੀ ਬਾਹਰ ਸੀ। ਉਨ੍ਹਾਂ ਦੇ ਜੋ ਦਿਲ ਵਿਚ ਹੋਣਾ, ਉਹ ਸਾਹਮਣੇ ਵਾਲੇ ਨੂੰ ਸਾਫ ਸਾਫ ਕਹਿ ਦੇਣਾ। ਨਾ ਕਿਸੇ ਦੀ ਗੱਲ ਦਾ ਕੋਈ ਉਧਾਰ ਰੱਖਣਾ, ਨਾ ਕਿਸੇ ਸਾਹਮਣੇ ਕੁਝ ਹੋਰ ਤੇ ਪਿੱਛੇ ਕੁਝ ਹੋਰ ਬਣਨਾ। ਉਨ੍ਹਾਂ ਦੇ ਜੀਵਨ ਦੇ ਇਹੀ ਸਿਧਾਂਤ ਲੈ ਕੇ ਸਾਰਾ ਤੇ ਮੈਂ ਅੱਗੇ ਤੁਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਅਕਸਰ ਅਸੀਂ ਦੋਵੇਂ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਚੇਤੇ ਕਰਦੇ ਹਾਂ, ਦੁਖ ਸਾਂਝਾ ਕਰਦੇ ਹਾਂ। ਹਰ ਨਿੱਕੀ ਗੱਲ ਕਿਤੇ ਨਾ ਕਿਤੇ ਪਾਪਾ ਨਾਲ ਜੁੜ ਹੀ ਜਾਂਦੀ ਹੈ। ਉਨ੍ਹਾਂ ਬਿਨਾ ਹਰ ਦਿਨ ਬਹੁਤ ਮੁਸ਼ਕਲ ਹੈ। ਅਫਸੋਸ, ਹੁਣ ਸਿਰਫ ਸੁਪਨਿਆਂ ਵਿਚ ਹੀ ਮੁਲਾਕਾਤ ਹੁੰਦੀ ਹੈ। ਕਈ ਵਰ੍ਹੇ ਲੱਗ ਜਾਣੇ, ਉਨ੍ਹਾਂ ਦੀ ਯਾਦ ਪੀੜ ਨਾ ਬਣ ਕੇ ਇਕ ਖੁਸ਼ਨੁਮਾ ਬਾਤ ਬਣਨ ਨੂੰ। ਇਹ ਸੌਖਾ ਨਹੀਂ ਹੈ, ਪਰ ਅਸੀਂ ਸਿਰਫ ਕੋਸ਼ਿਸ਼ ਕਰ ਸਕਦੇ ਹਾਂ, ਉਨ੍ਹਾਂ ਨੂੰ ਸਾਡੇ ਉੱਤੇ ਮਾਣ ਮਹਿਸੂਸ ਕਰਾਉਣ ਦੀ। ਮੈਨੂੰ ਯਕੀਨ ਹੈ, ਕਿਤੇ ਤਾਂ ਖੜ੍ਹੇ ਉਹ ਸਾਨੂੰ ਵੇਖਦੇ ਹੋਣਗੇ, ਸੁਣਦੇ ਹੋਣਗੇ, ਤੇ ਕੁਝ ਕਹਿਣਾ ਚਾਹੁੰਦੇ ਹੋਣਗੇ! ***

# ਸੰਘਰਸ਼, ਬੇਬਾਕੀ ਅਤੇ ਨੇਕ ਨੀਅਤੀ ਦਾ ਮੁਜੱਸਮਾ : ਡਾ. ਰਜਨੀਸ਼

**ਡਾ. ਪਰਮਜੀਤ ਕੌਰ ਸਿੱਧੂ**

15 ਫਰਵਰੀ 2022 ਨੂੰ ਸ਼ਾਮ ਦੀ ਚਾਹ ਪੀਂਦਿਆਂ ਆਦਤ ਮੁਤਾਬਿਕ ਮੈਂ ਫੇਸਬੁੱਕ ਖੋਲ੍ਹੀ ਤਾਂ ਕਿਸੇ ਫੇਸਬੁੱਕ ਦੋਸਤ ਵੱਲੋਂ ਡਾ. ਰਜਨੀਸ਼ ਦੇ ਬੇਵਕਤ ਅਕਾਲ ਚਲਾਣੇ ਦੀ ਪਾਈ ਖ਼ਬਰ ਪੜ੍ਹੀ। ਖ਼ਬਰ ਪੜ੍ਹਦਿਆਂ ਸਾਰ ਬੜਾ ਝਟਕਾ ਲੱਗਾ। ਬੜੀ ਦੇਰ ਤੱਕ ਯਕੀਨ ਨਾ ਆਇਆ। ਡਾ. ਰਜਨੀਸ਼ ਦੇ ਬੇਟੇ ਸ਼ੈਂਕੀ ਨੂੰ ਫੋਨ ਮਿਲਾਇਆ, ਕੁਝ ਸਮਝ ਨਹੀਂ ਸੀ ਆ ਰਹੀ ਕਿ ਕਿਵੇਂ ਗੱਲ ਕਰਾਂ – ਬੇਟੇ ਨੇ ਸਾਰੀ ਕਹਾਣੀ ਦੱਸੀ। ਉਹਨਾਂ ਦੀ ਸਿਹਤ ਥੋੜ੍ਹੀ ਬਹੁਤ ਢਿੱਲੀ ਮੱਠੀ ਹੋਣ ਦਾ ਤਾਂ ਪਤਾ ਸੀ, ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਸੀ ਕਿ ਏਨੀ ਛੇਤੀ ਸਾਨੂੰ ਸਭ ਨੂੰ ਅਲਵਿਦਾ ਕਹਿ ਜਾਣਗੇ। ਕੁਝ ਸਾਲ ਪਹਿਲਾਂ ਜਦੋਂ ਤੋਂ ਹਾਰਟ ਦੀ ਪ੍ਰਾਬਲਮ ਆਈ ਸੀ ਤਾਂ ਉਹ ਪੂਰੀ ਇਹਤਿਆਤ ਰੱਖਦੇ ਸਨ, ਰੋਜ਼ ਸਵੇਰੇ ਯੋਗਾ ਕਰਨਾ, ਆਪਣਾ ਖਾਣ-ਪੀਣ ਦਾ ਖ਼ਿਆਲ ਰੱਖਣਾ। ਕੋਰੋਨਾ ਮਹਾਂਮਾਰੀ ਤੋਂ ਬਾਅਦ ਮਾਨਸਿਕ ਤੌਰ 'ਤੇ ਉਹ ਸਕੂਨ ਵਿੱਚ ਸਨ। ਅਕਸਰ ਇਹ ਗੱਲ ਕਹਿੰਦੇ ਕਿ ਲੋਕਾਂ ਲਈ ਕੋਰੋਨਾ ਮਹਾਂਮਾਰੀ ਹੋਏਗੀ, ਮੇਰੇ ਲਈ ਤਾਂ ਇਹ ਘਰ 'ਚ ਰੌਣਕ ਲੈ ਆਈ ਹੈ। ਕਈ ਸਾਲ ਇਕੱਲੇ ਰਹਿਣ ਤੋਂ ਬਾਅਦ ਬੱਚਿਆਂ ਦੇ ਨਾਲ ਰਹਿਣ ਦਾ ਮੌਕਾ ਮਿਲਿਆ। ਜਦੋਂ ਵੀ ਫੋਨ 'ਤੇ ਗੱਲ ਹੋਣੀ ਬੜਾ ਖੁਸ਼ ਹੋ ਕੇ ਦੱਸਣਾ ਕਿ ਮੇਰਾ ਪੁੱਤ ਸਾਰੂ ਮੇਰੀ ਬੜੀ ਕੇਅਰ ਕਰਦਾ। ਧੀ ਨੂੰ ਪੁੱਤਰ ਸ਼ੈਂਕੀ ਤੋਂ ਵੱਧ ਪਿਆਰ ਕਰਦੇ ਤੇ ਉਹਦੀਆਂ ਗੱਲਾਂ ਕਰਕੇ ਖੁਸ਼ ਹੁੰਦੇ। ਸ਼ੈਂਕੀ ਦੀ ਲਿਆਕਤ ਅਤੇ ਉਸਦੀਆਂ ਪ੍ਰਾਪਤੀਆਂ ਬੜੇ ਮਾਣ ਨਾਲ ਦੱਸਦੇ।

ਮੈਂ ਡਾ. ਰਜਨੀਸ਼ ਨੂੰ ਵਿਅਕਤੀਗਤ ਰੂਪ ਵਿੱਚ ਮਿਲਣ ਤੋਂ ਪਹਿਲਾਂ ਉਹਨਾਂ ਦੁਆਰਾ ਲਿਖੀਆਂ ਕਿਤਾਬਾਂ ਰਾਹੀਂ ਜਾਣਿਆ। 2003-04 ਦੀ ਗੱਲ ਹੈ। ਮੈਂ ਯੂ. ਜੀ. ਸੀ. ਨੈੱਟ ਦੀ ਤਿਆਰੀ ਕਰ ਰਹੀ ਸੀ। ਗਲਪ ਬਾਰੇ ਕਈ ਕਿਤਾਬਾਂ ਪੜ੍ਹੀਆਂ ਪਰ ਮੈਨੂੰ ਡਾ. ਰਾਹੀ ਦੀ ਪੁਸਤਕ 'ਪੰਜਾਬੀ ਨਾਵਲ' ਅਤੇ ਡਾ. ਰਜਨੀਸ਼ ਦੀ ਕਿਤਾਬ 'ਗਲਪ ਅਧਿਐਨ' ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਉਸ ਤੋਂ ਬਾਅਦ ਮੈਂ ਉਹਨਾਂ ਦੀਆਂ ਪੰਜਾਬੀ ਕਥਾ ਸਾਹਿਤ ਸਬੰਧੀ ਲਿਖੀਆਂ ਪੁਸਤਕਾਂ ਪੜ੍ਹੀਆਂ। ਮੈਂ ਸਿੱਧੇ ਤੌਰ 'ਤੇ ਡਾ. ਰਜਨੀਸ਼ ਦੀ ਵਿਦਿਆਰਥਣ ਨਹੀਂ ਰਹੀ, ਪਰ ਨਾਵਲ ਅਤੇ ਕਹਾਣੀ ਨੂੰ ਕਿਵੇਂ ਪੜ੍ਹਨਾ ਇਹ ਮੈਂ ਉਹਨਾਂ ਕੋਲੋਂ ਸਿਖਿਆ। ਡਾ. ਰਜਨੀਸ਼ ਡਾ. ਰਾਹੀ ਵਾਂਗ ਪੜ੍ਹਨ ਲਿਖਣ ਵਾਲੇ ਵਿਦਿਆਰਥੀਆਂ ਦੇ ਕਦਰਦਾਨ ਸਨ।

2004 ਵਿੱਚ ਮੈਂ ਪੰਜਾਬ ਯੂਨੀਵਰਸਿਟੀ ਵਿੱਚ ਪੀ. ਐੱਚ ਡੀ ਸ਼ੁਰੂ ਕੀਤੀ ਤਾਂ ਆਪਣੇ ਨਿਗਰਾਨ ਡਾ. ਦਵੇਸ਼ਵਰ ਦੀ ਨਸੀਹਤ 'ਤੇ ਚੱਲਦਿਆਂ ਰਿਸਰਚ ਪੇਪਰ ਲਿਖਣੇ ਸ਼ੁਰੂ ਕੀਤੇ। ਇਸ ਤੋਂ ਪਹਿਲਾਂ ਮੈਂ ਦੋ ਕਿਤਾਬਾਂ ਕਹਾਣੀ ਉੱਤੇ ਲਿਖ ਚੁੱਕੀ ਸਾਂ। ਮੇਰਾ ਐੱਮ. ਫਿਲ ਦਾ ਕੰਮ ਜਸਬੀਰ ਭੁੱਲਰ ਦੀਆਂ ਕਹਾਣੀਆਂ ਉੱਪਰ ਸੀ। ਮੈਂ ਆਪਣਾ ਪਹਿਲਾ ਰਿਸਰਚ ਪੇਪਰ ਵੀ ਜਸਬੀਰ ਭੁੱਲਰ ਦੀਆਂ ਕਹਾਣੀਆਂ ਬਾਰੇ ਲਿਖਿਆ ਜੋ ਤ੍ਰੈਮਾਸਿਕ 'ਕਲਾਕਾਰ' ਵਿੱਚ ਛਪਿਆ। ਮੇਰਾ ਮਨ ਪੀਐੱਚ. ਡੀ. ਵਿੱਚ ਪੰਜਾਬੀ ਨਾਵਲ ਦਾ ਮਨੋਵਿਗਿਆਨਕ ਅਧਿਐਨ ਕਰਨਾ ਸੀ। ਮੈਂ ਮਨੋਵਿਗਿਆਨ, ਸਾਹਿਤ ਅਤੇ ਇਹਨਾਂ ਦੀ ਅੰਤਰ ਸਬੰਧਤਿਤਾ ਬਾਰੇ ਪੜ੍ਹਨਾ ਸ਼ੁਰੂ ਕਰ

---

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ

ਦਿੱਤਾ। ਪੀਐੱਚ. ਡੀ. ਦਾ ਟਾਪਿਕ ਤਾਂ ਅਜੇ ਫਾਈਨਲ ਨਹੀਂ ਹੋ ਰਿਹਾ ਸੀ, ਮੈਂ ਡਾ. ਦਵੇਸ਼ਵਰ ਦੀ ਨਿਗਰਾਨੀ ਹੇਠ ਇਸ ਵਿਸ਼ੇ ਉੱਪਰ ਇੱਕ ਪਰਚਾ ਲਿਖਿਆ। ਪਰਚਾ ਡਾ. ਦਵੇਸ਼ਵਰ ਜੀ ਨੂੰ ਚੈੱਕ ਕਰਵਾਇਆ ਹੋਇਆ ਸੀ। ਮੈਂ ਇਹ ਪਰਚਾ ਕਿਸੇ ਰਸਾਲੇ ਦੇ ਸੰਪਾਦਕ ਨੂੰ ਛਪਣ ਲਈ ਭੇਜਿਆ ਤੇ ਕੁਝ ਦਿਨਾਂ ਬਾਅਦ ਜਦੋਂ ਟੈਲੀਫੂਨ ਤੇ ਇਸ ਦੇ ਛਪਣ ਦੀ ਤਸਦੀਕ ਕਰਨੀ ਚਾਹੀ ਤਾਂ ਅੱਗੋਂ ਸੰਪਾਦਕ ਸਾਹਿਬ ਨੇ ਜਵਾਬ ਦਿੱਤਾ ਕਿ ਅਸੀਂ ਆਪਣੇ ਪਰਚੇ ਵਿੱਚ ਸਟੂਡੈਂਟ ਲੈਵਲ ਦੇ ਲੇਖ ਨਹੀਂ ਛਾਪਦੇ। ਮੈਨੂੰ ਜਵਾਬ ਬੜਾ ਅਜੀਬ ਲੱਗਾ। ਮੈਂ ਸੋਚਿਆ ਕਿ ਕੀ ਪੰਜਾਬੀ ਦੇ ਰਸਾਲਿਆਂ ਵਿੱਚ ਪਰਚੇ ਲਿਖਣ ਵਾਲੇ ਨੂੰ ਵੇਖ ਕੇ ਛਾਪੇ ਜਾਂਦੇ ਹਨ ਜਾਂ ਪਰਚੇ ਦੇ ਮਿਆਰ ਨੂੰ ਵੇਖ ਕੇ ਮੈਂ ਨਿਰਾਸ਼ ਹੋਈ। ਇਹਨਾਂ ਦਿਨਾਂ ਵਿੱਚ ਹੀ ਆਪਣੇ ਅਧਿਆਪਕਾਂ ਦੀ ਤਾਕੀਦ 'ਤੇ ਮੈਂ ਪੰਜਾਬੀ ਦੇ ਕੁਝ ਮਿਆਰੀ ਰਸਾਲੇ ਪੜ੍ਹਨੇ ਸ਼ੁਰੂ ਕਰ ਦਿੱਤੇ ਸਨ। ਇਹਨਾਂ ਰਸਾਲਿਆਂ ਵਿੱਚੋਂ ਇੱਕ 'ਪ੍ਰਵਚਨ' ਸੀ। 'ਪ੍ਰਵਚਨ' 'ਚੋਂ ਫੋਨ ਨੰਬਰ ਲੱਭ ਕੇ ਐਡੀਟਰ ਨੂੰ ਫੋਨ ਕੀਤਾ ਤੇ ਆਪਣੇ ਪਰਚੇ ਬਾਰੇ ਵੀ ਗੱਲ ਕੀਤੀ। ਮੈਂ ਝਿਜਕਦਿਆਂ ਪੁੱਛ ਲਿਆ ਕਿ ਕੀ ਤੁਸੀਂ ਆਪਣੇ ਰਸਾਲੇ ਵਿੱਚ ਵਿਦਿਆਰਥੀਆਂ ਦੇ ਪਰਚੇ ਵੀ ਛਾਪਦੇ ਹੋ ਤਾਂ ਅੱਗੋਂ ਜਵਾਬ ਮਿਲਿਆ ਕਿ ਪਰਚਾ ਭੇਜ ਦਿਓ। ਲੱਗਣ ਵਾਲਾ ਹੋਇਆ ਤਾਂ ਜ਼ਰੂਰ ਲੱਗੇਗਾ। ਮੈਨੂੰ ਕੁਝ ਤਸੱਲੀ ਹੋਈ। ਇਸ ਗੱਲ ਦਾ ਮੈਨੂੰ ਯਕੀਨ ਸੀ ਕਿ ਜੇ ਪਰਚੇ ਦੇ ਮਿਆਰ ਨੂੰ ਵੇਖਿਆ ਤਾਂ ਜ਼ਰੂਰ ਛਪੇਗਾ, ਕਿਉਂਕਿ ਪਰਚਾ ਨਿਗਰਾਨ ਤੋਂ ਚੈੱਕ ਕਰਾਉਣ ਤੋਂ ਬਾਅਦ ਸੋਧ ਕੇ ਭੇਜਿਆ ਸੀ। ਸੋ ਮੈਂ ਪਰਚਾ ਭੇਜ ਦਿੱਤਾ ਤੇ 'ਪ੍ਰਵਚਨ' ਦੇ ਜਨਵਰੀ-ਮਾਰਚ 2007 ਦੇ ਅੰਕ ਨੰਬਰ 26 ਵਿੱਚ ਮੇਰਾ ਇਹ ਆਰਟੀਕਲ ਛਪ ਗਿਆ। ਬੇਸ਼ੱਕ ਇਹ ਮੇਰਾ ਦੂਜਾ ਆਰਟੀਕਲ ਸੀ ਪਰ 'ਪ੍ਰਵਚਨ' ਵਿੱਚ ਛਪਣ ਕਾਰਨ ਮੈਨੂੰ ਇਸਦੀ ਖੁਸ਼ੀ ਆਪਣੀ ਕਿਤਾਬ ਛਪਣ ਤੋਂ ਵੀ ਵੱਧ ਸੀ। ਮੈਂ ਫੋਨ 'ਤੇ ਐਡੀਟਰ ਦਾ ਧੰਨਵਾਦ ਕੀਤਾ ਤਾਂ ਅੱਗੋਂ ਜੋ ਸ਼ਾਬਾਸ਼ੀ ਤੇ ਨਿਰੰਤਰ ਲਿਖਣ ਦੀ ਤਾਕੀਦ ਮਿਲੀ, ਉਹ ਮੈਨੂੰ ਅੱਜ ਵੀ ਯਾਦ ਹੈ। ਉਸ ਤੋਂ ਬਾਅਦ ਚੱਲ ਸੋ ਚੱਲ-'ਪ੍ਰਵਚਨ' ਨਾਲ ਮੇਰਾ ਪੱਕਾ ਰਿਸ਼ਤਾ ਬਣ ਗਿਆ। ਫਿਰ ਤਾਂ ਇਸ ਤਰ੍ਹਾਂ ਵੀ ਹੋਇਆ ਕਿਸੇ-ਕਿਸੇ ਸਾਲ 'ਪ੍ਰਵਚਨ' ਦਾ ਸ਼ਾਇਦ ਹੀ ਕੋਈ ਅੰਕ ਹੋਵੇ ਜਿਸ ਵਿੱਚ ਮੇਰਾ ਲੇਖ ਨਾ ਲੱਗਾ ਹੋਵੇ। 'ਪ੍ਰਵਚਨ' ਨੇ ਮੈਨੂੰ ਇੱਕ ਆਲੋਚਕ ਦੇ ਤੌਰ 'ਤੇ ਪਛਾਣ ਦੁਆਈ। ਇਸ ਸਮੇਂ ਨਾਲ-ਨਾਲ ਮੇਰੀ ਪੀ. ਐੱਚ ਡੀ. ਚੱਲ ਰਹੀ ਸੀ। ਪੀ. ਐੱਚ ਡੀ. ਵੀ ਪੰਜਾਬੀ ਨਾਵਲ ਉੱਪਰ ਸੀ। ਇਸ ਲਈ ਡਾ. ਰਜਨੀਸ਼ ਨਾਲ ਆਪਣੇ ਟਾਪਿਕ ਬਾਰੇ ਵਿਸਥਾਰ ਵਿੱਚ ਡਿਸਕਸਨਜ਼ ਕਰਦੀ। ਕਈ ਵਾਰ ਨਾਵਲ ਪੜ੍ਹਦੀ ਪਰ ਕਿਸੇ ਪਾਤਰ ਦਾ ਵਿਹਾਰ ਪਕੜ ਵਿੱਚ ਨਾ ਆਉਂਦਾ ਤਾਂ ਡਾ. ਰਜਨੀਸ਼ ਨਾਲ ਨਾਵਲ ਬਾਰੇ ਗੱਲ ਕਰਕੇ ਤਸੱਲੀ ਹੁੰਦੀ। 'ਪ੍ਰਵਚਨ' ਦੇ ਰਾਹੀਂ ਜੁੜਿਆ ਇਹ ਰਿਸ਼ਤਾ ਪਰਿਵਾਰਕ ਸਾਂਝ ਵਿੱਚ ਬਦਲ ਗਿਆ। ਉਹ ਅਕਾਦਮਿਕ ਖੇਤਰ ਦੇ ਨਾਲ-ਨਾਲ ਸਮਾਜਿਕ ਤੇ ਨਿੱਜੀ ਜੀਵਨ ਵਿੱਚ ਵੀ ਮੇਰੇ ਮਾਰਗ-ਦਰਸ਼ਕ ਬਣ ਗਏ।

ਡਾ. ਰਜਨੀਸ਼ ਅਜਿਹੇ ਚਿੰਤਕ ਸਨ ਜੋ ਨਵੇਂ ਸਿਖਾਂਦਰੂਆਂ ਲਈ ਨਾ ਸਿਰਫ਼ ਪ੍ਰੇਰਨਾ ਸ੍ਰੋਤ ਹੀ ਸਨ, ਸਗੋਂ ਉਹਨਾਂ ਦੀ ਉਂਗਲ ਫੜ ਅੱਗੇ ਤੋਰਨ ਵਾਲੇ ਸਨ। ਇਹ ਗੱਲ ਮੈਂ ਆਪਣੇ ਸਵੈ ਅਨੁਭਵ ਵਿੱਚੋਂ ਕਹਿ ਰਹੀ ਹਾਂ। ਮੈਂ ਪੇਪਰ ਲਿਖਣ ਤੋਂ ਲੈ ਕੇ ਸੈਮੀਨਾਰਾਂ/ ਕਾਨਫਰੰਸਾਂ ਵਿੱਚ ਪੇਪਰ ਪੜ੍ਹਨ ਤੋਂ ਪਹਿਲਾਂ ਆਪਣੇ ਵਿਸ਼ੇ ਬਾਰੇ ਉਹਨਾਂ ਨਾਲ ਹਮੇਸ਼ਾ ਨੁਕਤੇ ਸਾਂਝੇ ਕਰਦੀ। ਉਹ ਮੇਰੇ ਕੋਲੋਂ ਤਿਆਰ ਕੀਤੇ ਪੇਪਰ ਬਾਰੇ ਪੁੱਛਦੇ, ਕੁਝ ਨੁਕਤਿਆਂ 'ਤੇ ਸ਼ਾਬਾਸ਼ੀ ਦਿੰਦੇ ਤੇ ਕੁਝ ਸੁਝਾਅ ਦਿੰਦੇ। ਮੇਰੇ ਬੋਲਣ ਤੋਂ ਪਹਿਲਾਂ ਆਪ ਕੋਈ ਨੁਕਤਾ ਸਾਂਝਾ ਨਾ ਕਰਦੇ। ਉਹ ਕਹਿੰਦੇ ਜੇ ਮੈਂ

ਪਹਿਲਾਂ ਹੀ ਸਭ ਦੱਸ ਦਿੱਤਾ ਤਾਂ ਤੁਹਾਡੇ ਅੰਦਰੋਂ ਨਵਾਂ ਲਿਖਣ ਦੀ ਪ੍ਰਤਿਭਾ ਖਤਮ ਹੋ ਜਾਏਗੀ। ਮੈਂ ਆਪਣਾ ਹਰ ਲਿਖਿਆ ਆਰਟੀਕਲ ਛਪਣ ਤੋਂ ਪਹਿਲਾਂ ਉਹਨਾਂ ਨਾਲ ਸਾਂਝਾ ਕਰਦੀ। ਕਿਸੇ ਸੈਮੀਨਾਰ/ ਕਾਨਫਰੰਸ ਤੇ ਜੋ ਵੀ ਬੋਲਣਾ ਹੁੰਦਾ, ਉਹਨਾਂ ਨਾਲ ਡਿਸਕਸ ਕਰਦੀ। ਕਿਸੇ ਵੀ ਟਾਪਿਕ ਬਾਰੇ ਉਹਨਾਂ ਨਾਲ ਵਿਚਾਰ ਚਰਚਾ ਕਰਨ ਤੋਂ ਬਾਅਦ ਹੀ ਤਸੱਲੀ ਹੁੰਦੀ। ਡਿਸਕਸ਼ਨ ਤੋਂ ਬਾਅਦ ਉਹਨਾਂ ਦੁਆਰਾ ਸ਼ੁੱਭ ਇੱਛਾਵਾਂ ਦੇ ਰੂਪ ਵਿੱਚ ਕਹੇ ਹੋਏ ਇਹ ਸ਼ਬਦ “ਚੱਕ ਦੇ ਫੱਟੇ” ਮੇਰੇ ਲਈ ਵੱਡੇ ਮਾਇਨੇ ਰੱਖਦੇ ਸਨ। ਪੇਪਰ ਪੜ੍ਹਨ ਤੋਂ ਬਾਅਦ ਰਿਪੋਰਟ ਵੀ ਲੈਂਦੇ ਕਿ ਪ੍ਰੇਜ਼ੈਂਟੇਸ਼ਨ ਕਿਸ ਤਰ੍ਹਾਂ ਰਹੀ। ਅੱਜ ਸਟੇਜਾਂ ’ਤੇ ਜੇਕਰ ਆਪਣੇ ਤੋਂ ਪਹਿਲੀ ਪੀੜੀ ਦੇ ਵਿਦਵਾਨਾਂ ਸੰਗ ਬੈਠ ਕੇ ਚਰਚਾਵਾਂ ਵਿੱਚ ਹਿੱਸਾ ਲੈ ਰਹੀ ਹਾਂ, ਅੰਤਰ-ਰਾਸ਼ਟਰੀ ਪੱਧਰ ’ਤੇ ਪੇਪਰ ਪੜ੍ਹ ਚੁੱਕੀ ਹਾਂ ਤਾਂ ਇਹਦੇ ਪਿੱਛੇ ਡਾ. ਰਜਨੀਸ਼ ਦੀ ਰਹਿਨੁਮਾਈ ਤੇ ਹੱਲਾਸ਼ੇਰੀ ਹੈ।

2012 ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਜੁਆਇਨ ਕਰਨ ਤੋਂ ਬਾਅਦ ਉਹਨਾਂ ਮੈਨੂੰ ਸੁਝਾਅ ਦਿੱਤਾ ਕਿ ਗਲਪ ਦੀਆਂ ਵਿਧਾਵਾਂ ਉੱਪਰ ਨਿੱਠ ਕੇ ਕੰਮ ਕਰ। ਨਾਵਲ ਦੇ ਵਿਧਾ ਸ਼ਾਸਤਰ ਬਾਰੇ ਕੁਝ ਲਿਖ। 2013 ਵਿੱਚ ਜੋ ਮੇਰੀ ਪੁਸਤਕ ‘ਪੰਜਾਬੀ ਨਾਵਲ : ਸਿਧਾਂਤ ਤੇ ਸਮੀਖਿਆ’ ਛਪੀ, ਉਸਦਾ ਅੱਖਰ-ਅੱਖਰ ਉਹਨਾਂ ਪੜ੍ਹਿਆ ਤੇ ਬੜੇ ਮੁੱਲਵਾਨ ਸੁਝਾਅ ਮੈਨੂੰ ਦਿੱਤੇ। ਜਦੋਂ ਉਸ ਪੁਸਤਕ ਦੀ ਭੂਮਿਕਾ ਲਿਖਣ ਦੀ ਗੁਜ਼ਾਰਿਸ਼ ਕੀਤੀ ਤਾਂ ਬੜੀ ਹਲੀਮੀ ਨਾਲ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਇਸ ਵਾਰ ਭੂਮਿਕਾ ਡਾ. ਜਸਵਿੰਦਰ ਕੋਲੋਂ ਲਿਖਾ, ਤੇਰੀ ਅਗਲੀ ਕਿਤਾਬ ਦੀ ਭੂਮਿਕਾ ਮੈਂ ਲਿਖਾਂਗਾ। ਅਗਲੀ ਕਿਤਾਬ ਲੱਗਭੱਗ ਤਿਆਰ ਹੈ, ਹੁਣ ਤੱਕ ਉਹਦੇ ਜੋ ਅਧਿਆਇ ਲਿਖੇ ਡਾ. ਰਜਨੀਸ਼ ਦੀ ਰਹਿਨੁਮਾਈ ਹੇਠ ਲਿਖੇ, ਪਰ ਉਹਦੀ ਭੂਮਿਕਾ ਰਹਿ ਗਈ। ਮੈਨੂੰ ਇਸ ਗੱਲ ਦਾ ਹਮੇਸ਼ਾ ਮਲਾਲ ਰਹੇਗਾ।

ਉਂਝ ਤਾਂ ਪੜ੍ਹਨਾ ਲਿਖਣਾ ਡਾ. ਰਜਨੀਸ਼ ਦਾ ਮੁੱਢ ਤੋਂ ਹੀ ਪੈਸ਼ਨ ਸੀ, ਪਰ ਰਿਟਾਇਰਮੈਂਟ ਤੋਂ ਬਾਅਦ ਉਹਨਾਂ ਆਪਣਾ ਆਪ ਪੂਰੀ ਤਰ੍ਹਾਂ ਅਧਿਐਨ ਨੂੰ ਸਮਰਪਿਤ ਕਰ ਦਿੱਤਾ ਸੀ। ਮੈਂ ਅਕਸਰ ਹੀ ਜਦੋਂ ਉਹਨਾਂ ਨਾਲ ਕਿਸੇ ਟਾਪਿਕ ਬਾਰੇ ਡਿਸਕਸ਼ਨ ਕਰਨੀ ਤਾਂ ਉਹ ਭਾਰਤੀ ਇਤਿਹਾਸ ਮਿਥਿਹਾਸ ਵਿੱਚੋਂ ਉਦਾਹਰਣਾਂ ਦੇ ਕੇ ਸਮਝਾਉਂਦਿਆਂ ਬੜੇ ਮਾਣ ਨਾਲ ਦੱਸਦੇ ਕਿ ਅੱਜ ਕੱਲ ਉਹ ਭਾਰਤੀ ਹੀ ਨਹੀਂ ਸਗੋਂ ਵਿਸ਼ਵ ਸਾਹਿਤ ਦੀਆਂ ਕਲਾਸਿਕ ਰਚਨਾਵਾਂ ਨਾਲ ਦੋ ਚਾਰ ਹੋ ਰਹੇ ਹਨ। ਉਹ ਬਹੁਤ ਜ਼ੋਰ ਦੇ ਕੇ ਇਹ ਗੱਲ ਆਖਦੇ ਕਿ ਜੇ ਸਹੀ ਮਾਇਨਿਆਂ ਵਿੱਚ ਪੰਜਾਬੀ ਨਾਵਲ ਜਾਂ ਕਥਾ ਸਾਹਿਤ ਨੂੰ ਸਮਝਣਾ ਏ ਤਾਂ ਇਸਨੂੰ ਕੰਟਨੀਨਿਊਟੀ ਵਿੱਚ ਸਮਝਣਾ ਪਏਗਾ ਅਤੇ ਇਹ ਕੰਟੀਨਿਊਟੀ ਕਲਾਸਿਕ ਸਾਹਿਤ ਨੂੰ ਪੜ੍ਹੇ ਬਿਨਾਂ ਸਮਝ ਨਹੀਂ ਆਉਣੀ। ਡਾ. ਰਜਨੀਸ਼ ਦੀ ਆਪਣੇ ਵਿਸ਼ੇ ’ਤੇ ਮੁਹਾਰਤ ਏਨੀ ਸੀ ਕਿ ਫੋਨ ’ਤੇ ਉਹਨਾਂ ਨਾਲ ਕਿਸੇ ਟਾਪਿਕ ਤੇ ਗੱਲ ਕਰਦਿਆਂ ਇਸ ਤਰ੍ਹਾਂ ਗੱਲ ਸਮਝ ਆਉਂਦੀ ਸੀ ਜਿਵੇਂ ਉਹ ਤੁਹਾਡੇ ਸਾਹਮਣੇ ਖੜੇ ਲੈਕਚਰ ਦੇ ਰਹੇ ਹੋਣ। ਉਹਨਾਂ ਦੁਆਰਾ ਨਾਵਲ ਦੀ ਥਿਊਰੀ ਨੂੰ ਲੈ ਕੇ ਕੀਤੀਆਂ ਗੱਲਾਂ ਧੁਰ ਅੰਦਰ ਤੱਕ ਸਮਾ ਜਾਂਦੀਆਂ ਸਨ। ਉਹਨਾਂ ਪੰਜਾਬੀ ਗਲਪ ਆਲੋਚਨਾ ਦੇ ਖੇਤਰ ’ਚ ਨਵੀਆਂ ਧਾਰਨਾਵਾਂ ਸਥਾਪਤ ਕੀਤੀਆਂ।

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਦੇ ਉੱਚ ਕੋਟੀ ਦੇ ਵਿਦਵਾਨ ਆਲੋਚਕ, ਮੌਲਿਕ ਸਾਹਿਤ ਅਚਾਰੀਆ ਅਤੇ ਉੱਚ ਕਦਰਾਂ ਕੀਮਤਾਂ ਦੇ ਧਾਰਨੀ ਸਾਫ਼ ਦਿਲ ਅਤੇ ਆਪਣੀ ਗੱਲ ਨੂੰ ਨਿਡਰਤਾ ਨਾਲ ਕਹਿ ਸਕਣ ਵਾਲੇ ਬੇਖੌਫ਼ ਇਨਸਾਨ ਸਨ। ਉਹਨਾਂ ਦਾ ਗਲਪ ਚਿੰਤਨ

ਪ੍ਰਪੱਕ ਅਤੇ ਬੌਧਿਕਤਾ ਭਰਪੂਰ ਹੀ ਨਹੀਂ ਸਗੋਂ ਉਸ ਅੰਦਰਲੀ ਸੰਜੀਦਗੀ ਤੇ ਨਿਰੰਤਰਤਾ ਉਸਨੂੰ ਪੰਜਾਬੀ ਦੇ ਉੱਚ ਕੋਟੀ ਦੇ ਗਲਪ ਆਲੋਚਕਾਂ ਦੀ ਮੂਹਰਲੀ ਕਤਾਰ ਵਿੱਚ ਲਿਆ ਖੜਾ ਕਰਦੀ ਹੈ। ਡਾ. ਰਜਨੀਸ਼ ਪੰਜਾਬੀ ਗਲਪ ਆਲੋਚਨਾ ਦੇ ਉਹ ਨਾਮਵਰ ਵਿਦਵਾਨ ਹਨ ਜਿਹਨਾਂ ਨੇ ਗਲਪ ਆਲੋਚਨਾ ਦੇ ਖੇਤਰ ਵਿੱਚ ਨਵੀਆਂ ਅਤੇ ਅਸਲੋਂ ਮੌਲਿਕ ਧਾਰਨਾਵਾਂ ਪੇਸ਼ ਕੀਤੀਆਂ। ਉਹ ਪੰਜਾਬੀ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਉਹਨਾਂ ਚੰਦ ਕੁ ਆਲੋਚਕਾਂ ਵਿੱਚੋਂ ਹਨ ਜਿਹਨਾਂ ਨੇ ਖੋਜ, ਅਧਿਐਨ ਤੇ ਅਧਿਆਪਨ ਦੇ ਖੇਤਰ ਵਿੱਚ ਇੱਕ ਸੰਸਥਾ ਵਾਂਗ ਕੰਮ ਕੀਤਾ। ਬਤੌਰ ਆਲੋਚਕ ਤੇ ਸੰਪਾਦਕ ਉਹਨਾਂ ਦੀਆਂ 22 ਪੁਸਤਕਾਂ ਪੁਸਤਕਾਂ ਪ੍ਰਾਪਤ ਹਨ। ਉਹਨਾਂ ਦਾ ਕੰਮ ਗਿਣਤੀ ਨਾਲੋਂ ਗੁਣਵੱਤਾ ਕਰਕੇ ਵਧੇਰੇ ਮਹੱਤਵਪੂਰਨ ਹੈ।

ਡਾ. ਰਜਨੀਸ਼ ਬਹਾਦਰ ਸਿੰਘ ਉੱਚ ਕੋਟੀ ਦੇ ਵਿਦਵਾਨ ਹੋਣ ਦੇ ਨਾਲ-ਨਾਲ ਪ੍ਰਵੀਨ ਅਧਿਆਪਕ ਤੇ ਪ੍ਰਬੁੱਧ ਆਲੋਚਕ ਅਤੇ ਬੌਧਿਕ ਚਿੰਤਕ ਸਨ। ਪਿਛਲੇ ਕੁਝ ਸਮੇਂ ਤੋਂ ਮੈਂ ਮਹਿਸੂਸ ਕੀਤਾ ਕਿ ਪੰਜਾਬੀ ਦੇ ਉੱਚ ਕੋਟੀ ਦੇ ਗਲਪਕਾਰ ਇਹ ਚਾਹੁੰਦੇ ਸਨ ਕਿ ਉਹਨਾਂ ਦੀ ਗਲਪੀ ਸਾਧਨਾ ਬਾਰੇ ਡਾ. ਰਜਨੀਸ਼ ਕੋਈ ਟਿੱਪਣੀ ਕਰੇ। ਡਾ. ਰਜਨੀਸ਼ ਦੁਆਰਾ ਕਿਸੇ ਗਲਪ ਰਚਨਾ ਬਾਰੇ ਕੀਤੀ ਸਾਕਾਰਤਮਕ ਟਿੱਪਣੀ ਉਸ ਗਲਪਕਾਰ ਦਾ ਕੱਦ ਉੱਚਾ ਕਰਦੀ ਅਤੇ ਉਸ ਗਲਪ ਰਚਨਾ ਦੀ ਅਦਬੀ ਕੀਮਤ ਵਧਾ ਦਿੰਦੀ। ਮਨਮੋਹਨ ਬਾਵਾ, ਬਲਬੀਰ ਪਰਵਾਨਾ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਹਰਜੀਤ ਅਟਵਾਲ, ਸਵਰਨ ਚੰਦਨ, ਵੀਨਾ ਵਰਮਾ, ਰਸ਼ਪਿੰਦਰ ਰਸ਼ਿਮ, ਪਰਵੇਜ਼ ਸੰਧੂ, ਨਿਰਮਲ ਜਸਵਾਲ ਆਦਿ ਅਨੇਕਾਂ ਹੀ ਗਲਪਕਾਰ ਹਨ ਜਿਹਨਾਂ ਬਾਰੇ ਡਾ. ਰਜਨੀਸ਼ ਦੀਆਂ ਟਿੱਪਣੀਆਂ ਨੇ ਨਾ ਸਿਰਫ਼ ਉਹਨਾਂ ਦਾ ਅਦਬੀ ਮੁੱਲ ਅੰਕਿਤ ਕੀਤਾ, ਸਗੋਂ ਇਹਨਾਂ ਟਿੱਪਣੀਆਂ ਨੇ ਕਈ ਲੇਖਕਾਂ ਲਈ ਸਿਰਜਣਾਤਮਕ ਪ੍ਰੇਰਕ ਦੀ ਭੂਮਿਕਾ ਵੀ ਨਿਭਾਈ। ਡਾ. ਰਜਨੀਸ਼ ਵਿੱਚ ਇਹ ਮਾਦਾ ਸੀ ਕਿ ਕਿਸੇ ਲੇਖਕ ਦੀ ਹਾਜ਼ਰੀ ਵਿੱਚ ਹੀ ਉਹ ਉਸਦੀ ਲਿਖਤ ਦੀਆਂ ਕਮਜ਼ੋਰੀਆਂ ਬਾਰੇ ਦਲੀਲ ਦੇ ਕੇ ਗੱਲ ਕਰਦੇ। ਅੱਜਕੱਲ ਦੇ ਜ਼ਮਾਨੇ ਵਿੱਚ ਜਦੋਂ ਲੋਕੀਂ ਛੋਟੇ-ਛੋਟੇ ਅਹੁਦਿਆਂ, ਸਨਮਾਨਾਂ ਦੀ ਖਾਤਿਰ ਆਪਣੀ ਜ਼ਮੀਰ ਨੂੰ ਦਬਾ ਸਿਸਟਮ ਦੀ ਆਵਾਜ਼ ਬਣਦੇ ਹਨ ਉਸ ਸਮੇਂ ਡਾ. ਰਜਨੀਸ਼ ਬਹਾਦਰ ਨੇ ਬੜੀ ਨਿੱਧੜਕਤਾ ਨਾਲ ਆਪਣੇ ਅਸੂਲਾਂ 'ਤੇ ਪਹਿਰਾ ਦਿੰਦਿਆਂ ਪੰਜਾਬੀ ਗਲਪ ਆਲੋਚਨਾ ਦੇ ਖੇਤਰ ਵਿੱਚ ਨਿਰਪੱਖ ਆਲੋਚਕ ਵਜੋਂ ਆਪਣੀ ਪਛਾਣ ਸਥਾਪਿਤ ਕੀਤੀ।

ਡਾ. ਰਜਨੀਸ਼ ਦੇ ਪੜ੍ਹਨ, ਪੜ੍ਹਾਉਣ ਦਾ ਕੇਂਦਰ ਪੰਜਾਬੀ ਗਲਪ ਹੀ ਰਿਹਾ। ਉਹਨਾਂ ਪੰਜਾਬੀ ਗਲਪ ਨੂੰ ਸਮਝਣ ਲਈ ਜਿੱਥੇ ਸਿਧਾਂਤਕ ਸੂਤਰਾਂ ਦੀ ਤਲਾਸ਼ ਕੀਤੀ ਉੱਥੇ ਪੰਜਾਬੀ ਗਲਪ ਦੇ ਵਿਹਾਰਕ ਅਧਿਐਨ ਵਿੱਚ ਨਵੀਆਂ ਪੈੜਾਂ ਪਾਈਆਂ। ਅਕਾਦਮਿਕ ਈਮਾਨਦਾਰੀ ਉਹਨਾਂ ਦੇ ਗੁਰੂ ਜੋਗਿੰਦਰ ਸਿੰਘ ਰਾਹੀ ਵਾਂਗ ਉਹਨਾਂ ਦੇ ਆਚਾਰ ਵਿਹਾਰ ਦਾ ਅਟੁੱਟ ਅੰਗ ਸੀ। ਡਾ. ਰਾਹੀ ਵਾਂਗ ਉਹ ਰਚਨਾਕਾਰ ਦੀ ਥਾਂ ਆਪਣਾ ਫੋਕਸ ਰਚਨਾ ਉੱਤੇ ਕਰਦੇ ਅਤੇ ਨਿਰਪੱਖ ਟਿੱਪਣੀ ਦੇਣੋਂ ਕਦੀ ਨਾ ਝਿਜਕਦੇ। ਉਹ ਰਚਨਾ ਦੇ ਵਿਹਾਰਕ ਅਧਿਐਨ ਵਿੱਚ ਵਿਸ਼ੇ ਤੇ ਸਿਧਾਂਤ ਨੂੰ ਵੱਖ-ਵੱਖ ਕਰਕੇ ਵੇਖਣ ਦੀ ਥਾਂ ਉਸਨੂੰ ਸਮੁੱਚਤਾ ਵਿੱਚ ਸਮਝਣ 'ਤੇ ਜ਼ੋਰ ਦਿੰਦੇ ਸਨ। ਉਹ ਇਹ ਗੱਲ ਹਮੇਸ਼ਾ ਜ਼ੋਰ ਦੇ ਕੇ ਕਰਦੇ ਸਨ ਕਿ ਕਮਿਟਡ ਵਿਦਵਾਨ ਨੂੰ ਇੱਕ ਵਿਧਾ ਉੱਤੇ ਫੋਕਸ ਕਰਨਾ ਚਾਹੀਦਾ ਹੈ। ਮੈਨੂੰ ਯਾਦ ਹੈ ਜਦੋਂ ਕਦੀ ਕਿਸੇ ਕਾਲਜ/ ਯੂਨੀਵਰਸਿਟੀ ਵਿੱਚ ਗਲਪ ਤੋਂ ਇਲਾਵਾ ਮੈਂ ਕਿਸੇ ਹੋਰ ਵਿਸ਼ੇ ਤੇ ਪੇਪਰ ਪੜ੍ਹਨ ਜਾਣ ਬਾਰੇ ਉਹਨਾਂ ਨਾਲ ਗੱਲ

ਕਰਨੀ ਤਾਂ ਹਮੇਸ਼ਾ ਮੈਨੂੰ ਸਮਝਾਉਣਾ ਕਿ ਤੇਰਾ ਫੀਲਡ ਗਲਪ ਐ ਤੇ ਗਲਪ ਬਾਰੇ ਨਿੱਠ ਕੇ ਪੜ੍ਹਿਆ ਕਰ, ਇੱਧਰ ਉੱਧਰ ਭੱਜਣ ਨਾਲ ਤੁਹਾਡੀ ਕੋਈ ਪਛਾਣ ਨਹੀਂ ਬਣਦੀ।

ਡਾ. ਰਜਨੀਸ਼ ਬਹਾਦਰ ਸਿੰਘ ਇੱਕ ਜ਼ਹੀਨ ਸ਼ਖ਼ਸੀਅਤ ਦੇ ਮਾਲਕ ਸਨ। ਆਲੋਚਨਾ ਦੇ ਖੇਤਰ ਵਿੱਚ ਉਹ ਆਪਣਾ ਗੁਰੂ ਡਾ. ਰਾਹੀ ਨੂੰ ਮੰਨਦੇ ਸਨ। ਆਪਣੇ ਗੁਰੂਦੇਵ ਵਾਂਗ ਅਕਾਦਮਿਕ ਇਮਾਨਦਾਰੀ ਤੇ ਸੁਹਿਰਦਤਾ ਇਸ ਸ਼ਾਗਿਰਦ ਨੇ ਪੂਰੀ ਤਨਦੇਹੀ ਨਾਲ ਨਿਭਾਈ। ਡਾ. ਰਾਹੀ ਵਾਂਗ ਹੀ ਉਹਨਾਂ ਨੂੰ ਸਮੇਂ ਦੇ ਵਹਿਣ ਵਿੱਚ ਵਹਿ ਕੇ ਜਾਂ ਫਿਰ ਛੋਟੀਆਂ-ਛੋਟੀਆਂ ਗਰਜ਼ਾਂ ਜਾਂ ਅਹੁਦਿਆਂ ਦੀ ਖਾਤਿਰ ਸਿਹਰਾਬੰਦੀ ਵਾਲੀ ਆਲੋਚਨਾ ਤੋਂ ਬਹੁਤ ਚਿੜ ਸੀ। ਮੈਂ ਜਦੋਂ ਵੀ ਕਿਸੇ ਵਿਸ਼ੇ ਬਾਰੇ ਉਹਨਾਂ ਨਾਲ ਗੱਲਬਾਤ ਕਰਨੀ ਤਾਂ ਮੇਰੇ ਮਨ ਵਿੱਚ ਹਮੇਸ਼ਾ ਇਹ ਵਿਚਾਰ ਆਉਣਾ ਕਿ ਐਹੋ ਜਿਹਾ ਜ਼ਹੀਨ ਵਿਦਵਾਨ ਯੂਨੀਵਰਸਿਟੀ ਵਿੱਚ ਹੋਣਾ ਚਾਹੀਦਾ, ਪਰ ਉਹ ਹਮੇਸ਼ਾ ਜਵਾਬ ਦਿੰਦੇ ਕਿ "ਲਿਆਕਤ ਅਹੁਦਿਆਂ ਦੀ ਮੁਥਾਜ਼ ਨਹੀਂ ਹੁੰਦੀ। ਤੁਹਾਡੀ ਕਦਰ ਤੁਹਾਡੇ ਕੰਮ ਨੇ ਪਾਉਣੀ ਕਿਸੇ ਕੁਰਸੀ ਜਾਂ ਅਹੁਦੇ ਨੇ ਨਹੀਂ। ਉਹ ਇਹ ਗੱਲ ਬੜੇ ਜ਼ੋਰ ਨਾਲ ਆਖਦੇ ਕਿ ਗਿਆਨ ਦੀ ਤਾਕਤ ਹੀ ਸਭ ਤੋਂ ਵੱਡੀ ਤਾਕਤ ਹੈ, ਕੁਰਸੀ ਨਾਲ ਮਿਲੀ ਇੱਜ਼ਤ ਤਾਂ ਕੁਰਸੀ ਦੇ ਨਾਲ ਹੀ ਚਲੀ ਜਾਂਦੀ ਹੈ।"

ਡਾ. ਰਜਨੀਸ਼ ਦੀ ਯਾਦਾਸ਼ਤ ਕਮਾਲ ਦੀ ਸੀ। ਜਦੋਂ ਕਦੀ ਵੀ ਉਹਨਾਂ ਨਾਲ ਪੰਜਾਬੀ ਗਲਪ ਦੇ ਕਿਸੇ ਮਸਲੇ ਤੇ ਗੱਲਬਾਤ ਕਰਨੀ ਉਹ ਨਾਵਲ/ ਕਹਾਣੀ ਦੇ ਪਾਤਰਾਂ ਦੇ ਵਿਹਾਰ ਰਾਹੀਂ ਗੱਲ ਸਮਝਾਉਂਦੇ, ਉਹਨਾਂ ਨੂੰ ਮਣਾਮੂੰਹੀ ਪਾਤਰਾਂ ਦੇ ਨਾਮ ਯਾਦ ਸਨ। ਮੈਂ ਅਕਸਰ ਉਹਨਾਂ ਨੂੰ ਕਹਿੰਦੀ ਕਿ ਮੈਨੂੰ ਤਾਂ ਇਸ ਸਾਲ ਪੜ੍ਹੀਆਂ ਕਹਾਣੀਆਂ ਦੇ ਪਾਤਰ ਭੁੱਲ ਗਏ ਤੇ ਤੁਸੀਂ ਆਪਣੇ ਐੱਮ. ਏ. ਦੌਰਾਨ ਪੜੀਆਂ ਲਿਖਤਾਂ ਵਿੱਚੋਂ ਹਵਾਲੇ ਦੇ ਦਿੰਦੇ ਹੋ। ਉਹ ਮਿੱਠੀ ਜਿਹੀ ਝਿੜਕ ਮਾਰਦੇ ਤੇ ਨਾਲੇ ਕਹਿੰਦੇ ਕਿ ਤੁਸੀਂ ਲਿਟਰੇਚਰ ਨੂੰ ਪੜ੍ਹਨ/ ਸਮਝਣ ਲਈ ਨਹੀਂ ਪੜ੍ਹਦੇ ਸਗੋਂ ਤੁਸੀਂ ਤਾਂ ਏ. ਪੀ. ਆਈ ਸਕੋਰ ਅਰਜਿਤ ਕਰਨ ਦੀ ਦੌੜ ਵਿੱਚ ਹੋ। ਉਹ ਹਮੇਸ਼ਾ ਕੰਮ ਦੀ ਗੁਣਵੱਤਾ ਲਈ ਪ੍ਰਤੀਬੱਧ ਰਹੇ। ਡਾ. ਰਜਨੀਸ਼ ਨਾਲ ਕਿਸੇ ਵੀ ਵਿਸ਼ੇ ਉੱਤੇ ਗੱਲ ਕਰਨ ਤੋਂ ਬਾਅਦ ਆਪਣਾ ਆਪ ਭਰਿਆ-ਭਰਿਆ ਤੇ ਨਵਾਂ ਨਰੋਆ ਮਹਿਸੂਸ ਹੁੰਦਾ, ਨਵੇਂ ਵਿਚਾਰ ਪੈਦਾ ਹੁੰਦੇ।

ਡਾ. ਰਜਨੀਸ਼ ਇੱਕ ਪ੍ਰਤੀਬੱਧ ਅਧਿਆਪਕ ਸਨ। ਮੈਂ ਬੇਸ਼ੱਕ ਰਸਮੀ ਤੌਰ 'ਤੇ ਉਹਨਾਂ ਦੀ ਵਿਦਿਆਰਥਣ ਨਹੀਂ ਰਹੀ, ਪਰ ਲਿਟਰੇਚਰ ਨੂੰ ਕਿਵੇਂ ਪੜ੍ਹਨਾ, ਰਿਸਰਚ ਕਿਵੇਂ ਕਰਨੀ ਇਹ ਉਹਨਾਂ ਤੋਂ ਬਿਹਤਰ ਕਿਸੇ ਹੋਰ ਕੋਲੋਂ ਨਹੀਂ ਸਮਝੀ। ਜਦੋਂ ਮੈਂ 2012 ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਜੁਆਇਨ ਕੀਤਾ ਤਾਂ ਮੈਨੂੰ ਸਭ ਤੋਂ ਪਹਿਲੀ ਨਸੀਹਤ ਉਹਨਾਂ ਦੀ ਇਹ ਸੀ ਕਿ ਯੂਨੀਵਰਸਿਟੀ ਵਿੱਚ ਪੜ੍ਹਾਉਣ ਤੇ ਖੋਜ ਕਰਨ ਤੋਂ ਬਿਨਾਂ ਆਲਤੂ ਫਾਲਤੂ ਦੇ ਕੰਮ ਬਹੁਤ ਹੁੰਦੇ ਨੇ ਜਿਹੜੇ ਤੁਹਾਨੂੰ ਕਰਨੇ ਚੰਗੇ ਵੀ ਲੱਗਦੇ, ਪਰ ਤੇਰੀ ਪਹਿਲੀ ਡਿਊਟੀ ਪੜ੍ਹਨਾ, ਪੜ੍ਹਾਉਣਾ ਤੇ ਰਿਸਰਚ ਕਰਨਾ ਹੈ, ਇਹ ਨਾ ਕਦੀ ਛੱਡੀਂ। ਕਲਾਸ ਰੂਮ ਵਿੱਚ ਬਿਨਾਂ ਪੜ੍ਹੇ ਕਦੀ ਨਾ ਜਾਈਂ। ਇਹੀ ਤੇਰੀ ਆਪਣੇ ਕਿੱਤੇ ਪ੍ਰਤੀ ਇਮਾਨਦਾਰੀ ਹੈ। ਮੈਂ ਉਹਨਾਂ ਦੀ ਇਹ ਗੱਲ ਪੱਲੇ ਬੰਨ ਲਈ। ਮੈਂ ਬੜੇ ਮਾਣ ਨਾਲ ਇਹ ਕਹਿ ਸਕਦੀ ਹਾਂ ਕਿ ਇਸੇ ਨਸੀਹਤ ਦੇ ਸਿਰ 'ਤੇ ਮੈਂ ਆਪਣੇ ਵਿਦਿਆਰਥੀਆਂ ਦੀ ਪਾਪੂਲਰ ਅਧਿਆਪਕਾ ਬਣੀ।

ਡਾ. ਰਜਨੀਸ਼ ਇੱਕ ਸਾਫ਼ ਦਿਲ, ਖ਼ੁਦਦਾਰ ਅਤੇ ਖਰੇ ਇਨਸਾਨ ਸਨ ਜੋ ਆਪਣੀ ਗੱਲ

ਬੇਬਾਕੀ ਨਾਲ ਕਹਿਣ ਦਾ ਮਾਦਾ ਰੱਖਦੇ ਸਨ। ਉਹਨਾ ਦੀ ਇਹ ਬੇਬਾਕੀ ਕਈ ਵਾਰ ਸੌਖ ਪਸੰਦ ਲੇਖਕਾਂ ਤੇ ਆਲੋਚਕਾਂ ਨੂੰ ਔਖਾ ਵੀ ਕਰਦੀ ਸੀ, ਪਰ ਉਹਨਾਂ ਦੀ ਪ੍ਰਤੀਬੱਧਤਾ ਆਪਣੇ ਆਲੋਚਕ ਹੋਣ ਨਾਲ ਸੀ ਅਤੇ ਇੱਕ ਆਲੋਚਕ ਦਾ ਸੱਚਾ ਧਰਮ ਕੀ ਹੈ, ਇਸ ਬਾਰੇ ਉਹ ਭਲੀ-ਭਾਂਤ ਵਾਕਿਫ਼ ਵੀ ਸਨ ਅਤੇ ਉਹਨਾਂ ਆਪਣਾ ਇਹ ਧਰਮ ਬਾਖੂਬੀ ਨਿਭਾਇਆ। ਇੱਕ ਪਾਸੇ ਉਹਨਾਂ ਆਪਣੀ ਵਿਦਵਤਾ ਅਤੇ ਗਿਆਨ ਭਰਪੂਰ ਵਿਚਾਰਧਾਰਾਈ ਯੋਗਤਾ ਕਾਰਨ ਪੰਜਾਬੀ ਗਲਪ ਆਲੋਚਨਾ ਦੇ ਖੇਤਰ ਵਿੱਚ, ਪੰਜਾਬੀ ਅਦਬੀ ਹਲਕਿਆਂ ਵਿੱਚ ਆਪਣਾ ਲੋਹਾ ਮਨਵਾਇਆ ਦੂਜੇ ਪਾਸੇ ਆਪਣੀਆਂ ਤਿੱਖੀਆਂ ਟਿੱਪਣੀਆਂ ਕਾਰਨ ਕਈ ਲੇਖਕ ਦੋਸਤਾਂ ਨੂੰ ਨਾਰਾਜ਼ ਵੀ ਕੀਤਾ। ਇਹ ਉਹਨਾਂ ਦੇ ਬਿਨਾਂ ਵਲ ਛਲ ਵਾਲੇ ਸੁਭਾਅ ਕਾਰਨ ਸੀ, ਉਹ ਦੋ ਟੁੱਕ ਗੱਲ ਕਰਨ ਵਿੱਚ ਵਧੇਰੇ ਵਿਸ਼ਵਾਸ ਕਰਦੇ ਸਨ। ਡਾ. ਰਜਨੀਸ਼ ਪੰਜਾਬੀ ਦੇ ਉਹਨਾਂ ਚੁਨਿੰਦਾ ਵਿਦਵਾਨਾਂ ਵਿੱਚੋਂ ਸਨ ਜਿਨ੍ਹਾਂ ਆਪਣੇ ਨਿੱਜੀ ਤੇ ਸਮਾਜਿਕ ਜੀਵਨ ਵਿੱਚ ਅਹੁਦਿਆਂ ਦੀ ਥਾਂ ਗੌਰਵ, ਸਵੈਮਾਣ, ਮਿਹਨਤ ਨੂੰ ਪਹਿਲ ਦਿੱਤੀ ਅਤੇ ਆਪਣੇ ਅਧਿਐਨ, ਅਧਿਆਪਨ ਦੀ ਯੋਗਤਾ ਨਾਲ ਪੰਜਾਬੀ ਚਿੰਤਨ ਜਗਤ ਵਿੱਚ ਆਪਣਾ ਸਿੱਕਾ ਚਲਾਇਆ। ਉਹ ਪੰਜਾਬੀ ਗਲਪ ਦੇ ਵੱਡੇ ਵਿਸ਼ੇਸ਼ੱਗ ਸਨ। ਉਹਨਾ ਦੀ ਗਲਪ ਆਲੋਚਨਾ ਦਾ ਕਾਰਜ ਵੀਹਵੀਂ ਸਦੀ ਦੇ ਆਖਰੀ ਸਾਲ (1999) ਤੋਂ ਲੈ ਕੇ 21ਵੀਂ ਸਦੀ ਦੇ ਤੀਜੇ ਦਹਾਕੇ ਦੇ ਸ਼ੁਰੂਆਤੀ ਵਰ੍ਹੇ ਤੱਕ 22 ਸਾਲਾਂ ਦਾ ਸਫ਼ਰ ਹੈ। ਇਸ ਸਮੇਂ ਦੌਰਾਨ ਡਾ. ਰਜਨੀਸ਼ ਦੀ ਬਤੌਰ ਚਿੰਤਕ ਪਛਾਣ ਨਿਰੰਤਰ ਗੂੜ੍ਹੀ ਹੋਈ ਹੈ। ਉਹਨਾਂ ਤਕਰੀਬਨ ਦੋ ਦਰਜਨ ਪੁਸਤਕਾਂ ਲਿਖੀਆਂ/ ਸੰਪਾਦਿਤ ਕੀਤੀਆਂ ਜਿਸ ਵਿੱਚ ਅੱਠ ਪੁਸਤਕਾਂ ਮੌਲਿਕ ਆਲੋਚਨਾ ਦੀਆਂ, ਛੇ ਸੰਪਾਦਿਤ ਆਲੋਚਨਾ ਪੁਸਤਕਾਂ, ਕਹਾਣੀਆਂ ਦੀਆਂ ਅੱਠ ਸੰਪਾਦਤ ਪੁਸਤਕਾਂ ਅਤੇ ਇੱਕ ਨਿਰੋਲ ਵਾਰਤਕ ਪੁਸਤਕ 'ਪਰਬਤਾਂ ਸੰਗ ਸੰਵਾਦ' ਸਫ਼ਰਨਾਮੇ ਦੇ ਰੂਪ ਵਿੱਚ ਹੈ। ਇਹਨਾਂ ਪੁਸਤਕਾਂ ਤੋਂ ਇਲਾਵਾ ਅਣਗਿਣਤ ਲੇਖ ਜੋ ਅਖ਼ਬਾਰਾਂ ਰਸਾਲਿਆਂ ਵਿੱਚ ਛਪੇ ਅਤੇ ਪ੍ਰਵਚਨ ਦੀਆਂ ਸੰਪਾਦਕੀਆਂ ਬਹੁਤ ਮਹੱਤਵਪੂਰਨ ਹਨ।

ਡਾ. ਰਜਨੀਸ਼, ਡਾ. ਰਵਿੰਦਰ ਰਵੀ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੇ ਪੰਜਾਬੀ ਚਿੰਤਨ ਜਗਤ ਦੇ ਉਹਨਾਂ ਮੋਹਰੀ ਵਿਦਵਾਨਾਂ ਦੇ ਲਾਡਲੇ ਅਤੇ ਪਸੰਦੀਦਾ ਵਿਦਿਆਰਥੀ ਸਨ ਜਿਹਨਾਂ ਪੰਜਾਬੀ ਚਿੰਤਨ ਜਗਤ ਨੂੰ ਨਵਾਂ ਮੋੜ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਬੜੇ ਮਾਣ ਨਾਲ ਆਪਣੀ ਡਾ. ਰਵੀ ਤੇ ਡਾ. ਰਾਹੀ ਨਾਲ ਸਾਂਝ ਬਾਰੇ ਦੱਸਦੇ। ਡਾ. ਰਵੀ ਨੇ ਉਹਨਾਂ ਦੀ ਬੌਧਿਕ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ ਡਾ. ਰਾਹੀ ਕੋਲ ਉਹਨਾਂ ਦੀ ਸਿਫ਼ਾਰਿਸ਼ ਕੀਤੀ। ਇਸ ਦਾ ਜ਼ਿਕਰ ਡਾ. ਰਾਹੀ ਨੇ ਉਹਨਾਂ ਦੀ ਪੁਸਤਕ 'ਪੰਜਾਬੀ ਸਾਹਿਤ ਚਿੰਤਨ: ਆਧਾਰ ਤੇ ਉਸਾਰ' ਦੀ ਭੂਮਿਕਾ ਵਿੱਚ ਬੜੇ ਮਾਣ ਨਾਲ ਕੀਤਾ ਹੈ। ਡਾ. ਰਜਨੀਸ਼ ਦੇ ਨਿੱਜੀ ਅਤੇ ਅਕਾਦਮਿਕ ਕੱਦ ਨੂੰ ਵਾਚਣਾ ਹੋਵੇ ਤਾਂ ਡਾ. ਰਾਹੀ ਦੁਆਰਾ 2009 ਵਿੱਚ ਲਿਖੀ ਇਸ ਪੁਸਤਕ ਦੀ ਭੂਮਿਕਾ ਤੋਂ ਵੱਡਾ ਹੋਰ ਕੋਈ ਦਸਤਾਵੇਜ਼ ਨਹੀਂ।

ਡਾ. ਰਜਨੀਸ਼ ਨੂੰ ਉੱਚ ਪੱਧਰੀ ਵਿੱਦਿਅਕ ਅਦਾਰਿਆਂ ਵਿੱਚ ਅਕਾਦਮਿਕਤਾ ਦੇ ਖੇਤਰ ਵਿੱਚ ਆ ਰਹੇ ਨਿਘਾਰ ਦਾ ਮਲਾਲ ਸੀ। ਯੂਨੀਵਰਸਿਟੀਆਂ ਵਿਚਲੀ ਧੜੇਬੰਦੀ ਕੁਨਬਾ ਪਰਵਰੀ ਤੇ ਜੁਗਾੜਬੰਦੀ ਉਹਨਾਂ ਨੂੰ ਪ੍ਰੇਸ਼ਾਨ ਕਰਦੀ ਸੀ। ਇਸ ਬਾਰੇ ਉਹ ਸਟੇਜਾਂ 'ਤੇ ਵੀ ਬੋਲਦੇ ਅਤੇ ਉਹਨਾਂ 'ਪ੍ਰਵਚਨ' ਦੀਆਂ ਕਈ ਸੰਪਾਦਕੀਆਂ ਵਿੱਚ ਵੀ ਇਸ ਬਾਰੇ ਬੜਾ ਬੇਖੌਫ਼ ਹੋ ਕੇ ਜ਼ਿਕਰ ਕੀਤਾ।

ਡਾ. ਰਜਨੀਸ਼ ਕੋਲ ਆਪਣੀ ਗੱਲ ਕਰਨ ਲਈ ਇੱਕ ਵੱਡਾ ਪਲੇਟਫਾਰਮ 'ਪ੍ਰਵਚਨ' ਸੀ। ਇਹ ਉਹਨਾਂ ਦੀ ਲੇਖਣੀ ਦੀ ਤਾਕਤ ਸੀ। 'ਪ੍ਰਵਚਨ' ਨੂੰ ਲੈ ਕੇ ਉਹ ਬਹੁਤ ਭਾਵੁਕ ਹੋ ਜਾਂਦੇ ਸਨ। ਮੈਨੂੰ ਯਾਦ ਐ ਯੂ. ਜੀ. ਸੀ. ਵੱਲੋਂ ਜਦੋਂ ਸਾਹਿਤਕ ਰਸਾਲਿਆਂ ਦੀ ਗੁਣਵੱਤਾ ਦਾ ਆਧਾਰ ਆਈ ਐੱਸ ਐੱਸ ਐੱਨ ਨੰਬਰ ਅਤੇ ਫਿਰ ਯੂ. ਜੀ. ਸੀ. ਕੇਅਰ ਲਿਸਟ ਵਿੱਚ ਸ਼ਮੂਲੀਅਤ ਬਣੀ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਸਾਨੂੰ ਵੀ 'ਪ੍ਰਵਚਨ' ਲਈ ਇਹ ਨੰਬਰ ਅਪਲਾਈ ਕਰਨਾ ਚਾਹੀਦਾ ਤੇ ਬਾਅਦ ਵਿੱਚ ਕੇਅਰ ਲਿਸਟ ਵਿੱਚ ਲਿਆਉਣ ਲਈ ਮੈਂ ਜ਼ਿੱਦ ਕੀਤੀ ਤਾਂ ਉਹ ਅੱਗੋਂ ਹਮੇਸ਼ਾ ਇਹ ਕਹਿੰਦੇ ਕਿ ਇਹਨਾਂ ਚੀਜ਼ਾਂ ਨਾਲ ਕੋਈ ਫਰਕ ਨਹੀਂ ਪੈਂਦਾ, 'ਪ੍ਰਵਚਨ' ਵਿੱਚ ਜੋ ਛਪ ਰਿਹਾ ਉਹ ਮੌਲਿਕ ਤੇ ਮਾਅਨੇਖ਼ੇਜ ਹੋਣਾ ਚਾਹੀਦਾ। ਕਹਿਣ ਦਾ ਭਾਵ ਇਹ ਹੈ ਕਿ ਉਹ ਹਮੇਸ਼ਾ ਕੁਆਲਿਟੀ ਵਰਕ ਨੂੰ ਪਹਿਲ ਦਿੰਦੇ। ਇਹੀ ਕਾਰਨ ਸੀ ਕਿ 'ਪ੍ਰਵਚਨ' ਵਿੱਚ ਛਪਣਾ ਆਪਣੇ ਆਪ ਵਿੱਚ ਵੱਡੀ ਗੱਲ ਬਣ ਗਿਆ ਸੀ। 'ਪ੍ਰਵਚਨ' ਦੀਆਂ ਸੰਪਾਦਕੀਆਂ ਸਮਾਜਿਕ ਰਾਜਨੀਤਿਕ ਅਤੇ ਅਕਾਦਮਿਕ ਹਲਕਿਆਂ ਵਿੱਚ ਹਿੱਲਜੁੱਲ ਕਰਨ ਲੱਗੀਆਂ ਸਨ। ਵਰਤਮਾਨ ਦੌਰ ਵਿੱਚ ਜਦੋਂ ਹਰ ਕੋਈ ਸਥਾਪਤੀ ਦੀ ਖ਼ੁਸ਼ਾਮਦੀ 'ਚ ਆਪਣੀ ਭਲਾਈ ਸਮਝਦਾ ਤਾਂ ਡਾ. ਰਜਨੀਸ਼ ਨੇ 'ਪ੍ਰਵਚਨ' ਦੀਆਂ ਸੰਪਾਦਕੀਆਂ ਵਿੱਚ ਤਿੱਖੇ ਸੁਆਲ ਖੜੇ ਕੀਤੇ ਅਤੇ ਸਿਸਟਮ ਦੀਆਂ ਗਲਤ ਨੀਤੀਆਂ ਨੂੰ ਕਾਟੇ ਥੱਲੇ ਲਿਆਂਦਾ। ਉਂਝ ਗ਼ਲਤ ਨੂੰ ਬੇਖੌਫ਼ ਹੋ ਕੇ ਗ਼ਲਤ ਕਹਿਣਾ ਇਹ ਵਿਦਿਆਰਥੀ ਜੀਵਨ ਤੋਂ ਹੀ ਉਹਨਾਂ ਦੇ ਸੁਭਾਅ ਦਾ ਹਿੱਸਾ ਸੀ। ਉਹਨਾਂ ਥੋੜੀ ਜ਼ਿੰਦਗੀ ਜੀ, ਪਰ ਆਪਣੀਆਂ ਸ਼ਰਤਾਂ 'ਤੇ ਖ਼ੁਦਦਾਰੀ ਤੇ ਸਵੈਮਾਣ ਭਰਿਆ ਜੀਵਨ ਜੀਵਿਆ। ਅਦਾਰਾ 'ਪ੍ਰਵਚਨ' ਵੱਲੋਂ ਸ਼ੁਰੂ ਕੀਤੀਆਂ ਕਹਾਣੀ ਗੋਸ਼ਟੀਆਂ ਹੌਲੀ-ਹੌਲੀ ਸਾਹਿਤਕ ਗੋਸ਼ਟੀਆਂ ਬਣ ਗਈਆਂ। ਡਾ. ਰਜਨੀਸ਼ ਨੇ ਆਪਣੀ ਮਿਹਨਤ ਤੇ ਵਿਦਵਤਾ ਸਹਾਰੇ ਇਹਨਾਂ ਗੋਸ਼ਟੀਆਂ ਦਾ ਇੱਕ ਮਿਆਰ ਸਥਾਪਿਤ ਕਰ ਦਿੱਤਾ। ਗੋਸ਼ਟੀ ਲਈ ਪਰਚੇ ਲਿਖਵਾਉਣ ਤੋਂ ਲੈ ਕੇ ਡਿਸਕਸ਼ਨਜ਼ ਤੇ ਫੇਰ ਗੋਸ਼ਟੀ ਦੌਰਾਨ ਹੋਈ ਸਾਰੀ ਚਰਚਾ ਦੀ ਰਿਕਾਰਡਿੰਗ ਨੂੰ ਟੈਕਸਟ ਵਿੱਚ ਤਬਦੀਲ ਕਰਨਾ, ਇਹ ਸਾਰਾ ਕੰਮ ਉਹ ਬੜੇ ਚਾਅ ਤੇ ਉਤਸ਼ਾਹ ਨਾਲ ਕਰਦੇ। ਡਾ. ਰਜਨੀਸ਼ ਬਾਰੇ ਬਹੁਤ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਪਰ ਮੈਂ ਇੰਨਾ ਹੀ ਕਹਾਂਗੀ ਕਿ ਉਹ ਇੱਕ ਬੌਧਿਕ, ਗਿਆਨਵਾਨ ਤੇ ਸੂਝਵਾਨ ਚਿੰਤਕ, ਪ੍ਰਬੁੱਧ ਅਧਿਆਪਕ, ਸੱਚਾ ਕਰਮਯੋਗੀ, ਹਿੰਮਤੀ, ਉੱਦਮੀ, ਸੰਘਰਸ਼ਸ਼ੀਲ, ਨੇਕ, ਸਾਫ਼ ਦਿਲ ਤੇ ਸੰਵੇਦਨਸ਼ੀਲ ਇਨਸਾਨ ਸੀ। ਡਾ. ਰਜਨੀਸ਼ ਨੇ ਮੈਨੂੰ ਖੋਜ ਰੂਪੀ ਇਮਾਰਤ ਦੀਆਂ ਪੌੜੀਆਂ ਚੜ੍ਹਨਾ ਸਿਖਾਇਆ। ਉਹ ਸੱਚਮੁੱਚ ਪੰਜਾਬੀ ਗਲਪ ਦੇ ਅਧਿਕਾਰੀ ਵਿਦਵਾਨ ਸਨ। ਉਹ ਪੰਜਾਬੀ ਆਲੋਚਨਾ ਜਗਤ ਦੇ ਅਜਿਹੇ ਚਿੰਤਕ ਸਨ ਜਿਹਨਾਂ ਨਿਰਪੱਖ ਹੋ ਕੇ ਪੰਜਾਬੀ ਗਲਪ ਬਾਰੇ ਆਪਣੀਆਂ ਨਿਵੇਕਲੀਆਂ ਧਾਰਨਾਵਾਂ ਪੇਸ਼ ਕੀਤੀਆਂ। ਅਜਿਹੇ ਮੌਲਿਕ ਚਿੰਤਕ ਦਾ ਬੇਵਕਤ ਤੁਰ ਜਾਣਾ ਪੰਜਾਬੀ ਆਲੋਚਨਾ ਜਗਤ ਲਈ ਵੱਡਾ ਘਾਟਾ ਹੈ। ਅੱਜ ਬੇਸ਼ੱਕ ਉਹਨਾਂ ਦੇ ਬੋਲ ਸਾਨੂੰ ਸੁਣਾਈ ਨਹੀਂ ਦੇ ਰਹੇ, ਪਰ ਉਹਨਾਂ ਦੁਆਰਾ ਪੰਜਾਬੀ ਨਾਵਲ ਅਤੇ ਕਥਾ ਸਾਹਿਤ ਬਾਰੇ ਦਿੱਤੀਆਂ ਧਾਰਨਾਵਾਂ ਸ਼ਬਦੀ ਚਿੰਤਨ ਦੇ ਰੂਪ ਵਿੱਚ ਪੰਜਾਬੀ ਆਲੋਚਨਾ ਜਗਤ ਵਿੱਚ ਹਮੇਸ਼ਾ ਜ਼ਿਕਰਯੋਗ ਰਹਿਣਗੀਆਂ।

***

# ਵਾਪਸੀ 'ਤੇ ਮਿਲਦੇ ਆਂ

**-ਜਸਵਿੰਦਰ ਸਿੰਘ**

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਦੇ ਚੋਣਵੇਂ ਸਮਕਾਲੀ ਸਮਰੱਥ ਗਲਪ ਆਲੋਚਕਾਂ 'ਚੋਂ ਹੈ। ਉਸਨੇ ਮਾਰਕਸਵਾਦੀ ਜੀਵਨ ਦਰਸ਼ਨ ਅਤੇ ਉਸੇ ਦੀ ਲੋਅ ਵਿਚ ਸਾਹਿਤ ਆਲੋਚਨਾ ਵਿਚ ਪਾਏਦਾਰ ਅਧਿਐਨ ਕਾਰਜ ਅਤੇ ਮੁਲਵਾਨ ਸਾਹਿਤ ਸਰਗਰਮੀ ਨਾਲ ਆਪਣਾ ਮਾਣਮੱਤਾ ਸਥਾਨ ਹਾਸਲ ਕੀਤਾ। ਉਸਦੀ ਵਿਚਾਰਧਾਰਕ ਪ੍ਰਤਿਬਧਤਾ, ਜੀਵਨ ਸਰਗਰਮੀ ਤੇ ਜ਼ਿੰਦਾਦਿਲੀ ਬਾਕਾਮਲ ਸੀ। ਜਿਸ ਖੁੱਲ੍ਹੇ ਮਨ ਤੇ ਪ੍ਰਬਲ ਨੈਤਿਕ ਦਲੇਰੀ ਨਾਲ ਉਹ ਸਾਹਿਤ ਆਲੋਚਨਾ ਕਰਦਾ ਜਾਂ ਇਸਦੀ ਪ੍ਰਸਤੁਤੀ ਕਰਦਾ, ਇਹ ਬਹੁਤ ਪ੍ਰਭਾਵੀ ਸੀ, ਚਾਹੇ ਤੁਸੀਂ ਉਸਦੀਆਂ ਧਾਰਨਾਵਾਂ ਨਾਲ ਸਹਿਮਤ ਹੋਵੋ ਜਾਂ ਨਾ। ਉਸਦੀ ਵਿਚਾਰਧਾਰਕ ਦਾਰਸ਼ਨਿਕ ਸੂਝ ਸਵੈ-ਵਿਰੋਧਾਂ, ਸਵੈ-ਭੁਲੇਖਿਆਂ ਤੇ ਦੋ-ਨੰਬਰੀ ਕਾਰੋਬਾਰਾਂ ਤੋਂ ਵਿੱਥ 'ਤੇ ਵਿਚਰਦੀ ਹੈ। ਏਸੇ ਕਰਕੇ ਸੋਹਣੇ ਨਕਸ਼ ਛੱਡਦੀ ਹੈ।

ਉਹ ਪੰਜਾਬੀ ਵਿਭਾਗ ਵਿਚ ਮੇਰੇ ਅਧਿਆਪਨ ਕਾਰਜ ਦੇ ਪਹਿਲੇ ਪੂਰ ਦੇ ਵਿਦਿਆਰਥੀਆਂ 'ਚੋਂ ਸੀ। ਪੰਜਾਬੀ ਵਿਭਾਗ ਤੋਂ ਐਮ.ਏ. ਕਰ, ਉਸ ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ ਜੰਮੂ ਜਾ ਐਮ.ਫਿਲ ਦਾਖਲਾ ਲਿਆ। ਸਟੂਡੈਂਟ ਯੂਨੀਅਨ ਫਿਰ ਰੀਸਰਚ ਸਕਾਲਰਜ਼ ਦੇ ਲੀਡਰ ਵਜੋਂ ਸੋਹਣੀ ਪਛਾਣ ਬਣਾਈ। ਡਾ. ਦੇਵਿੰਦਰ ਸਿੰਘ ਦੀ ਨਿਗਰਾਨੀ ਅਧੀਨ ਪੀ.ਐਚ.ਡੀ. ਕਰਕੇ, ਇਕ-ਦੋ ਕਾਲਜਾਂ 'ਚ ਘੁੰਮ ਫਿਰ, ਡੀ.ਏ.ਵੀ. ਕਾਲਜ ਜਲੰਧਰ ਪਹੁੰਚ ਗਿਆ ਤੇ ਜਲੰਧਰ ਪੱਕੇ ਡੇਰੇ ਜਮ੍ਹਾ ਲਏ। ਜਿੱਥੇ ਉਹ 'ਨਵਾਂ ਜ਼ਮਾਨਾ' ਦੇ ਮੋਹਰੀ ਵਿਦਵਾਨਾਂ ਜਸ ਮੰਡ, ਸੁਕੀਰਤ, ਬਲਬੀਰ ਪਰਵਾਨਾ ਦੀ ਸੰਗਤ ਤੇ ਸਵਰਗੀ ਜਗਜੀਤ ਸਿੰਘ ਆਨੰਦ ਦੀ ਰਹਿਨੁਮਾਈ ਵਿਚ ਆਪਣੇ ਜੀਵਨ ਤੇ ਸਾਹਿਤਕ ਸਫ਼ਰ ਵਿਚ ਪੂਰੀ ਤਨਦੇਹੀ ਨਾਲ ਆਖ਼ਰੀ ਸਾਹਾਂ ਤੱਕ ਜੁਟਿਆ ਰਿਹਾ।

ਡਾ. ਰਜਨੀਸ਼ ਨੇ ਨਿਰੰਤਰ ਇਕ ਭਵਿੱਖਮੁਖੀ ਯੋਜਨਾਬੰਦੀ ਤਹਿਤ ਆਪਣੀ ਸਰਗਰਮੀ ਨੂੰ ਨਿਭਾਇਆ। ਵੱਡੇ ਅਰਥ ਭਰਪੂਰ ਕਾਰਜਾਂ ਨੂੰ ਨੇਪਰੇ ਚੜ੍ਹਾਇਆ। ਉਸਨੇ ਸਮਕਾਲੀ ਗਲਪ ਨਾਲ ਪੀਡਾ ਸਬੰਧ ਬਣਾਈ ਰੱਖਿਆ। ਨਿਗਰ ਸੰਵਾਦ ਦੀ ਧੂਣੀ ਹੋਰਾਂ ਮਿੱਤਰਾਂ ਨਾਲ ਜੁੜ ਧੁਖਾਈ ਰੱਖੀ, ਜਿਸਦਾ ਸਦਕਾ 'ਡਲਹੌਜ਼ੀ' ਦਾ ਅਨੂਠਾ ਤਜਰਬਾ 18 ਸਾਲ ਜਾਰੀ ਰਹਿ ਸਕਿਆ। ਇਸਦੇ ਪ੍ਰਵਚਨ ਵਿਸ਼ੇਸ਼ ਅੰਕ ਯਾਦਗਾਰੀ ਹੋ ਨਿਬੜੇ। ਗੋਸ਼ਟੀਆਂ ਵਿਚ ਸਮਕਾਲੀ ਤੇ ਪਿਛਲੇ ਸਮੇਂ ਦੇ ਸਾਹਿਤ 'ਤੇ ਨਿੱਠ ਕੇ ਚਰਚਾ ਤੇ ਮੁਲਵਾਨ ਜ਼ਾਵੀਏ ਉਭਾਰੇ।

ਉਸ ਦੀਆਂ 22 ਪੁਸਤਕਾਂ ਛਪ ਚੁੱਕੀਆਂ ਹਨ। ਪੰਜਾਬ ਦੀ ਕਿਰਸਾਨੀ ਨਾਲ ਸਬੰਧਤ ਗਲਪ ਬਾਰੇ ਡਿਗਰੀ ਖੋਜ ਕਾਰਜ ਕਰਨ ਸਦਕਾ ਉਸਨੂੰ ਇਸ ਵਿਸ਼ੇ 'ਤੇ ਨਿਆਰੀ ਮੁਹਾਰਤ ਹਾਸਲ ਸੀ। ਪਰ ਉਸਦੀ ਸਮਾਜੀ-ਜਮਾਤੀ ਸੂਝ ਇਸ ਸੀਮਾਂ ਵਿਚ ਨਹੀਂ ਸੀ ਬੱਝੀ, ਉਹ ਦਲਿਤ, ਨਾਰੀ ਤੇ ਹੋਰ ਅਹਿਮ ਸਮਾਜੀ ਇਤਿਹਾਸਕ ਵਰਤਾਰਿਆਂ ਪ੍ਰਤੀ ਬੇਹੱਦ ਸੁਜੱਗ ਰਿਹਾ। ਪੜ੍ਹਨ ਦੀ ਉਸਦੀ ਜਨੂੰਨੀ ਰੁਚੀ ਤੋਂ ਮੈਂ ਹਮੇਸ਼ਾ ਮੁਤਾਸਿਰ ਹੁੰਦਾ ਤੇ ਉਸ ਤੋਂ ਵੀ ਵੱਧ ਉਸਦੀ ਬਰੀਕ ਯਾਦਦਾਸ਼ਤ ਤੋਂ। ਕਦੇ ਕਿਸੇ ਮੌਕੇ, ਜਿਸ ਵੀ ਗਲਪੀ ਪਹਿਲੂ ਜਾਂ ਗਲਪਕਾਰ

ਦੀ ਗੱਲ ਹੋਈ, ਇੰਜ ਲੱਗਣਾ ਜਿਵੇਂ ਉਹ ਕਹਾਣੀਆਂ ਨਾਵਲ ਹੁਣੇ ਪੜ੍ਹ ਕੇ ਹਟਿਆ ਹੋਵੇ। ਨਿੱਕੇ-ਨਿੱਕੇ ਵੇਰਵੇ ਤੇ ਸੂਖ਼ਮ ਵਿਸ਼ਲੇਸ਼ਣ। ਇਹ ਚਰਚਾਵਾਂ ਇਕੱਲੇ ਬੈਠਕਾਂ ਜਾਂ ਫੋਨ 'ਤੇ ਇੰਨੀਆਂ ਖੁਸ਼ਗਵਾਰ ਹੁੰਦੀਆਂ ਵਕਤ ਦਾ ਪਤਾ ਨਾ ਚਲਦਾ।

ਪੰਜਾਬ ਦੀ ਸਮਾਜੀ ਬਣਤਰ ਦੀਆਂ ਜਾਤੀ-ਜਮਾਤੀ-ਜੈਂਡਰ ਘਾੜਤਾਂ ਤੇ ਇਸਦੀ ਪੜਚੋਲ ਡਾ. ਰਜਨੀਸ਼ ਦੇ ਸਾਹਿਤ ਅਧਿਐਨ ਦਾ ਅਹਿਮ ਸਰੋਕਾਰ ਬਣੀ ਰਹੀ। ਹਰੇ ਇਨਕਲਾਬ ਦੇ ਬਹੁਮੁਖੀ ਪਰਿਣਾਮਾਂ 'ਚ ਉਲਝੀ ਕਿਰਸਾਨੀ ਨੂੰ ਉਹ ਬਣਦੇ ਲਗਾਓ ਤੇ ਉਚੇਰੀ ਬੌਧਿਕ ਨਿਰੀਖਣੀ ਦ੍ਰਿਸ਼ਟੀ ਤੋਂ ਭਾਂਪਣ 'ਚ ਬਹੁਤ ਸਮਰੱਥ ਸੀ। ਇਸ ਦਰਜਾਬੰਦੀ ਵਾਲੀ ਵਿਵਸਥਾ ਨੂੰ ਫਰੋਲਦਾ ਉਹ ਪੁਰਾਣੇ ਸਮਿਆਂ ਤੇ ਸ੍ਰੋਤਾਂ ਤੀਕ ਸੋਹਣੀ ਰਸਾਈ ਰੱਖਣ ਵਾਲਾ ਪ੍ਰਬੀਨ ਵਿਦਵਾਨ ਸੀ। ਉਸਦੀ ਮੁੱਖ ਦਿਲਚਸਪੀ ਗਲਪ ਕ੍ਰਿਤ ਦੇ ਵਿਸ਼ਾ-ਵਸਤੂ ਦੇ ਵਿਸ਼ਲੇਸ਼ਣ ਤੇ ਮਾਰਕਸੀ ਵਿਚਾਰਧਾਰਕ ਦ੍ਰਿਸ਼ਟੀ ਤੋਂ ਮੁਲਾਂਕਣ ਵਿਚ ਸੀ। ਮਸਲਿਆਂ ਦੀਆਂ ਜੜ੍ਹਾਂ ਤੇ ਇਸਦੇ ਅਣਦਿਸਦੇ ਸਮਾਜੀ ਤਾਣੇ-ਪੇਟੇ ਨੂੰ ਉਹ ਬਰੀਕ ਬੁੱਧੀ ਨਾਲ ਨਿਖੇੜਦਾ ਤੇ ਨਸ਼ਰ ਕਰਦਾ, ਮੂਲੋਂ ਬੇਲਿਹਾਜ਼ ਹੋ ਕੇ, ਬੇਬਾਕ ਹੋ ਕੇ। ਉਸਨੂੰ ਇਹ ਰਤੀ ਪ੍ਰਵਾਹ ਨਹੀਂ ਸੀ ਹੁੰਦੀ, ਦੂਸਰਾ ਉਸਦੀ ਰਾਏ ਮੰਨਦਾ ਹੈ ਜਾਂ ਨਹੀਂ।

ਉਸਦੀਆਂ ਛੇ ਗਲਪ ਆਲੋਚਨਾ ਦੀਆਂ ਪੁਸਤਕਾਂ ਉਸਦੀ ਨਿਰੰਤਰ ਸਾਧਨਾ ਦੀਆਂ ਪ੍ਰਮਾਣ ਹਨ। ਉਸਨੇ ਪੰਦਰਾਂ ਆਲੋਚਨਾ ਪੁਸਤਕਾਂ ਅਤੇ ਕਹਾਣੀਆਂ ਦੀਆਂ ਪੁਸਤਕਾਂ ਸੰਪਾਦਿਤ ਕੀਤੀਆਂ। ਸਮਕਾਲੀ ਕਹਾਣੀ ਦੀ ਪੜ੍ਹਤ, ਆਲੋਚਨਾ, ਰੁਝਾਨ ਅਤੇ ਸਦ-ਸੁਭਾਅ ਸਮਝਣ-ਨਿਖੇੜਨ 'ਚ ਉਹ ਬਹੁਤ ਦਿਲਚਸਪੀ ਰੱਖਦਾ ਸੀ। ਇਕ ਯਾਤਰਾ ਸੰਸਕਰਨ 'ਪਰਬਤਾਂ ਸੰਗ ਸੰਵਾਦ' ਉਸਦੀ ਵਾਰਤਕ ਪੁਸਤਕ ਹੈ।

ਡਾ. ਰਜਨੀਸ਼ ਨਾਲ ਮੈਂ ਵੂਲਵਰਹੈਮਟਨ, ਇੰਗਲੈਂਡ 2000 ਵਿਚ ਹੋਣ ਵਾਲੀ ਕਾਨਫਰੰਸ 'ਤੇ ਚੱਲਣ ਦੀ ਗੱਲ ਕੀਤੀ। ਉਸਦਾ ਸਾਫ਼ ਜਵਾਬ ਸੀ, "ਮੇਰੇ ਉਥੇ ਕੋਈ ਲਿਹਾਜ਼ੀ ਨਈਂ, ਜੇ ਤੁਸੀਂ ਲਿਜਾਣਾ, ਤੁਹਾਡੀ ਜੁੰਮੇਵਾਰੀ ਪੂਰੀ ਨਾਲ ਈ ਜਾਊਂ ਸਭ ਥਾਈਂ...!"

ਅਸੀਂ ਛੇ ਜਣੇ ਬਰਮਿੰਘਮ ਹਵਾਈ ਅੱਡੇ ਉਤਰੇ; ਪ੍ਰੋ. ਰਘਬੀਰ ਸਿੰਘ, ਪ੍ਰੋ. ਹਰਿਭਜਨ ਸਿੰਘ ਭਾਟੀਆ, ਪ੍ਰੋ. ਸੁਹਿੰਦਰਬੀਰ, ਪ੍ਰੋ. ਧਨਵੰਤ ਮੈਂ ਤੇ ਰਜਨੀਸ਼। ਜਹਾਜ਼ ਇਮਾਰਤ ਤੋਂ ਸੌ ਕੁ ਮੀਟਰ ਪਾਸੇ ਰੁਕਿਆ। ਅਸੀਂ ਹੱਥਲੇ ਬੈਗ ਵਗੈਰਾ ਚੁੱਕੀ ਤੁਰ ਪਏ ਅਗੜ-ਪਿੱਛੜ। ਇਕਦਮ ਪਿੱਛੋਂ ਡਾ. ਰਜਨੀਸ਼ ਦੀ ਉੱਚੀ ਸਾਰੀ ਹਾਕ ਸੁਣੀ। ਮੈਂ ਭੁਚੱਕਾ ਖਾ, ਖਵਨੀ ਕੀ ਹੋ ਗਿਆ।' ਰੁਕ ਕੇ ਪਿਛਾਂਹ ਵੇਖਿਆ ਰਜਨੀਸ਼ ਹੱਸਦਾ ਖਿੜਿਆ ਤੁਰਿਆ ਆਉਂਦਾ ਕਹਿ ਰਿਹਾ ਸੀ, "ਡਾ. ਸਾਬ੍ਹ! ਐਵੇਂ ਕਈ੍ਹੀ ਜਾਂਦੇ ਆ, ਐਮ.ਏ ਪੰਜਾਬੀ ਦਾ ਕੀ ਫੈਦਾ? ਆਹ ਵੇਖ ਲਓ, ਮੈਨੂੰ ਤਾਂ ਇੰਗਲੈਂਡ ਵਖਾਤਾ!"

ਇਹੀ ਉਹੀ ਇੰਗਲੈਂਡ ਸੀ, ਜਿੱਥੇ ਅਸੀਂ ਸਾਡੇ ਮਾਣਮੱਤੇ ਲੇਖਕ ਦਰਸ਼ਨ ਧੀਰ ਤੇ ਸਵਰਨ ਚੰਦਨ ਵਲੋਂ ਕੀਤੀ ਜਾ ਰਹੀ ਕਾਨਫਰੰਸ ਵਿਚ ਸ਼ਾਮਲ ਹੋਣ ਗਏ ਸਾਂ। ਸਵਰਨ ਚੰਦਨ ਨੇ ਮੇਰੇ ਨਾਲ ਗੱਲ ਕੀਤੀ, ਜ਼ੋਰ ਪਾਇਆ। ਉਹ ਸਾਹਿਤਕ ਰਸਾਲਾ ਕੱਢਣਾ ਚਾਹ ਰਿਹਾ ਸੀ। ਮੈਂ ਆਪਣੀ ਸੀਮਾ ਦੱਸੀ। ਸਿਰ ਫੇਰ ਤਾ। ਤੀਸਰੇ ਦਿਨ ਘੁੰਮਣ ਗਿਆਂ ਵੇਲੇ, ਡਾ. ਰਜਨੀਸ਼ ਨੇ ਮੇਰੇ ਨਾਲ ਸ਼ੇਅਰ ਕੀਤੀ। ਮੈਂ ਫੌਰਨ 'ਫੁੱਲ ਹੈਲਪ' ਦੀ ਹਾਮੀ ਭਰੀ ਤੇ ਨਾਲੇ, 'ਹੈ ਕਰਨ ਵਾਲਾ

ਉੱਦਮ, ਜੇ ਕਰ ਸਕੇਂ, ਉਂ ਔਖੈ...!"

ਇਹ ਡਾ. ਰਜਨੀਸ਼ ਦੀ ਹਿੰਮਤ, ਸਾਧਨਾ ਤੇ ਸਿਦਕਦਿਲੀ ਹੀ ਸੀ, ਜੋ ਰੰਗ ਲਿਆਈ। ਬਿਨ ਬਰੇਕ 22 ਸਾਲ 86 ਅੰਕ ਨਿਕਲੇ। ਇਹ ਉਸਦੀ ਮਿੱਤਰਤਾਈ ਹੀ ਸੀ, ਜੋ ਪ੍ਰਿੰ. ਮਹਿਲ ਸਿੰਘ ਤੇ ਪ੍ਰੋ. ਰਮਿੰਦਰ , ਡਾ. ਕੁਲਵੰਤ ਸੰਧੂ, ਸੁਕੀਰਤ, ਜਸ ਮੰਡ, ਪਰਵਾਨਾ ਤੇ ਮੇਰੇ ਵਰਗੇ ਕੁਛ ਹੋਰ, ਜਿਨ੍ਹਾਂ ਮੋਢਾ ਲਾਇਆ ਨਾਲ। ਸਵਰਨ ਚੰਦਨ ਹੱਥ ਖਿੱਚ ਗਿਆ, ਤਦ ਵੀ ਡਾ. ਰਜਨੀਸ਼ ਨੇ 'ਪ੍ਰਵਚਨ' ਡੋਲ੍ਹਣ ਨਾ ਦਿੱਤਾ। ਦਿੱਲੀ ਸ਼ੈਕੀ ਦੇ ਸ਼ਗਨ ਲਾਉਣ ਵੇਲੇ ਉਹ ਆਖਰੀ ਅੰਕ ਛਪਵਾ ਕੇ ਗਿਆ। ਜਿਸਨੂੰ ਡਾ. ਕੁਲਵੰਤ ਸਿੰਘ ਸੰਧੂ ਦੇ ਮਾਤਮੀ ਲਫ਼ਜ਼ਾਂ 'ਚ, 'ਉਸੇ ਅੰਕ 'ਤੇ ਰਜਨੀਸ਼ ਦੀ ਫੋਟੋ ਲਾਉਣੀ ਪਈ!'

ਮਿੱਤਰਾਂ ਪ੍ਰਵਚਨ ਨੂੰ ਉਵੇਂ-ਕਿਵੇਂ ਜਾਰੀ ਰੱਖਣ ਦਾ ਅਹਿਦ ਡਾ. ਰਜਨੀਸ਼ ਨੂੰ ਸਹੀ ਤੇ ਸੱਚੀ ਸ਼ਰਧਾਂਜਲੀ ਹੀ ਹੈ। ਡਾ. ਕੁਲਵੰਤ ਸੰਧੂ ਨੇ ਮੋਢਾ ਲਾਇਆ ਹੈ। ਏਹ ਖਾਸਾ ਤਕੜਾ ਮੋਢਾ ਹੈ! ਨਾਲ ਮਿੱਤਰ ਵੀ ਹਾਜ਼ਰ ਨੇ।

ਮੈਨੂੰ ਹਮੇਸ਼ਾ ਉਸਦੀ ਪਿੰਡ ਫੇਰੀ ਦੀ ਇੰਤਜ਼ਾਰ ਰਹਿੰਦੀ। ਉਸਦਾ ਪਿੰਡ ਚੱਕਰ ਲੱਗਦਾ ਰਹਿੰਦਾ। ਮਜਾਲ ਕਲਾਂ, ਪਟਿਆਲੇ ਤੋਂ ਦਸ ਕੁ ਕਿਲੋਮੀਟਰ, ਬਲਹੇੜਾ ਰੋਡ 'ਤੇ। ਉਹ ਖੁੱਲ੍ਹਾ ਵਕਤ ਬਣਾ ਆਉਂਦਾ ਜਾਂ ਜਾਂਦਾ ਮੇਰੇ ਕੋਲ ਆਉਂਦਾ। ਸਾਹਿਤ ਤੇ ਸਾਹਿਤਕ ਮਾਹੌਲ ਦੇ ਹਵਾਲੇ ਨਾਲ ਗੱਲਾਂ ਏਨੀਆਂ... ਵਕਤ ਛੂੰ-ਮੰਤਰ ਕਰ ਗੁਜ਼ਰ ਜਾਂਦਾ। ਸਾਫ਼-ਸਫ਼ਾਫ, ਬਿਨ ਵੱਲ-ਫੇਰ, ਪੂਰੀ ਇਮਾਨਦਾਰੀ ਨਾਲ ਵਜ਼ਨਦਾਰ ਗੱਲ ਕਰਨੀ ਉਸ ਤੋਂ ਸਿੱਖਣੀ ਬਣਦੀ ਸੀ।

ਸੱਥਰ 'ਤੇ ਬੈਠਿਆਂ, ਉਸਦਾ ਵੱਡਾ ਭਰਾ ਸੱਜੇ ਪਾਸੇ ਹੱਥ ਕਰ, ਕਹਿ ਰਿਹਾ ਸੀ, 'ਅਹੁ ਓਹਦਾ ਖਾਲੀ ਪਲਾਟ... ਆਹਦਾ ਸੀ, ਮੈਂ ਏਥੇ ਪਾਊਂ...'

ਰਜਨੀਸ਼ ਹੁਰਾਂ ਦੇ ਤਿੰਨਾਂ ਭਰਾਵਾਂ ਦੀਆਂ ਬਰੋਬਰ ਕੋਠੀਆਂ ਤੇ ਨਾਲ ਖਾਲੀ ਪਲਾਟ... ਇਕੋ ਇਕੱਠੀ ਵਲੀ ਚਾਰ ਦੁਆਰੀ...!

ਅਸੀਂ ਜਦ ਉਸਦੇ ਦੁੱਖ-ਸੁੱਖ ਵੇਲੇ ਪਿੰਡ ਜਾਂਦੇ। ਚਾਰਾਂ ਭਰਾਵਾਂ ਦੀ ਸਾਂਝ-ਇਤਫ਼ਾਕ ਵੇਖਦੇ-ਸੁਣਦੇ, ਉਸਦੇ ਪਰਿਵਾਰ-ਕਬੀਲੇ 'ਤੇ ਮਾਣ ਮਹਿਸੂਸ ਕਰਦੇ। ਏਹ ਇਕੱਠ-ਇਤਫ਼ਾਕ 'ਭਲਿਆ ਵੇਲਿਆਂ' ਦੀ ਪਰੀ ਕਹਾਣੀ ਜਾਪਦਾ।

ਕਈ ਸਾਲ ਪਹਿਲਾਂ ਨਾਮੁਰਾਦ ਬੀਮਾਰੀ ਨਾਲ ਉਸਦੀ ਪਤਨੀ ਰਾਜ ਦੀ ਮੌਤ ਹੋ ਗਈ। ਬੱਚੇ ਛੋਟੇ ਸਨ। ਜਿਸ ਮੋਹ ਤੇ ਖਿਆਲ ਨਾਲ ਰਜਨੀਸ਼ ਨੇ ਘਰ, ਬੱਚਿਆਂ ਨੂੰ ਸਾਂਭਿਆ-ਚਲਾਇਆ, ਇਹ ਵੇਖ ਜਾਣ ਰਸ਼ਕ ਆਉਂਦਾ। ਉਸ ਬਥੇਰਾ ਸੱਖਣਾਪਣ ਜੀਵਿਆ-ਜਰਿਆ ਹੋਊ। ਪਰ ਉਸਦੇ ਮੂੰਹੋਂ ਕਦੇ ਔਖ, ਪਛਤਾਵੇਂ, ਤਕਲੀਫ਼, ਥੁੜ ਦਾ ਇਕ ਲਫ਼ਜ਼ ਨਹੀਂ ਨਿਕਲਿਆ। ਹਮੇਸ਼ਾ ਚੜ੍ਹਦੀ ਕਲਾ ਦਾ ਨਾਂ ਸੀ ਡਾ. ਰਜਨੀਸ਼!

ਕੁਛ ਵਰ੍ਹੇ ਪਹਿਲਾਂ ਉਸਨੂੰ ਦਿਲ ਦਾ ਦੌਰਾ ਪਿਆ। ਦੋਸਤ ਚਿੰਤਾਤੁਰ ਹੋਏ। ਹਸਪਤਾਲੋਂ ਪਰਤਿਆ ਰਜਨੀਸ਼ ਉਵੇਂ ਹੌਂਸਲੇ 'ਚ, ਜਦ ਪੁੱਛੋਂ, ਮੈਂ ਠੀਕ ਆਂ! ਸ਼ੂਗਰ ਕਿਵੇਂ ਐ, 'ਠੀਕ ਆ', ਦਵਾਈ ਲਈਨਾ, ਦਾਰੂ ਛੱਡ ਚੈੱਕ ਕਰੌਨਾ ਰੈਗੂਲਰ, ਕਾਮਰੇਡ ਮਿੱਤਰ ਆ ਡਾਕਟਰ, ਰੂਸ ਤੋਂ ਡਾਕਟਰੀ ਕਰਕੇ ਆਇਆ... ਭੋਰਾ ਲਾਲਚੀ ਨਈਂ...। ਗਿਲਾ-ਸ਼ਿਕਵਾ, ਤਾਹਨਾ-ਮਿਹਣਾ, ਉਲ੍ਹਾਮਾ ਜਿਵੇਂ ਰਜਨੀਸ਼ ਦੀ ਡਿਕਸ਼ਨਰੀ 'ਚ ਦਰਜ ਈ ਨਹੀਂ ਸੀ।

ਸਿਹਤ ਆਪਣੀ ਥਾਂ, ਉਸਨੇ ਆਪਣੇ ਪੜ੍ਹਨ-ਲਿਖਣ ਤੇ ਸਰਗਰਮੀ 'ਚ ਭੋਰਾ ਢਿੱਲ ਨਹੀਂ ਆਉਣ ਦਿੱਤੀ। ਉਸਦੀਆਂ ਪੰਜਾਬ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੀਆਂ ਮੂਹਰੇ ਹੋ ਕਰੀਆਂ ਸਰਗਰਮੀਆਂ ਮਾਣ ਭਰੀਆਂ ਰਹੀਆਂ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ ਪੂਰੀ ਤਨਦੇਹੀ ਨਾਲ ਨਿਭਾਈ।

ਜਦ ਕਦੇ ਸਿਹਤ ਦੀ ਪੁੱਛਣੀ, 'ਫ਼ਿਕਰ ਨਾ ਕਰੋ ਡਾ. ਸਾਬ੍ਹ, ਪੂਰਾ ਖਿਆਲ ਰੱਖਦਾਂ' ਜੇ ਜ਼ਰਾ ਡੂੰਘੀ ਪੁੱਛ-ਪ੍ਰਤੀਤ ਕਰਨੀ, 'ਨਈਂ-ਨਈਂ ਸ਼ੂਗਰ ਠੀਕ ਆ'! ਆਖ਼ਰੀ ਫੋਨ 'ਤੇ ਮੈਂ ਮਿੱਤਰਾਂ ਤੋਂ ਪਤਾ ਲੱਗਣ 'ਤੇ ਕਿਡਨੀ ਦਾ ਕੀ ਹਾਲ ਆ? ਕਦੋਂ ਟੈਸਟ ਕਰਾਇਆ, ਪੁੱਛਿਆ।

ਉਸੇ ਬੇਫ਼ਿਕਰੀ ਨਾਲ ਰਜਨੀਸ਼ ਦਾ ਓਵੇਂ ਗੜਕੇ ਭਰੀ ਅਪਣੱਤ 'ਚ ਉਤਰ ਸੀ, "ਠੀਕ ਈ ਆ...ਜ਼ਰਾ ਕਰੂਟੇਨਿਨ...ਕੀ ਆਂਹਦੇ ਆ...ਵਧਿਆ ਆਇਐ... ਡਾਕਟਰ ਨੇ ਦਵਾਈ ਵਧਾ'ਤੀ... ਫਿਕਰ ਦੀ ਕੋਈ ਗੱਲ ਨਈਂ ਡਾ. ਸਾਬ੍ਹ! ਸਭ ਠੀਕ ਆ...ਪ੍ਰਵਚਨ ਛੱਪ ਗਿਆ... ਪਿੱਛੋਂ ਪੋਸਟ ਹੋਜੂ...ਕੱਲ੍ਹ ਮੈਂ ਦਿੱਲੀ ਜਾਣੈ ਸ਼ੈਂਕੀ (ਬੇਟਾ) ਦਾ ਸ਼ਗਨ ਆ...ਵਾਪਸੀ 'ਤੇ ਮਿਲਦੇ ਆਂ..ਆਊਂ ਮੈਂ...।

ਤੇ ਉਹ ਵਾਪਸੀ ਹੀ ਨਾ ਹੋਈ।

ਉਂਜ ਉਹ ਆਪਣੀ ਜ਼ਿੰਦਾਦਿਲੀ ਭਰੀ ਮੜਕ ਤੇ ਨਿਗਰ ਸਾਹਿਤਕ ਦੇਣ ਸਦਕਾ ਸਾਡੇ ਦਰਮਿਆਨ ਹਮੇਸ਼ਾ-ਹਮੇਸ਼ਾ ਹਾਜ਼ਰ ਹੈ ਤੇ ਰਹੇਗਾ।

***


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 22 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

# ਖਰਾ ਬੰਦਾ-ਰਜਨੀਸ਼ ਬਹਾਦਰ

**ਵਰਿਆਮ ਸਿੰਘ ਸੰਧੂ**

ਰਜਨੀਸ਼ ਬਹਾਦਰ ਖਰਾ ਬੰਦਾ ਸੀ। ਖਰਾ ਤੇ ਖਰ੍ਹਵਾ।

ਖਰੇ ਤੇ ਖਰ੍ਹਵੇ ਬੰਦੇ ਕਦੇ ਮੂੰਹ ਰੱਖਣੀਆਂ ਗੱਲਾਂ ਨਹੀਂ ਕਰਦੇ।

ਖਰਾ ਦਾ ਵਿਰੋਧੀ ਸ਼ਬਦ ਖੋਟਾ ਹੁੰਦਾ ਹੈ।

ਜਿਨ੍ਹਾਂ ਮਾਪਿਆਂ ਦੇ ਧੀ-ਪੁੱਤ ਨਲਾਇਕ ਜਾਂ ਮਖੱਟੂ ਨਿਕਲ ਆਉਂਦੇ ਨੇ, ਉਹ ਅਕਸਰ ਕਹਿੰਦੇ ਨੇ, "ਕੀ ਦੱਸੀਏ ਜੀ, ਸਾਡਾ ਤਾਂ ਸਿੱਕਾ ਹੀ ਖੋਟਾ ਨਿਕਲਿਆ!"

ਸਾਡਾ ਅਧਿਆਪਕ ਅਮਰ ਸਿੰਘ ਧਾਲੀਵਾਲ ਕਿਹਾ ਕਰਦਾ ਸੀ, "ਮੁਖੌਟੇ ਦਾ ਮਤਲਬ ਏ 'ਮੂੰਹ ਖੋਟਾ'। ਖੋਟੇ ਮੂੰਹਾਂ ਵਾਲੇ ਹੀ ਮੁਖੌਟਾਧਾਰੀ ਹੁੰਦੇ ਨੇ।"

ਰਜਨੀਸ਼ ਬਹਾਦਰ ਮੁਖੌਟਾਧਾਰੀ ਨਹੀਂ ਸੀ। ਖੋਟੇ ਮੂੰਹ ਵਾਲਾ ਨਹੀਂ ਸੀ। ਉਹਨੂੰ ਜਦ ਵੀ ਕਿਸੇ ਨੇ ਟੁਣਕਾ ਕੇ ਵੇਖਣਾ ਚਾਹਿਆ, ਉਹਦੀ ਟੁਣਕਾਰ ਸਦਾ ਦੱਸਦੀ ਕਿ ਉਹ ਖਰਾ ਸਿੱਕਾ ਹੈ। ਉਹ ਜਿਹੋ ਜਿਹਾ ਅੰਦਰੋਂ ਸੀ, ਉਹੋ ਜਿਹਾ ਹੀ ਬਾਹਰੋਂ ਸੀ। ਜਿਹੜੀ ਗੱਲ ਦਿਲ ਵਿਚ ਹੁੰਦੀ, ਉਹੋ ਉਹਦੇ ਮੂੰਹ 'ਚੋਂ ਨਿਕਲਦੀ। ਤਾਰੀਫ ਵੀ ਅਗਲੇ ਦੇ ਮੂੰਹ 'ਤੇ। ਤੇ ਜੇ ਕੋਈ ਗੱਲ ਚੰਗੀ ਨਹੀਂ ਲੱਗੀ ਤਾਂ ਉਹ ਵੀ ਬਿਨਾਂ ਕਿਸੇ ਲੱਗ-ਲਬੇੜ ਦੇ ਅਗਲੇ ਦੇ ਮੂੰਹ 'ਤੇ ਕਰਦਾ। ਜੇ ਕੋਈ ਗੁੱਸੇ ਜਾਂ ਨਰਾਜ਼ ਹੋ ਜਾਵੇ ਤਾਂ ਪ੍ਰਵਾਹ ਨਹੀਂ। ਉਹਦਾ ਮਕਸਦ ਕਿਸੇ ਨੂੰ ਖੁਸ਼ ਜਾਂ ਨਰਾਜ਼ ਕਰਨਾ ਨਾ ਹੁੰਦਾ, ਸਗੋਂ ਸੱਚੇ-ਦਿਲੋਂ, ਅਗਲੇ ਨੂੰ ਸੱਚੀ ਰਾਇ ਦੇਣਾ ਹੁੰਦਾ। ਵਿਅਕਤੀਗਤ ਮਾਮਲਿਆਂ ਵਿਚ ਵੀ ਤੇ ਸਾਹਿਤਕ ਮਾਮਲਿਆਂ ਵਿਚ ਵੀ ਉਹ ਸੱਚੀ ਰਾਇ ਹੀ ਦਿੰਦਾ। ਉਹ ਮੀਸਣਾ ਨਹੀਂ ਸੀ। 'ਮਨ ਹੋਰ ਮੁੱਖ ਹੋਰ' ਵਾਲੇ ਬੰਦਿਆਂ ਵਾਂਗ ਉਹ 'ਕੱਚਾ ਬੰਦਾ' ਨਹੀਂ ਸੀ। ਪੱਕੇ ਘੜੇ ਤੇ ਖਰੇ ਸਿੱਕੇ ਵਾਂਗ ਟੁਣਕਦਾ ਇਨਸਾਨ ਸੀ, ਰਜਨੀਸ਼ ਬਹਾਦਰ।

ਮੈਂ ਉਹਨੂੰ ਪਹਿਲੀ ਵਾਰ ਡੀ ਏ ਵੀ ਕਾਲਜ ਵਿਚ ਉਦੋਂ ਵੇਖਿਆ, ਜਦੋਂ ਮੈਨੂੰ ਕਾਲਜ ਦੇ ਪੰਜਾਬੀ ਵਿਭਾਗ ਵਿਚ ਪਹਿਲੀ ਵਾਰ (ਬਾਅਦ ਵਿਚ ਵੀ ਓਥੇ ਕਈ ਰੂ ਬ ਰੂ ਹੋਏ। ਰਜਨੀਸ਼ ਦੇ ਮੁੱਖੀ ਬਣ ਜਾਣ 'ਤੇ ਵੀ) ਰੂ-ਬ-ਰੂ ਲਈ ਬੁਲਾਇਆ ਗਿਆ ਸੀ। ਰੂ-ਬ-ਰੂ ਤੋਂ ਬਾਅਦ ਸ਼ੁਰੂ ਹੋਏ ਸਵਾਲ-ਜਵਾਬ ਦੇ ਸੈਸ਼ਨ ਵਿਚ ਉਹਨੇ ਮੈਨੂੰ ਸਰੋਤਿਆਂ ਵਿਚੋਂ ਉੱਠ ਕੇ ਸਵਾਲ ਕੀਤਾ ਸੀ ਕਿ ਮੇਰੀਆਂ ਕਹਾਣੀਆਂ ਵਿਚ ਕਿੰਨਾ ਹਿੱਸਾ ਮੇਰੇ ਨਿੱਜੀ ਅਨੁਭਵ ਦਾ ਤੇ ਕਿੰਨਾ ਕੁ ਕਲਪਨਾ ਦਾ ਹੁੰਦਾ ਹੈ। ਰੂ-ਬ-ਰੂ ਤੋਂ ਬਾਅਦ ਵੀ ਉਹ ਮੇਰੇ ਨਾਲ ਗੱਲਾਂ ਵਿਚ ਰੁੱਝਾ ਰਿਹਾ। ਮੈਨੂੰ ਉਹਦੇ ਅੰਦਰ ਇਕ ਬੌਧਿਕ ਲਿਸ਼ਕ ਦਿਖਾਈ ਦਿੱਤੀ।

ਉਸਤੋਂ ਬਾਅਦ ਅਸੀਂ ਜਲੰਧਰ ਵਿਚ ਹੁੰਦੇ ਸਾਹਿਤਕ-ਸਮਾਗਮਾਂ ਵਿਚ ਮਿਲਦੇ ਰਹਿੰਦੇ। ਉਹ ਆਪਣੀ ਗੱਲ ਨਿਰਸੰਕੋਚ ਹੋ ਕੇ ਪੂਰੀ ਸਪੱਸ਼ਟਤਾ ਨਾਲ ਰੱਖਦਾ। ਸਾਹਿਤ ਅਤੇ ਰਚਨਾਵਾਂ ਬਾਰੇ ਉਹਦੀ ਆਲੋਚਨਾਤਮਕ ਸਮਝ ਸਰੋਤਿਆਂ ਨੂੰ ਪ੍ਰਭਾਵਤ ਕਰਦੀ। ਇਹ ਸੂਝ-ਸਮਝ ਉਹਨੇ ਡਾ ਰਵਿੰਦਰ ਰਵੀ ਵਰਗੇ ਆਪਣੇ ਉਸਤਾਦਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਅਤੇ ਸਵੈ-ਅਧਿਐਨ ਰਾਹੀਂ ਪ੍ਰਾਪਤ ਕੀਤੀ ਸੀ। ਉਹ ਮਾਰਕਸਵਾਦ ਦਾ ਵਿਦਿਆਰਥੀ ਸੀ। ਸਾਹਿਤਕ ਰਚਨਾਵਾਂ ਨੂੰ ਏਸੇ ਕਸਵੱਟੀ 'ਤੇ ਪਰਖਦਾ। ਉਹਦੀ ਆਲੋਚਨਾਤਮਕ ਸਮਰੱਥਾ ਦਾ ਅਨੁਮਾਨ

ਲਾਉਂਦਿਆਂ, ਜਦੋਂ ਮੈਂ 1991 ਵਿਚ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿਚ ਦੋ-ਦਿਨਾਂ ਕਹਾਣੀ-ਗੋਸ਼ਟੀ ਕਰਵਾਈ, ਤਾਂ, ਰਜਨੀਸ਼ ਨੂੰ ਉਭਰ ਰਹੇ ਆਲੋਚਕ ਵਜੋਂ ਕਹਾਣੀ ਬਾਰੇ ਆਪਣਾ ਪਰਚਾ ਪੇਸ਼ ਕਰਨ ਦਾ ਮੌਕਾ ਦਿੱਤਾ। ਗੋਸ਼ਟੀ ਵਿਚ ਪੰਜਾਬ ਅਤੇ ਪੰਜਾਬੋਂ ਬਾਹਰ ਦੇ ਲਗਭਗ ਚਾਰ ਸੌ ਤੋਂ ਵੱਧ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਗੁਰਬਚਨ ਭੁੱਲਰ, ਪ੍ਰੇਮ ਪ੍ਰਕਾਸ਼, ਮੋਹਨ ਭੰਡਾਰੀ ਵਰਗੇ ਸਭਨਾਂ ਪੀੜ੍ਹੀਆਂ ਦੇ ਨਾਮਵਰ ਕਥਾਕਾਰ ਤੇ ਕਈ ਨਾਮਵਰ ਆਲੋਚਕ ਸ਼ਾਮਲ ਹੋਏ, ਜਿਨ੍ਹਾਂ ਵਿਚ ਡਾ. ਜੋਗਿੰਦਰ ਸਿੰਘ ਰਾਹੀ, ਡਾ ਰਘਬੀਰ ਸਿੰਘ ਸਿਰਜਣਾ ਤੇ ਡਾ. ਟੀ. ਆਰ. ਵਿਨੋਦ ਵਰਗੇ ਗਲਪ-ਆਲੋਚਕ ਵੀ ਸ਼ਾਮਲ ਸਨ। ਰਜਨੀਸ਼ ਬਹਾਦਰ ਆਪਣੇ ਪਰਚੇ ਨਾਲ ਇਹਨਾਂ ਆਲੋਚਕਾਂ ਦੀ ਕਤਾਰ ਵਿਚ ਖਲੋ ਗਿਆ ਸੀ। ਉਹਦੀ ਪਛਾਣ ਯੱਕ-ਲਖਤ ਪੂਰੇ ਕਹਾਣੀ-ਸੰਸਾਰ ਨਾਲ ਹੋ ਗਈ ਸੀ।

ਹੌਲੀ ਹੌਲੀ ਸਾਡੀ ਸਾਂਝ ਵਧਦੀ ਗਈ ਤੇ ਸਾਧਾਰਨ ਜਾਣ-ਪਛਾਣ ਤੋਂ ਬਾਅਦ ਸਾਡਾ ਰਿਸ਼ਤਾ ਦੋਸਤੀ ਵਿਚ ਤਬਦੀਲ ਹੋ ਗਿਆ। ਇਸ ਦੋਸਤੀ ਨੂੰ ਹੋਰ ਪੱਕਾ-ਪੀਡਾ ਕਰਨ ਵਿਚ ਮੇਰੇ ਸਹਿਕਰਮੀ ਤੇ ਭਰਾਵਾਂ ਵਰਗੇ ਦੋਸਤ ਕੁਲਵੰਤ ਸੰਧੂ ਨਾਲ ਰਜਨੀਸ਼ ਦੀ ਬਹੁਤ ਗੂੜ੍ਹੀ ਦੋਸਤੀ ਵੀ ਵੱਡਾ ਕਾਰਨ ਬਣੀ। ਮੇਰੇ ਵੱਲ ਵੀ ਭਾਵੇਂ ਉਹ ਕਦੀ ਕਦੀ ਗੇੜਾ ਮਾਰ ਲੈਂਦਾ ਪਰ ਉਹਦੀ ਬਹੁਤੀ ਸਾਂਝ ਪ੍ਰੇਮ ਪ੍ਰਕਾਸ਼ ਨਾਲ ਸੀ। ਕਦੀ ਕਦੀ ਮੈਂ, ਕੁਲਵੰਤ ਤੇ ਰਜਨੀਸ਼ ਇਕੱਠੇ ਹੀ ਪ੍ਰੇਮ ਪ੍ਰਕਾਸ਼ ਵੱਲ ਜਾਂਦੇ ਤੇ ਯੱਕੜ ਮਾਰਦੇ।

ਉਹਨੀ ਦਿਨੀਂ ਮੇਰੀ ਤੇ ਪ੍ਰੇਮ ਪ੍ਰਕਾਸ਼ ਦੀ 'ਦੁਸ਼ਮਣੀ' ਦੀਆਂ ਅਫਵਾਹਾਂ ਆਮ ਸਨ। ਮੁਕਤਸਰ ਵਿਚ ਦੋ-ਦਿਨਾਂ ਕਹਾਣੀ-ਸੈਮੀਨਾਰ ਸੀ। ਉਸ ਸੈਮੀਨਾਰ ਵਿਚ ਵੱਖ ਵੱਖ ਸੈਸ਼ਨਾਂ ਦੀ ਪ੍ਰਧਾਨਗੀ ਮੈਂ ਅਤੇ ਪ੍ਰੇਮ ਪ੍ਰਕਾਸ਼ ਨੇ ਕਰਨੀ ਸੀ। ਰਜਨੀਸ਼ ਦੀ ਸਲਾਹ 'ਤੇ ਅਸੀਂ, ਮੇਰੀ ਕਾਰ 'ਤੇ ਮੁਕਤਸਰ ਜਾਣ ਦਾ ਪ੍ਰੋਗਰਾਮ ਬਣਾ ਲਿਆ।

ਰਜਨੀਸ਼ ਕਹਿੰਦਾ, "ਭਾ ਜੀ! ਵੇਖਿਓ ਤੁਹਾਨੂੰ ਦੋਵਾਂ ਨੂੰ ਇਕੱਠੇ ਵੇਖ ਕੇ ਕਿਵੇਂ ਹੈਰਾਨ ਹੁੰਦੇ ਨੇ ਸਭ!"

ਉਹੋ ਗੱਲ ਹੋਈ, ਜਦੋਂ ਅਸੀਂ ਸਾਰੇ ਜਣੇ ਕਾਰ ਵਿਚੋਂ ਇਕੱਠੇ ਉੱਤਰੇ ਤਾਂ ਪ੍ਰਬੰਧਕ ਅਤੇ ਸਰੋਤੇ ਹੈਰਾਨ ਰਹਿ ਗਏ। ਪ੍ਰਬੰਧਕ ਆਪ ਕਹਿੰਦੇ, "ਅਸੀਂ ਤੁਹਾਡੇ ਇਕੱਠੇ ਆਉਣ ਬਾਰੇ ਕਲਪਨਾ ਵੀ ਨਹੀਂ ਸੀ ਕੀਤੀ!"

ਇੰਝ ਰਜਨੀਸ਼ ਨੂੰ 'ਦੁਸ਼ਮਣੀ' ਵਾਲੀਆਂ ਦੋਸਤੀਆਂ ਵਿਚ ਵੀ ਸੰਤੁਲਨ ਬਣਾ ਕੇ ਰੱਖਣਾ ਆਉਂਦਾ ਸੀ।

ਅਗਲੇ ਸਾਲ ਰਜਨੀਸ਼ ਦੀ ਚੜ੍ਹਾਈ ਦੇ ਸਾਲ ਸਨ। ਉਹ ਵੱਡਾ ਗਲਪ-ਆਲੋਚਕ ਸਥਾਪਤ ਹੋ ਚੁੱਕਾ ਸੀ। ਉਹਦੀਆਂ ਕਿਤਾਬਾਂ ਛਪਣ ਲੱਗੀਆਂ। ਵਿਹਾਰਕ ਆਲੋਚਨਾ ਦੀਆਂ ਵੀ ਤੇ ਸਿਧਾਂਤਕ ਆਲੋਚਨਾ ਦੀਆਂ ਵੀ। ਲੇਖਕ ਉਡੀਕਦੇ ਕਿ ਕਦੋਂ ਰਜਨੀਸ਼ ਬਹਾਦਰ ਉਹਨਾਂ ਬਾਰੇ ਪਰਚਾ ਲਿਖੇ। ਹੁਣ ਦੇਸ਼ ਵਿਚ ਹੀ ਨਹੀਂ, ਵਿਦੇਸ਼ ਵਿਚ ਵੀ ਹੋਣ ਵਾਲੀਆਂ ਕਾਨਫਰੰਸਾਂ ਵਿਚ ਉਹਨੂੰ ਸ਼ਾਮਲ ਹੋਣ ਦੇ ਸੱਦੇ ਮਿਲਣ ਲੱਗੇ। ਉਹਦੀ 'ਬੱਲੇ! ਬੱਲੇ!' ਹੋਣ ਲੱਗੀ।

ਰਜਨੀਸ਼ ਜ਼ਿੰਦਗੀ ਵਿਚ ਕੁਝ 'ਚੰਗਾ ਹੋਇਆ' ਵੇਖਣ ਦਾ ਤਲਬਗਾਰ ਸੀ। ਇਸ ਲਈ ਉਹ ਇੱਕੋ ਵੇਲੇ ਕਈ ਮੁਹਾਜ਼ਾਂ 'ਤੇ ਕੰਮ ਕਰ ਰਿਹਾ ਸੀ। ਉਹ ਕਾਲਜ ਅਧਿਆਪਕ ਸੀ ਤੇ

'ਪ੍ਰਾਈਵੇਟ ਕਾਲਜ ਅਧਿਆਪਕ ਯੂਨੀਅਨ' ਵਿਚ ਆਗੂ ਰੋਲ ਨਿਭਾਉਂਦਾ ਹੋਇਆ ਅਧਿਆਪਕਾਂ ਦੀ ਭਲਾਈ ਲਈ ਕੀਤੀ ਜਾਣ ਵਾਲੀ ਹਰੇਕ ਜੱਦੋ-ਜਹਿਦ ਦਾ ਸਰਗਰਮ ਅੰਗ ਰਿਹਾ। ਦੂਜਾ ਮੁਹਾਜ਼ ਸਾਹਿਤ ਦਾ ਸੀ। ਉਹ ਜਾਣਦਾ ਸੀ ਕਿ ਸਾਹਿਤ ਵੀ ਪੱਖਪਾਤੀ ਹੁੰਦਾ ਹੈ। ਚੰਗਾ ਸਾਹਿਤ ਲਾਲੋਆਂ ਦੀ ਭਲਾਈ ਦਾ ਸਾਹਿਤ ਹੁੰਦਾ ਹੈ। ਇਸ ਲਈ ਉਹ 'ਭਾਗੋ ਬਿਰਤੀਆਂ' ਨੂੰ ਉਤਸ਼ਾਹਿਤ ਕਰਨ ਵਾਲੇ ਸਾਹਿਤ ਦਾ ਉਛਾੜ ਪਾੜ ਕੇ ਉਹਦੀ ਅਸਲੀਅਤ ਵਿਖਾਉਂਦਾ ਤੇ 'ਲਾਲੋ-ਸਾਹਿਤ' ਦੀ ਸਾਰਥਕ ਵਿਆਖਿਆ ਕਰਦਾ ਤੇ ਸ਼ਾਬਾਸ਼ ਦਿੰਦਾ। ਪਰ ਕਰਦਾ ਸਦਾ ਸਾਹਿਤਕ ਅਤੇ ਆਲੋਚਨਾਤਮਕ ਜ਼ੁਬਾਨ ਵਿਚ, ਭਾਸ਼ਨੀ ਸੁਰ ਵਿਚ ਨਹੀਂ। ਤਰਕ ਤੇ ਦਲੀਲ ਦਾ ਕਦੀ ਪੱਲਾ ਨਾ ਛੱਡਦਾ। ਪਿਛਲੇ ਬਾਈ ਸਾਲਾਂ ਤੋਂ 'ਪ੍ਰਵਚਨ' ਦੇ ਸੰਪਾਦਕ ਵਜੋਂ ਉਸ ਨੇ ਆਪਣੀ ਇਹ ਜ਼ਿੰਮੇਵਾਰੀ ਪੂਰੇ ਤਾਣ ਨਾਲ ਨਿਭਾਈ।

ਪ੍ਰਤੀਬੱਧਤਾ ਉਹਦੇ ਖਮੀਰ ਵਿਚ ਸੀ। ਇਸ ਦਾ ਸਬੂਤ 'ਪ੍ਰਵਚਨ' ਨੂੰ ਲਗਾਤਾਰ ਬਾਈ ਸਾਲ ਚਾਲੂ ਰੱਖਣ ਵਿਚ ਵੇਖਿਆ ਜਾ ਸਕਦਾ ਹੈ। ਮੈਨੂੰ ਯਾਦ ਹੈ ਕਿ 1997 ਵਿਚ ਮੈਂ ਇੰਗਲੈਂਡ ਵਿਚ ਸਾਂ ਤਾਂ ਇੱਕ ਦਿਨ ਮੈਨੂੰ ਥੇਮਜ਼ ਦਰਿਆ ਦੀ ਸੈਰ ਕਰਾਉਣ ਸਵਰਨ ਚੰਦਨ ਤੇ ਹਰਜੀਤ ਅਟਵਾਲ ਲੈ ਕੇ ਗਏ। ਸਵਰਨ ਚੰਦਨ ਮੈਨੂੰ ਕਹਿੰਦਾ,"ਬਾਬਿਓ! ਆਪਾਂ ਰਲ ਕੇ ਇਕ ਪਰਚਾ ਕੱਢਣਾ ਹੈ, 'ਪ੍ਰਵਚਨ'। ਆਪਾਂ ਧੂੜਾਂ ਧੁਮਾ ਦਿਆਂਗੇ। ਤੁਸੀਂ ਉਹਦੇ ਭਾਰਤ ਵਿਚ ਰਹਿੰਦੇ ਸੰਪਾਦਕ ਹੋਵੋਗੇ। ਮੈਂ ਇੱਥੋਂ ਲਿਖਾਂਗਾ। ਪਰਚੇ ਦਾ ਖਰਚਾ ਸਾਡੇ ਜ਼ਿੰਮੇ....। ਆਪਣਾ ਸਾਂਝਾ ਸੰਪਾਦਕੀ ਮੰਡਲ। ਬਹਿ ਜਾਹ, ਬਹਿ ਜਾਹ, ਕਰਵਾ ਦਿਆਂਗੇ ਇਕ ਵਾਰ....ਬੱਸ ਇਕ ਵਾਰ 'ਪ੍ਰਵਚਨ' ਸ਼ੁਰੂ ਕਰ ਲਈਏ...."

ਕੋਲੋਂ ਹਰਜੀਤ ਅਟਵਾਲ ਬੋਲਿਆ, "ਕੋਈ ਗੱਲ ਨਹੀਂ। ਇਸਤੋਂ ਪਹਿਲਾਂ ਪੰਦਰਾਂ ਵਾਰ 'ਪ੍ਰਵਚਨ' ਛਾਪਣ ਦਾ ਪ੍ਰੋਗਰਾਮ ਬਣ ਚੁੱਕਾ ਹੈ ਤੇ ਬੰਦ ਹੋ ਚੁੱਕਾ ਹੈ...."

"ਇਸਦਾ ਮਤਲਬ ਮੈਂ 'ਪ੍ਰਵਚਨ' ਦਾ ਪੰਦਰਵਾਂ ਅਣਬਣਿਆ ਸੰਪਾਦਕ ਹਾਂ।"

ਪਰ ਰਜਨੀਸ਼ ਇੰਗਲੈਂਡ ਗਿਆ ਤਾਂ ਉਹਨੇ 'ਪ੍ਰਵਚਨ' ਨਾਲ ਜੁੜਨ ਦੀ ਪੇਸ਼ਕਸ਼ ਪ੍ਰਵਾਨ ਕਰ ਲਈ। ਮੁੱਖ-ਸੰਪਾਦਕ ਤਾਂ ਸਵਰਨ ਚੰਦਨ ਬਣਿਆ ਰਿਹਾ ਪਰ ਉਸ ਨੇ ਸਹਾਇਕ ਵਜੋਂ ਪੰਜਾਬ ਤੋਂ 'ਪ੍ਰਵਚਨ' ਦਾ ਸਾਰਾ ਪ੍ਰਬੰਧ ਸਾਂਭ ਲਿਆ। ਚੰਦਨ ਨੇ ਕੇਵਲ ਦੋ ਸਾਲ ਹੀ ਪਰਚੇ ਲਈ ਮਾਇਕ ਸਹਾਇਤਾ ਭੇਜੀ ਤੇ ਬਾਅਦ ਵਿਚ ਬਾਹਵਾਂ ਖੜੀਆਂ ਕਰ ਗਿਆ। ਹੁਣ ਪਰਚੇ ਨਾਲ ਰਜਨੀਸ਼ ਦਾ ਨਾਂ ਵੀ ਜੁੜ ਚੁੱਕਾ ਸੀ। ਪਰਚੇ ਨੂੰ ਬੰਦ ਕਰਨਾ ਉਹਨੂੰ ਮਿਹਣੇ ਵਾਂਗ ਲੱਗਾ। ਹਰ ਮੈਦਾਨ ਵਿਚ ਡਟੇ ਰਹਿਣ ਵਾਲਾ ਰਜਨੀਸ਼ ਏਥੇ ਵੀ ਡਟ ਗਿਆ। ਉਹਨੇ 'ਪ੍ਰਵਚਨ' ਦੀ ਮੁਕੰਮਲ ਵਾਗ-ਡੋਰ ਸੰਭਾਲ ਲਈ।

ਇੰਗਲੈਂਡ ਰਹਿੰਦੇ ਉਹਦੇ ਦੋਸਤ ਸੰਤੋਖ ਧਾਲੀਵਾਲ ਨੇ ਉਹਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ, "ਤੂੰ ਕਾਇਮ ਰਹੋ। ਮੈਂ ਵੱਧ ਤੋਂ ਵੱਧ ਚੰਦੇ ਉਗਰਾਹ ਕੇ ਤੇਰੀ ਮਦਦ ਕਰਦਾ ਰਹਾਂਗਾ।"

ਜ਼ਾਹਿਰ ਹੈ ਕਿ ਪਰਚਾ ਕਦੀ ਵੀ ਚੰਦਿਆਂ ਦੇ ਸਿਰ 'ਤੇ ਨਹੀਂ ਚੱਲਦਾ, ਪਰ ਸੰਤੋਖ ਧਾਲੀਵਾਲ ਦੀ ਏਨੀ ਮਦਦ ਹੀ ਉਹਦੇ ਲਈ ਬਹੁਤ ਸੀ। ਰਜਨੀਸ਼ ਨੇ 'ਪ੍ਰਵਚਨ' ਨੂੰ ਤਨ, ਮਨ ਤੇ ਧਨ ਨਾਲ ਚਾਲੂ ਰੱਖਣ ਦਾ ਉੱਦਮ ਅੰਤਲੇ ਸਾਹਾਂ ਤੱਕ ਜਾਰੀ ਰੱਖਿਆ। ਇਹ ਹੁੰਦੀ ਹੈ ਪ੍ਰਤੀਬੱਧਤਾ! ਵਾਰਿਸ ਸ਼ਾਹ ਦੀ ਸਤਰ ਏਥੇ ਐਨ ਢੁਕਦੀ ਹੈ:

ਅਸੀਂ ਇਸ਼ਕ ਦੇ ਆਣ ਮੈਦਾਨ ਰੁੱਧੇ, ਬੁਰਾ ਸੂਰਮੇ ਨੂੰ ਰਣੋਂ ਹਿੱਲਣਾ ਈ।

'ਪ੍ਰਵਚਨ' ਵਿਚ ਜਿੱਥੇ ਉਹ ਸਾਹਿਤਕ ਮਸਲਿਆਂ 'ਤੇ ਮੁੱਲਵਾਨ ਸੰਪਾਦਕੀ ਲਿਖਦਾ, ਓਥੇ ਪੰਜਾਬੀ ਸਾਹਿਤ ਦੀਆਂ ਚੁਨਿੰਦਾ ਰਚਨਾਵਾਂ ਨੂੰ ਵੀ ਛਾਪਦਾ। ਸਿਰਜਣਾਤਮਕ ਸਾਹਿਤ ਦੇ ਨਾਲ-ਨਾਲ ਸੰਤੁਲਤ ਆਲੋਚਨਾ ਕਰਨਾ 'ਪ੍ਰਵਚਨ' ਦਾ ਹਾਸਲ ਰਿਹਾ ਹੈ। ਰਜਨੀਸ਼ ਨੇ ਸਾਹਿਤ ਦੀ ਹਰੇਕ ਵਿਧਾ ਦੀਆਂ ਜ਼ਿਕਰਯੋਗ ਰਚਨਾਵਾਂ ਬਾਰੇ ਲਿਖਿਆ, ਪਰ ਉਹਦਾ ਵਿਸ਼ੇਸ਼ ਖੇਤਰ ਗਲਪ-ਆਲੋਚਨਾ ਹੀ ਰਿਹਾ। ਗਲਪ-ਆਲੋਚਨਾ ਵਿਚੋਂ ਵੀ ਪਿਛਲੇ ਸਾਲਾਂ ਵਿਚ ਉਹ ਨਵੀਂ ਪੰਜਾਬੀ ਕਹਾਣੀ ਨੂੰ ਸਮਰਪਤ ਹੋ ਗਿਆ। ਉਹ ਸਿਆਣੇ ਦੋਸਤਾਂ ਦੀ ਸਹਾਇਤਾ ਨਾਲ ਕਹਾਣੀ ਗੋਸ਼ਟੀਆਂ ਕਰਵਾਉਂਦਾ। ਕਹਾਣੀਕਾਰਾਂ ਤੋਂ ਇਲਾਵਾ ਕਹਾਣੀ ਦੀ ਡੂੰਘੀ ਸਮਝ ਰੱਖਣ ਵਾਲੇ ਵਿਦਵਾਨ ਵੀ ਚਰਚਾ ਕਰਨ ਲਈ ਗੋਸ਼ਟੀਆਂ ਵਿਚ ਬੁਲਾਏ ਜਾਂਦੇ। ਉਹ ਸਦਾ ਗੋਸ਼ਟੀ ਵਿਚ ਪੜ੍ਹੀਆਂ ਕਹਾਣੀਆਂ 'ਤੇ ਹੋਏ ਸੰਵਾਦ ਨੂੰ ਛਾਪ ਕੇ ਨਵੀਂ ਕਹਾਣੀ ਤੇ ਕਹਾਣੀਕਾਰਾਂ ਨੂੰ ਉਤਸ਼ਾਹ ਦਿੰਦਾ ਰਹਿੰਦਾ। ਕਹਾਣੀਕਾਰ ਉਸ ਵੱਲੋਂ ਕਰਵਾਏ ਜਾਣ ਵਾਲੀਆਂ ਗੋਸ਼ਟੀਆਂ ਵਿਚ ਸ਼ਾਮਲ ਹੋਣਾ ਆਪਣਾ ਧੰਨਭਾਗ ਸਮਝਦੇ। ਪਿਛਲੇ ਦੋ ਦਹਾਕਿਆਂ ਵਿਚ ਲਿਖੀ ਜਾਣ ਵਾਲੀ ਪੰਜਾਬੀ ਕਹਾਣੀ ਨੂੰ ਉਭਾਰਨ ਤੇ ਸਥਾਪਤ ਕਰਨ ਵਿਚ ਰਜਨੀਸ਼ ਅਤੇ 'ਪ੍ਰਵਚਨ' ਦਾ ਹੋਰ ਕਿਸੇ ਵੀ ਪਰਚੇ ਨਾਲੋਂ ਵੱਧ ਯੋਗਦਾਨ ਹੈ। ਕਹਾਣੀਕਾਰ ਆਪਣੀ ਕਹਾਣੀ ਬਾਰੇ ਰਜਨੀਸ਼ ਦੀ ਰਾਇ ਜਾਨਣ ਲਈ ਸਹਿਕਦੇ ਰਹਿੰਦੇ।

'ਪ੍ਰਵਚਨ' ਦੇ ਨਾਲ ਹੀ 'ਨਵਾਂ ਜ਼ਮਾਨਾਂ' ਉਹਦੇ ਵਿਚਾਰਾਂ ਨੂੰ ਪੇਸ਼ ਕਰਨ ਦਾ ਵੱਡਾ ਮਾਧਿਅਮ ਬਣਿਆਂ ਰਿਹਾ।

ਜਿਹੜਾ ਬੰਦਾ ਜ਼ਿੰਦਗੀ ਪ੍ਰਤੀ ਜ਼ਿੰਮੇਵਾਰ ਤੇ ਵਫਾਦਾਰ ਹੁੰਦਾ ਹੈ, ਉਹ ਸਭਨਾਂ ਮੁਹਾਜ਼ਾਂ 'ਤੇ ਹੀ ਜ਼ਿੰਮੇਵਾਰ ਤੇ ਵਫਾਦਾਰ ਰਹਿੰਦਾ ਹੈ। ਕਈ ਸਾਲ ਪਹਿਲਾਂ ਉਹਦੀ ਪਤਨੀ ਉਹਦਾ ਸਾਥ ਅਧਵਾਟੇ ਛੱਡ ਕੇ ਸੰਸਾਰ ਤੋਂ ਚਲੀ ਗਈ। ਬੱਚੇ ਛੋਟੇ ਸਨ। ਦੋਸਤਾਂ ਨੇ ਬਹੁਤ ਸਮਝਾਇਆ ਕਿ ਅਜੇ ਉਹਦੀ ਉਮਰ ਹੈ; ਉਹ ਨਵਾਂ ਵਿਆਹ ਕਰ ਲਵੇ। ਪਰ ਉਸਨੇ ਬੱਚਿਆਂ ਖਾਤਰ ਵਿਆਹ ਨਾ ਕਰਾਉਣ ਦਾ ਫੈਸਲਾ ਲਿਆ ਤੇ ਇਸ ਫ਼ੈਸਲੇ 'ਤੇ ਅਟੱਲ ਰਹਿੰਦੇ ਹੋਏ ਆਪਣੇ ਬੱਚਿਆਂ ਦੀ ਸੁਚੱਜੀ ਪਾਲਣਾ-ਪੋਸ਼ਣਾ ਕੀਤੀ ਤੇ ਚੰਗੀ ਵਿਦਿਆ ਦਿਵਾਈ। ਪਰਿਵਾਰ, ਸਮਾਜ, ਸਾਹਿਤ ਅਤੇ ਅਧਿਆਪਕ-ਜਗਤ ਪ੍ਰਤੀ ਉਹਦੀ ਵਚਨਬੱਧਤਾ ਨੇ ਉਹਦੀ ਸੋਭਾ ਇਕ ਸੁਹਿਰਦ, ਸੱਚੇ-ਸੁੱਚੇ ਤੇ ਸੰਘਰਸਸ਼ੀਲ ਇਨਸਾਨ ਵਜੋਂ ਸਥਾਪਤ ਕਰ ਦਿੱਤੀ ਸੀ।

***

2006 ਵਿਚ ਕਰਨੈਲ ਗਿੱਲ ਹੁਰਾਂ ਨੇ ਲੈਸਟਰ ਵਿਚ 'ਵਿਸ਼ਵ ਪੰਜਾਬੀ ਕਾਨਫਰੰਸ' ਕਰਾਉਣ ਦਾ ਫੈਸਲਾ ਕਰਦਿਆਂ ਜਿਹੜੇ ਲੇਖਕਾਂ ਨੂੰ ਸੱਦਾ ਦਿੱਤਾ, ਉਹਨਾਂ ਵਿਚ ਰਜਨੀਸ਼ ਤੇ ਮੈਂ ਵੀ ਸ਼ਾਮਲ ਸਾਂ। ਰਜਨੀਸ਼ ਇਸ ਤੋਂ ਪਹਿਲਾਂ ਵੀ 1999 ਵਿਚ, ਇੰਗਲੈਂਡ ਵਿਚ ਹੋਈ ਕਾਨਫਰੰਸ ਵਿੱਚ ਗੇੜਾ ਮਾਰ ਚੁੱਕਾ ਸੀ। ਲੈਸਟਰ ਵਾਲੀ ਕਾਨਫਰੰਸ 'ਤੇ ਅੰਮ੍ਰਿਤਸਰ ਤੋਂ ਬਰਮਿੰਘਮ ਤੱਕ ਜਾਣ ਵਾਲੀ ਫਲਾਈਟ ਵਿਚ ਅਸੀਂ ਕੁਝ ਸਾਹਿਤਕਾਰ ਇਕੱਠੇ ਹੀ ਬਰਮਿੰਘਮ ਹਵਾਈ ਅੱਡੇ 'ਤੇ ਉੱਤਰੇ। ਅੱਗੋਂ ਕਰਨੈਲ ਗਿੱਲ ਅਤੇ ਹੋਰ ਪ੍ਰਬੰਧਕ ਸਾਨੂੰ ਲੈਣ ਆਏ ਹੋਏ ਸਨ। ਉਹਨਾਂ ਵਿਚ ਸਵਰਨ ਚੰਦਨ ਵੀ ਖਲੋਤਾ ਸੀ। ਉਹ ਉਹਨੀਂ ਦਿਨੀਂ ਬਰਮਿੰਘਮ ਹੀ

ਰਹਿੰਦਾ ਸੀ। ਜਦੋਂ ਸਾਡਾ ਟੋਲਾ 'ਸਵਾਗਤ' ਕਰਨ ਵਾਲਿਆਂ ਕੋਲ ਪੁੱਜਾ ਤਾਂ ਸਾਰੇ ਆਪਣੇ ਜਾਣ-ਪਛਾਣ ਵਾਲਿਆਂ ਨਾਲ ਹੱਥ-ਮਿਲਣੀਆਂ ਤੇ ਗਲੇ-ਮਿਲਣੀਆਂ ਵਿਚ ਰੁੱਝ ਗਏ।

ਭਾਰਤ ਤੋਂ ਪੁੱਜੇ ਲੇਖਕਾਂ ਵਿਚ ਮੋਹਨਜੀਤ, ਪ੍ਰਮਿੰਦਰਜੀਤ, ਜਸਵੰਤ ਦੀਦ, ਰਜਨੀਸ਼ ਬਹਾਦਰ ਸਿੰਘ, ਜਨਮੇਜਾ ਜੌਹਲ, ਦਰਸ਼ਨ ਬੁੱਟਰ , ਸੁਰਜੀਤ ਭਗਤ, ਭੁਪਿੰਦਰਪ੍ਰੀਤ, ਬਿਪਨਪ੍ਰੀਤ ਤੇ ਕੁਝ ਹੋਰ ਲੇਖਕ ਵੀ ਸ਼ਾਮਲ ਸਨ। ਸਾਰੇ ਜਣੇ ਮਿਲਣ-ਗਿਲਣ ਤੋਂ ਵਿਹਲੇ ਹੋਏ ਤਾਂ ਸਵਾਗਤ-ਕਰਤਾ ਆਏ 'ਪ੍ਰਾਹੁਣਿਆਂ' ਦੇ ਟੋਲੇ ਨੂੰ ਲੈ ਕੇ ਬਾਹਰ ਨੂੰ ਤੁਰਨ ਲੱਗੇ। ਸਵਰਨ ਚੰਦਨ ਨੇ ਅੱਗੇ ਵਧ ਕੇ ਮੈਨੂੰ ਤੇ ਰਜਨੀਸ਼ ਨੂੰ ਬਾਹਵਾਂ ਤੋਂ ਫੜ ਲਿਆ, "ਭਾਊ! ਤੁਸੀਂ ਕਿਧਰ ਤੁਰੇ ਜਾਦੇ ਜੇ ?" ਤੇ ਆਪਣੇ ਬੇਪ੍ਰਵਾਹ ਅੰਦਾਜ਼ ਵਿਚ ਹੱਸਦਿਆਂ ਪ੍ਰਬੰਧਕਾਂ ਨੂੰ ਕਹਿਣ ਲੱਗਾ, "ਆਹ ਦੋਵੇਂ ਬੰਦੇ ਤਾਂ ਮੇਰੇ ਕੋਲ ਰਹਿਣਗੇ, ਬਾਕੀਆਂ ਨੂੰ ਤੁਸੀਂ ਆਪਣੇ ਨਾਲ ਲੈ ਜਾਓ। ਮੈਂ ਇਹਨਾਂ ਨੂੰ ਕਾਨਫਰੰਸ 'ਤੇ ਸਮੇਂ ਸਿਰ ਲਿਆਉਣ ਦੀ ਜ਼ਿੰਮੇਵਾਰੀ ਲੈਂਦਾ ਹਾਂ।"

ਪ੍ਰਬੰਧਕ ਸਾਡਾ ਤਿੰਨਾਂ ਦਾ ਮੂੰਹ ਵੇਖਦੇ ਰਹਿ ਗਏ। ਚੰਦਨ ਘਰ ਵਿਚ ਲਗਭਗ ਇੱਕਲਾ ਹੀ ਰਹਿੰਦਾ ਸੀ। ਰਿਸ਼ਤੇ 'ਚੋਂ ਉਹਦਾ ਇੱਕ ਭਤੀਜਾ ਇਹਨੀਂ ਦਿਨੀਂ ਉਹਦੇ ਕੋਲ ਰਹਿ ਰਿਹਾ ਸੀ। ਏਅਰ-ਪੋਰਟ 'ਤੇ ਜਾਣ ਤੋਂ ਪਹਿਲਾਂ ਚੰਦਨ ਸਾਡੇ ਵਾਸਤੇ ਦਾਲ-ਸਬਜ਼ੀ ਬਣਾ ਗਿਆ ਸੀ। ਸਾਨੂੰ ਨਹਾਉਣ ਧੋਣ ਲਈ ਕਹਿ ਕੇ ਉਹ ਰੋਟੀ ਪਕਾਉਣ ਲੱਗਾ। ਫਿਰ ਹੋ ਗਿਆ ਗੱਪ-ਗਿਆਨ ਦਾ ਸਿਲਸਿਲਾ ਸ਼ੁਰੂ।

ਉਹਦੇ ਯਾਰ 'ਮਾਨ' ਨੇ ਘਰ ਦੇ ਪਿਛਲੇ ਹਿੱਸੇ ਵਿਚ ਪਹਿਲਾਂ ਤੋਂ 'ਤਿਆਰ' ਕੀਤੀ ਲਾਹਣ ਤੋਂ ਦੇਸੀ ਸ਼ਰਾਬ ਕੱਢਣੀ ਸ਼ੁਰੂ ਕਰ ਦਿੱਤੀ। ਮੈਂ ਤਾਂ ਇਸ ਪੱਖੋਂ 'ਨਿਕੰਮਾਂ' ਬੰਦਾ ਸਾਂ, ਪਰ ਉਹਨਾਂ ਤਿੰਨਾਂ ਦੀ ਮੌਜ ਬਣੀ ਰਹੀ। ਅਗਲੇ ਕਈ ਦਿਨ ਅਸੀਂ ਚੰਦਨ ਕੋਲ ਵਿਆਹ ਵਰਗੇ ਦਿਨਾਂ ਵਾਂਗ ਕੱਟੇ। ਸਵੇਰੇ ਉੱਠ ਕੇ ਮੈਂ ਤੇ ਰਜਨੀਸ਼ ਯੋਗਾ ਕਰਦੇ। ਭਤੀਜੇ ਨੂੰ ਨਾਲ ਲੈ ਕੇ ਸਵਰਨ ਚੰਦਨ ਸਾਡੇ ਨਾਸ਼ਤੇ ਦੀ ਤਿਆਰੀ ਵਿਚ ਰੁੱਝਾ ਰਹਿੰਦਾ। ਅਸੀਂ ਉਹਦੀ ਸੇਵਾ-ਭਾਵਨਾ ਵੇਖ ਕੇ ਉਹਨੂੰ 'ਬੇਬੇ' ਆਖਦੇ।

ਉਹ ਹੱਸ ਕੇ ਕਹਿੰਦਾ, "ਭਾਊ! ਮੇਰੇ ਬਾਰੇ ਕੁਝ ਲਿਖੋ ਵੀ। ਨਿਰ੍ਹਾ 'ਬੇਬੇ' ਆਖਿਆਂ ਨਹੀਂ ਸਰਨਾ।"

"ਤੂੰ ਏਡਾ ਨਾਮਵਰ ਲੇਖਕ ਏਂ। ਸਾਡੇ ਲਿਖਣ ਨਾਲ ਤੇਰਾ ਕੀ ਸੌਰ ਜੂ ?"

"ਭਾਊ! ਤੇਰੀ ਤੇ ਰਜਨੀਸ਼ ਦੀ ਅੱਜ-ਕੱਲ੍ਹ ਸੁਣੀ ਜਾਂਦੀ ਏ। ਤੂੰ ਸਾਡਾ ਵੱਡਾ ਕਹਾਣੀਕਾਰ ਏਂ ਤੇ ਇਹ ਵੱਡਾ ਆਲੋਚਕ ਏ। ਕੁਝ ਕਰੋ ਮੇਰੇ ਲਈ। ਪੰਜਾਬੀ ਸਾਹਿਤ ਵਿਚ ਮੈਨੂੰ ਜਾਣ-ਬੁੱਝ ਕੇ ਇਗਨੋਰ ਕੀਤਾ ਜਾ ਰਿਹਾ ਹੈ, ਇਕ ਸਾਜ਼ਿਸ਼ ਤਹਿਤ।"

ਮੈਂ ਗੇਂਦ ਰਜਨੀਸ਼ ਵੱਲ ਰੇੜ੍ਹ ਦਿੰਦਾ, "ਲਿਖ ਭਾਈ ਰਜਨੀਸ਼! ਤੇਰੀ ਸੁਣੀ ਜਾਦੀ ਏ!"

"ਪਹਿਲਾਂ ਇਹ ਦੱਸੋ ਕਿ 'ਕੱਠੇ ਖੇਡਣ ਦਾ ਵਾਅਦਾ ਕਰ ਕੇ ਮੈਨੂੰ ਮੈਦਾਨ ਵਿਚ ਵਾੜ ਕੇ ਆਪਣੀ ਵਾਰੀ ਚੰਦਨ ਸਾਹਿਬ ਮੈਦਾਨ 'ਚੋਂ ਭਗੌੜੇ ਕਿਉਂ ਹੋ ਗਏ!"

ਸਵਰਨ ਚੰਦਨ ਹੱਸਣ ਲੱਗ ਪਿਆ, "ਓ ਭਾਊ! ਓ ਭਾਊ! ਤੇਰੇ ਕੋਲ ਸੰਤੋਖ ਧਾਲੀਵਾਲ ਜੂ ਹੈਗਾ!"

ਰਜਨੀਸ਼, ਚੰਦਨ ਵੱਲੋਂ 'ਪ੍ਰਵਚਨ' ਸ਼ੁਰੂ ਕਰਵਾ ਕੇ ਮੈਦਾਨ ਛੱਡਣ ਜਾਣ ਦਾ ਮਿਹਣਾ

ਮਾਰ ਰਿਹਾ ਸੀ ਤੇ ਚੰਦਨ ਸੰਤੋਖ ਧਾਲੀਵਾਲ ਵੱਲੋਂ ਦਿੱਤੀ ਜਾਂਦੀ 'ਸਹਾਇਤਾ' ਵੱਲ ਇਸ਼ਾਰਾ ਕਰ ਰਿਹਾ ਸੀ।

ਸਵਰਨ ਚੰਦਨ ਸ਼ਰਮਿੰਦਿਆਂ ਦੇ ਤਾਣ ਹੱਸੀ ਜਾਵੇ, "ਓ ਹੁਣ ਵੀ ਮੈਂ ਕਿਹੜਾ ਤੈਥੋਂ ਭੱਜਾਂ। ਤੂੰ ਲਿਖ ਸਹੀ ਮੇਰੇ ਬਾਰੇ।"

"ਲਿਖੂੰਗਾ ਜ਼ਰੂਰ। ਪਰ ਮਰਜ਼ੀ ਨਾਲ। ਕਿਸੇ 'ਸੌਦੇਬਾਜੀ' 'ਚੋਂ ਨਹੀਂ।"

"ਬੜਾ ਭੈੜਾ! ਬੜਾ ਭੈੜਾ ਏ ਇਹ ਕੱਬਾ ਰਾਜਪੂਤ। ਆਪਣੀ ਹਿੰਡ ਨ੍ਹੀਂ ਛੱਡਦਾ। ਚੱਲ ਚੁੱਕ! ਚੱਲ ਚੁੱਕ ਹੁਣ ਗਲਾਸ।"

ਦੋਵਾਂ ਨੇ ਹੱਸ ਕੇ ਗਲਾਸ ਚੁੱਕੇ ਤੇ ਆਪਸ ਵਿਚ ਟਕਰਾ ਕੇ ਬੁੱਲ੍ਹਾਂ ਨੂੰ ਲਾ ਲਏ।

ਸਵਰਨ ਚੰਦਨ ਪ੍ਰਬੰਧਕਾਂ ਨਾਲ ਕੀਤੇ ਵਾਅਦੇ ਮੁਤਾਬਕ ਸਾਨੂੰ ਬਰਮਿੰਘਮ ਤੋਂ ਲੈਸਟਰ ਸਮੇਂ ਤੋਂ ਪਹਿਲਾਂ ਹੀ ਕਾਨਫਰੰਸ 'ਤੇ ਲੈ ਗਿਆ ਤੇ ਦੋ-ਦਿਨਾਂ ਕਾਨਫਰੰਸ ਖਤਮ ਹੋਣ ਬਾਅਦ ਆਪਣੇ ਕੋਲ ਹੀ ਲੈ ਆਇਆ। ਉਥੋਂ ਹੀ ਅਸੀਂ ਤਿੰਨੇ ਜਣੇ ਵੁਲਵਰਹੈਪਟਨ ਤੋਂ ਲੈ ਕੇ ਲੰਡਨ ਤੱਕ ਕਈ ਸ਼ਹਿਰਾਂ ਵਿਚ ਕਰਵਾਏ ਸਮਾਗਮਾਂ ਵਿਚ ਸ਼ਾਮਲ ਹੁੰਦੇ ਰਹੇ।

ਕਾਨਫ਼ਰੰਸ ਦੀ ਪਿਛਲੀ ਰਾਤ ਇੱਕ ਗ਼ੈਰ-ਰਸਮੀ ਮਹਿਫ਼ਲ ਹੋਈ। ਲਗਭਗ ਸਾਰੇ 'ਮੇਜ਼ਬਾਨ ਤੇ ਮਹਿਮਾਨ' ਹਾਜ਼ਰ ਸਨ। ਲੋੜ-ਵੰਦਾਂ ਲਈ ਸੋਮ-ਰਸ ਦਾ ਅਮੁੱਕ ਪ੍ਰਵਾਹ ਚੱਲ ਰਿਹਾ ਸੀ। ਜਦੋਂ ਇਕਬਾਲ ਬਾਹੂ ਵਾਰਿਸ ਦੀ ਹੀਰ ਗਾ ਕੇ ਹਟਿਆ ਤਾਂ ਸੁਰ ਅਤੇ ਸ਼ਬਦ ਦੇ ਜਾਦੂ-ਅਸਰ ਦੇ ਕੀਲੇ ਤਾਂ ਇੱਕ ਮੇਜ਼ਬਾਨ ਸ. ਸ. ਬਾਂਸਲ ਅਤੇ ਡਾ. ਕਰਨੈਲ ਨੇ ਮੈਨੂੰ ਮੁਨਸਿਫ ਮੰਨ ਕੇ ਸੌ ਪੌਂਡ ਫੜਾਏ ਅਤੇ ਕਿਹਾ ਕਿ ਮਹਿਫਲ ਵਿਚ ਬੈਠੇ ਜਿਹੜੇ ਕਵੀ ਆਪਣੀ ਕਵਿਤਾ ਗਾ ਕੇ ਸੁਨਾਉਣਗੇ, ਮੈਂ ਉਹਨਾਂ ਵਿਚੋਂ ਜਿਸਨੂੰ ਸਭ ਤੋਂ ਬਿਹਤਰ ਸਮਝਾਂ, ਉਸਨੂੰ ਇਹ ਸੌ ਪੌਂਡ ਇਨਾਮ ਦੇ ਦਿਆਂ। ਰਜਨੀਸ਼ ਮੇਰੇ ਕੋਲ ਹੀ ਬੈਠਾ ਸੀ। ਗੱਲ ਸ਼ੁਗਲ-ਸ਼ੁਗਲ ਵਿਚ ਚੱਲੀ ਤੇ ਸ਼ਾਇਰ ਆਪਣਾ ਕਲਾਮ ਪੇਸ਼ ਕਰਨ ਲਈ ਤਿਆਰ ਵੀ ਹੋ ਗਏ। ਪਰ ਆਪਣੀ ਕਵਿਤਾ ਗਾ ਸਕਣਾ ਸਾਰੇ ਸ਼ਾਇਰਾਂ ਦੇ ਵੱਸ ਦਾ ਰੋਗ ਵੀ ਨਹੀਂ ਸੀ। ਉਂਝ ਵੀ ਬਹੁਤਿਆਂ ਦੀ ਕਵਿਤਾ ਹੀ ਅਜਿਹੀ ਵਿੰਗੀ-ਟੇਢੀ ਹੁੰਦੀ ਹੈ , ਜਿਸ ਵਿਚ ਨਾ ਰਿਦਮ ਹੁੰਦਾ ਹੈ, ਨਾ ਤੋਲ-ਤੁਕਾਂਤ। ਬਹੁਤੀ ਵਾਰ ਤਾਂ 'ਸ਼ਾਇਰੀ' ਵੀ ਨਹੀਂ ਹੁੰਦੀ। ਅਜਿਹੀ 'ਕਵਿਤਾ' ਨੂੰ ਗਾਊ ਵੀ ਕਿਹੜਾ ਮਾਈ ਦਾ ਲਾਲ!

ਰਜਨੀਸ਼ ਮੇਰੇ ਕੰਨ ਵਿਚ ਕਹਿੰਦਾ, "ਹੁਣ ਵੇਖੋ! ਔਹਨਾਂ 'ਮਹਾਨ ਸ਼ਾਇਰਾਂ' ਦੇ ਮੂੰਹ ਵੱਲ।"

ਇੱਕ ਸੋਫੇ ਉੱਤੇ ਪ੍ਰਮਿੰਦਰਜੀਤ, ਜਸਵੰਤ ਦੀਦ ਤੇ ਇੱਕ ਡਾਕਟਰ ਸ਼ਾਇਰ ਬੈਠੇ ਸਨ। ਉਹ ਪ੍ਰਬੰਧਕਾਂ ਦੇ ਫੈਸਲੇ ਤੋਂ ਦੁਖੀ ਸਨ ਤੇ ਇੱਕ ਦੂਜੇ ਵੱਲ ਵੇਖ ਕੇ 'ਬੁੜ-ਬੁੜ' ਕਰ ਰਹੇ ਸਨ। ਜ਼ਾਹਿਰ ਹੈ ਕਿ ਉਹਨਾਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ।

ਖ਼ੈਰ ਸਭ ਤੋਂ ਪਹਿਲਾਂ ਮੋਹਨਜੀਤ ਨੇ ਆਪਣਾ ਗੀਤ ਸੁਣਾਇਆ, ਫਿਰ ਦਰਸ਼ਨ ਬੁੱਟਰ ਨੇ ਅਤੇ ਫਿਰ ਕਿਸੇ ਹੋਰ ਨੇ। ਜਨਮੇਜਾ ਜੌਹਲ ਕੰਪਿਊਟਰ ਤੋਂ ਉੱਠ ਕੇ ਆਇਆ ਤਾਂ ਉਸਨੂੰ ਵੀ ਦੱਸਿਆ ਗਿਆ ਕਿ "ਜਿਹੜਾ ਸਭ ਤੋਂ ਵਧੀਆ ਕਵਿਤਾ ਗਾ ਕੇ ਸੁਨਾਵੇਗਾ, ਉਸ ਲਈ ਸੌ ਪੌਂਡ ਦਾ ਇਨਾਮ' ਰੱਖਿਆ ਹੈ।' ਉਹ ਕਹਿੰਦਾ, "ਆਪਾਂ ਵੀ ਗਾ ਕੇ ਸੁਣਾ ਦਿਆਂਗੇ!" ਉਹ

ਉਸੇ ਵੇਲੇ ਆਪਣੀ ਕਵਿਤਾਵਾਂ ਵਾਲੀ ਕਾਪੀ ਚੁੱਕ ਲਿਆਇਆ ਅਤੇ ਗਾ ਕੇ ਆਪਣੀ ਕਵਿਤਾ ਸੁਣਾਈ।

ਮੇਰਾ ਧਿਆਨ ਜਨਮੇਜਾ ਜੌਹਲ ਵੱਲ ਸੀ ਕਿ ਰਜਨੀਸ਼ ਕਹਿੰਦਾ, "ਔਹ ਚੱਲੇ ਜੇ ਬਾਈਕਾਟ ਕਰ ਕੇ ਬਾਹਰ ਨੂੰ।"

ਮੈਂ ਵੇਖਿਆ ਜਿਹੜੇ ਕਵੀ ਗਾ ਸਕਣ ਵਾਲੀ ਕਵਿਤਾ ਲਿਖ ਨਹੀਂ ਸਨ ਸਕਦੇ, ਉਹ ਕੁਝ ਪਰੇਸ਼ਾਨ ਤਾਂ ਸਨ ਹੀ ਪਰ ਹੁਣ ਉਹ ਵਾਰੀ-ਵਾਰੀ ਉੱਠ ਕੇ ਆਨੇ-ਬਹਾਨੇ ਬਾਹਰ ਜਾਣੇ ਸ਼ੁਰੂ ਹੋ ਗਏ। ਮੈਂ ਕਿਸੇ ਇੱਕ ਨੂੰ ਇਨਾਮ ਦੇਣ ਦੀ ਥਾਂ ਜਿੰਨਿਆਂ ਨੇ ਕਵਿਤਾ ਸੁਣਾਈ ਸੀ ਉਹਨਾਂ ਦੀ ਪੇਸ਼ਕਾਰੀ ਦੇ ਮੁਤਾਬਕ ਸੌ ਪੌਂਡ ਨੂੰ ਸਾਰਿਆਂ ਵਿਚ ਵੰਡ ਦਿੱਤਾ। ਸਭ ਨੂੰ ਇਹ ਚੰਗਾ ਲੱਗਾ। ਗੱਲ ਤਾਂ ਸ਼ੁਗਲ ਦੀ ਸੀ ਪਰ ਨਾ ਗਾ ਸਕਣ ਵਾਲੇ ਕਵੀਆਂ ਨੂੰ ਬਹੁਤ ਬੁਰਾ ਲੱਗਾ। ਬਾਅਦ ਵਿਚ ਖਾਣਾ ਖਾਣ ਵੇਲੇ ਉਹ ਮੋਹਨਜੀਤ ਨੂੰ 'ਧੰਨਾ ਸਿੰਘ ਗੁਲਸ਼ਨ' (ਕਦੇ ਕਵੀਸ਼ਰੀ ਕਰਦਾ ਰਿਹਾ ਧੰਨਾ ਸਿੰਘ ਗੁਲਸ਼ਨ, ਆਪਣੀ ਏਸੇ ਗੁਣ ਤੋਂ ਖੱਟੀ 'ਮਸ਼ਹੂਰੀ' ਕਰ ਕੇ ਅਕਾਲੀ ਦਲ ਦਾ ਮੈਂਬਰ ਪਾਰਲੀਮੈਂਟ ਰਹਿ ਚੁੱਕਾ ਸੀ) ਕਹਿ ਕੇ ਛੇੜਨ ਲੱਗੇ। ਉਹ ਛਿੱਥਾ ਜਿਹਾ ਹੋਇਆ ਅੱਗੋਂ ਬੋਲ ਨਹੀਂ ਸੀ ਰਿਹਾ। ਇੱਕ 'ਡਾਕਟਰ' ਸ਼ਾਇਰ ਸ਼ਰਾਬ ਦੇ ਨਸ਼ੇ ਵਿਚ ਟੁੰਨ ਆਪਣੇ ਆਪ ਨੂੰ ਮਹਾਨ ਦਾਰਸ਼ਨਿਕ ਕਵੀ ਸਮਝਦਾ ਹੋਇਆ ਕਹਿ ਰਿਹਾ ਸੀ, "ਜਿਹੜੇ ਕਵੀ ਗਾ ਕੇ ਕਵਿਤਾ ਸੁਣਾਉਂਦੇ ਹਨ, ਉਹਨਾਂ ਦਾ ਕਵਿਤਾ ਬਾਰੇ ਕੋਈ 'ਨਜ਼ਰੀਆ' ਨਹੀਂ । ਮੇਰਾ ਕਵਿਤਾ ਬਾਰੇ ਇੱਕ ਵਿਸ਼ੇਸ਼ 'ਪੁਆਇੰਟ ਆਫ ਵਿਊ ਹੈ! ਗਾਈ ਜਾ ਸਕਣ ਵਾਲੀ ਕਵਿਤਾ ਵਾਲੇ ਸ਼ਾਇਰਾਂ ਦਾ ਕੋਈ 'ਪੁਆਇੰਟ ਆਫ ਵਿਊ' ਨਹੀਂ ਹੁੰਦਾ।"

ਉਹਦੀ ਗੱਲ ਸੁਣ ਕੇ ਮੇਰਾ ਜੀ ਤਾਂ ਕੀਤਾ ਕਿ ਉਸਨੂੰ ਪੁੱਛਾਂ ਕਿ ਪੰਜਾਬੀ ਦਾ ਸਭ ਤੋਂ ਮਹਾਨ ਸ਼ਾਇਰ ਬਾਬਾ ਨਾਨਕ ਵੀ ਕੀ 'ਪੁਆਇੰਟ ਆਪ ਵਿਊ' ਤੋਂ ਵਿਹੂਣਾ ਹੀ ਸੀ! ਉਹ ਤਾਂ ਜਿੱਥੇ ਵੀ ਜਾਂਦਾ ਸੀ ਸਭ ਤੋਂ ਪਹਿਲਾਂ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਹਿੰਦਾ ਤਾਂਕਿ ਆਪਣੀ ਕਵਿਤਾ ਗਾ ਕੇ ਸੁਣਾਵੇ ਅਤੇ ਸੰਵਾਦ ਦਾ ਮੁੱਢ ਬੰਨ੍ਹ ਸਕੇ! ਵਾਰਿਸ ਸ਼ਾਹ ਦੀ 'ਹੀਰ' ਤਾਂ ਸਦੀਆਂ ਤੋਂ ਪੰਜਾਬ ਦੀਆਂ ਸੱਥਾਂ ਵਿਚ ਗਾਈ ਜਾਂਦੀ ਰਹੀ ਸੀ। ਪੀਲੂ ਦਾ ਮਿਰਜ਼ਾ, ਹਾਸ਼ਮ ਦੀ ਸੱਸੀ, ਸ਼ਾਹ-ਹੁਸੈਨ ਤੇ ਬੁੱਲ੍ਹੇ ਦੇ ਕਲਾਮ। ਕਿਸ ਕਿਸ ਦਾ ਨਾਂ ਲਈਏ! ਪਰ ਮੈਂ ਸ਼ਾਇਰਾਂ ਦੀ ਲੜਾਈ ਵਿਚ ਪੈਣਾ ਠੀਕ ਨਾ ਸਮਝਿਆ।

ਮੈਂ ਰਜਨੀਸ਼ ਨਾਲ ਇਹ ਗੱਲ ਸਾਂਝੀ ਕੀਤੀ। ਉਹ ਵੀ ਪੰਜ-ਰਤਨੀ ਦੇ ਅਸਰ ਅਧੀਨ ਸੀ। ਕਹਿੰਦਾ, "ਜੀ, ਤਿੰਨ-ਚਾਰ ਸਤਰਾਂ ਦੀਆਂ ਟੁੱਟੀਆਂ ਜਿਹੀਆਂ ਕਵਿਤਾਵਾਂ ਲਿਖਣ ਵਾਲਾ ਇਹ ਸ਼ਾਇਰ ਆਪਣੇ ਆਪ ਨੂੰ ਵੱਡਾ ਸ਼ੈਕਸਪੀਅਰ ਸਮਝੀ ਫਿਰਦਾ ਹੈ? ਇਹ ਹੈ ਕੀ ਸ਼ੈਅ?"

ਪਰ ਉਹਦੀ ਆਲੋਚਨਾਤਮਕ ਸਮਝ 'ਅਜੇ ਵੀ' ਜਾਗਦੀ ਸੀ। ਕਹਿੰਦਾ, "ਭਾ ਜੀ! ਇਸ ਬਹਾਨੇ ਖੁੱਲ੍ਹੀ ਕਵਿਤਾ ਲਿਖਣ ਵਾਲੇ ਸ਼ਾਇਰਾਂ ਦਾ ਹੀਜ-ਪਿਆਜ਼ ਜ਼ਰੂਰ ਖੁੱਲ੍ਹ ਗਿਆ। ਅਸਲ ਵਿਚ ਇਹਨਾਂ ਦਾ ਇਹ ਰਵੱਈਆ, ਰਿਦਮ ਵਾਲੀ ਅਤੇ ਤੋਲ ਤੁਕਾਂਤ ਵਾਲੀ ਉੱਚੀ ਕਿਸਮ ਦੀ ਸ਼ਾਇਰੀ ਨਾ ਲਿਖ ਸਕਣ ਕਾਰਨ ਉਹਨਾਂ ਅੰਦਰ ਪੈਦਾ ਹੋਈ, ਹੀਣ-ਭਾਵਨਾ ਦੀ ਉਪਜ ਹੀ ਹੈ!"

ਉਹਦੀ ਗੱਲ ਠੀਕ ਸੀ।

ਉਸ ਰਾਤ ਸਾਨੂੰ ਪ੍ਰਬੰਧਕਾਂ ਨੇ ਹੋਟਲ ਵਿਚ ਠਹਿਰਾਇਆ ਹੋਇਆ ਸੀ। ਸਾਡਾ ਦੋਵਾਂ ਦਾ ਕਮਰਾ 'ਉਸ ਸ਼ਾਇਰ' ਦੇ ਕਮਰੇ ਤੋਂ ਦੋ ਕਮਰੇ ਅੱਗੇ ਸੀ।

ਅਸੀਂ ਕਾਰੀਡੋਰ ਵਿਚੋਂ ਲੰਘ ਰਹੇ ਸਾਂ। ਜਦੋਂ ਅਸੀਂ 'ਦਾਰਸ਼ਨਿਕ ਸ਼ਾਇਰ' ਦੇ ਕਮਰੇ ਅੱਗੋਂ ਲੰਘਣ ਲੱਗੇ ਤਾਂ ਪਤਾ ਨਹੀਂ ਰਜਨੀਸ਼ ਦੇ ਮਨ ਵਿਚ ਕੀ ਆਈ, ਆਮ ਤੋਂ ਵਧੇਰੇ ਉੱਚੀ ਆਵਾਜ਼ ਵਿਚ ਉਹਨੂੰ 'ਸੁਣਾ' ਕੇ ਕਹਿਣ ਲੱਗਾ, "ਭਾਵੇਂ ਮੈਂ ਟੁੱਚਲ ਤੇ ਟੁੱਟੀਆਂ ਜਿਹੀਆਂ ਕਵਿਤਾਵਾਂ ਲਿਖਦਾ ਹਾਂ, ਪਰ, ਆਪਣੇ ਆਪ ਨੂੰ ਸ਼ੈਕਸਪੀਅਰ ਸਮਝਦਾਂ!"

ਮੇਰਾ ਅੰਦਰ ਵੀ ਹੁੰਗਾਰ ਉੱਠਿਆ, "ਮੇਰੇ ਅੱਗੇ ਬਾਬਾ ਨਾਨਕ ਕੀ ਸ਼ੈਅ ਹੈ! ਮੈਂ ਹਾਂ ਸਭ ਤੋਂ ਮਹਾਨ, ਸਭ ਤੋਂ ਉੱਚਾ ਟੁੱਚਲ ਕਵੀ!"

ਸਾਡੀ ਲੋੜੋਂ ਵੱਧ ਉੱਚੀ ਆਵਾਜ਼ ਸੁਣ ਕੇ ਪਿਛਲੇ ਕਮਰੇ ਵਿਚੋਂ ਕੋਈ 'ਤਮਾਸ਼ਾ ਵੇਖਣ ਲਈ' ਬਾਹਰ ਵੀ ਨਿਕਲ ਆਇਆ। ਪਰ ਅਸੀਂ ਮੋਰਚਾ ਫਤਹਿ ਕਰ ਕੇ ਆਪਣੇ ਕਮਰੇ ਵਿਚ ਜਾ ਵੜੇ। ਡਾਕਟਰ ਦੀ 'ਸ਼ਰਾਫਤ' ਸੀ ਕਿ ਉਹ ਜਵਾਬ ਦੇਣ ਲਈ ਬਾਹਰ ਨਹੀਂ ਨਿਕਲਿਆ। ਜੇ ਉਹ ਸਾਡੀ ਸ਼ਾਇਰੀ ਦੀ ਮਹਾਨ ਪ੍ਰੰਪਰਾ ਨੂੰ 'ਵਿਊ ਪੁਆਇੰਟ ਤੋਂ ਸੱਖਣੀ ਸ਼ਾਇਰੀ' ਆਖ ਕੇ ਰੱਦ ਕਰ ਸਕਦਾ ਸੀ ਤਾਂ ਅਸੀਂ ਚੰਗੀ ਸ਼ਾਇਰੀ ਦੇ ਹੱਕ ਵਿਚ 'ਏਨੀ ਕੁ ਆਵਾਜ਼' ਤਾਂ ਉਠਾ ਹੀ ਸਕਦੇ ਸਾਂ!"

ਕਾਨਫਰੰਸ 'ਤੇ ਆਏ ਮਹਿਮਾਨਾਂ ਦਾ ਲਾਹਾ ਲੈਣ ਲਈ ਸਵਰਨ ਚੰਦਨ ਨੇ ਇੱਕ ਸੈਮੀਨਾਰ ਬਰਮਿੰਘਮ ਵਿਚ ਵੀ ਰੱਖ ਲਿਆ। ਫਿਰ ਚੱਲ ਸੋ ਚੱਲ। ਕਦੀ ਕਿਸੇ ਸ਼ਹਿਰ ਤੇ ਕਦੀ ਕਿਸੇ ਸ਼ਹਿਰ ਸੈਮੀਨਾਰ ਹੋਣ ਲੱਗੇ। ਸਵਰਨ ਚੰਦਨ ਸਾਨੂੰ ਆਪਣੀ ਕਾਰ ਵਿਚ ਲੱਦਦਾ ਤੇ ਅਸੀਂ ਕਾਨਫਰੰਸ 'ਤੇ ਪਹੁੰਚ ਜਾਂਦੇ। ਵੁਲਵਰਹੈਂਪਟਨ, ਸਾਊਥਹੈਂਪਟਨ, ਗਲਾਸਗੋ ਤੇ ਲੰਡਨ ਤੱਕ ਸੈਮੀਨਾਰ ਹੁੰਦੇ ਰਹੇ। ਵੁਲਵਰਹੈਂਪਟਨ ਵਿਚ ਸੰਤੋਖ ਧਾਲੀਵਾਲ ਕੋਲ ਸੈਮੀਨਾਰ ਦੇ ਬਹਾਨੇ ਕੁਝ ਦਿਨ ਠਹਿਰੇ। ਉਹ ਸਾਨੂੰ ਸੈਰ ਕਰਾਉਂਦਾ ਜੰਗਲੀ ਇਲਾਕੇ ਵਿਚ ਲੈ ਗਿਆ ਤੇ ਇੱਕ ਵੱਡੇ ਦਰਖਤ ਕੋਲ ਲਿਜਾ ਕੇ ਕਹਿੰਦਾ, "ਇਹ ਹੈ ਉਹ ਥਾਂ ਜਿੱਥੇ ਰੌਬਿਨਹੁੱਡ ਤੇ ਉਹਦੇ ਸਾਥੀ ਡਾਕੇ ਮਾਰਨ ਤੋਂ ਬਾਅਦ ਇਕੱਠੇ ਹੁੰਦੇ ਸਨ ਤੇ ਲੁਟਿਆ ਧਨ ਗਰੀਬ ਲੋਕਾਂ ਵਿਚ ਵੰਡਦੇ ਸਨ।"

ਰਜਨੀਸ਼ ਕਹਿੰਦਾ, "ਵੇਖ ਲੌ ਭਾ ਜੀ! ਸਾਮਰਾਜ ਦੀ ਤਾਕਤ। ਹੈ ਤਾਂ ਰੌਬਿਨਹੁੱਡ ਵੀ ਸਾਡੇ ਜੱਗੇ ਡਾਕੂ ਵਰਗਾ ਹੀ ਸੀ, ਤਕੜਿਆਂ ਤੋਂ ਖੋਹ ਕੇ ਮਾੜਿਆਂ ਵਿਚ ਵੰਡਣ ਵਾਲਾ। ਸਾਮਰਾਜੀ ਤਾਕਤਾਂ ਦੀ ਜ਼ੁਬਾਨ, ਪਹਿਰਾਵਾ, ਰਹਿਣੀ-ਬਹਿਣੀ ਤੇ ਵਿਚਾਰ ਤਾਂ ਦੁਨੀਆਂ 'ਤੇ ਛਾ ਹੀ ਜਾਣੇ ਸਨ, ਪਰ ਇਹਨਾਂ ਦੇ ਡਾਕੂ ਵੀ ਸੰਸਾਰ ਵਿਚ ਮਹਾਨਤਾ ਪਾ ਗਏ। ਆਦਰਸ਼ ਬਣ ਗਏ। ਪਰ ਸਾਡੇ ਯੋਧੇ, ਫ਼ਿਲਾਸਫਰ, ਵਿਦਵਾਨ ਤੇ ਸ਼ਾਇਰ ਸਿਰਫ 'ਸਥਾਨਕ' ਬਣ ਕੇ ਰਹਿ ਗਏ।"

ਇੱਕ ਹੋਰ ਸ਼ਹਿਰ ਵਿਚ ਅਸੀਂ ਇਕੱਠੇ ਸਾਂ। ਮੈਂ ਤੇ ਰਜਨੀਸ਼ ਇੱਕੋ ਕਮਰੇ ਵਿਚ ਠਹਿਰੇ ਹੋਏ ਸਾਂ। ਜਦੋਂ ਬਾਕੀ ਜਣੇ ਆਪਣੇ ਕਮਰਿਆਂ ਵਿਚ ਪੈ ਗਏ ਤਾਂ ਰਜਨੀਸ਼ ਮੈਨੂੰ ਕਹਿੰਦਾ, "ਭਾ ਜੀ! ਮੈਂ ਏਥੇ ਨੇੜੇ ਹੀ ਰਹਿੰਦੇ ਕਿਸੇ ਦੋਸਤ ਕੋਲ ਚੱਲਿਆਂ। ਰਾਤ ਓਥੇ ਹੀ ਰਵ੍ਹਾਂਗਾ। ਸਵੇਰੇ ਹੀ ਆਊਂ।"

ਮੈਨੂੰ ਹੋਰ ਜਾਨਣ ਦੀ ਲੋੜ ਨਹੀਂ ਸੀ। ਉਹ ਚਲਿਆ ਗਿਆ। ਪਰ ਅੱਧੇ ਘੰਟੇ ਵਿਚ ਹੀ ਵਾਪਸ ਆ ਗਿਆ। ਮੈਂ ਕਿਹਾ, "ਤੂੰ ਤਾਂ ਕਹਿੰਦਾ ਸੈਂ, ਸਵੇਰੇ ਆਊਂ"

ਉਹ ਕੱਚਾ ਜਿਹਾ ਹਾਸਾ ਹੱਸਿਆ। ਫਿਰ ਆਪਣੇ ਹੱਥ ਵਿਚ ਫੜਿਆ ਮੈਗਜ਼ੀਨ, ਜਿਹੜਾ ਉਹ ਆਪਣੇ ਨਾਲ ਲੈ ਕੇ ਗਿਆ ਸੀ, ਆਪਣੇ ਬੈੱਡ ਦੇ ਸਿਰਹਾਣੇ ਪਏ ਟੇਬਲ-ਲੈਂਪ ਕੋਲ ਰੱਖਿਆ ਤੇ ਕੱਪੜੇ ਬਦਲਣ ਲਈ ਵਾਸ਼ਰੂਮ ਵਿਚ ਚਲਾ ਗਿਆ। ਵਾਪਸ ਆ ਕੇ ਨਾਲ ਦੇ ਬਿਸਤਰੇ 'ਤੇ ਲੰਮਾ ਪੈ ਗਿਆ। ਚੁੱਪ-ਚਾਂਦ।

ਮੈਂ ਆਪਣਾ ਸਵਾਲ ਦੁਹਰਾਇਆ ਤਾਂ ਕਹਿੰਦਾ, "ਭਾ ਜੀ, ਏਥੇ ਨੇੜੇ ਹੀ ਰਹਿੰਦੀ ਏ।"

ਉਹਨੇ ਇੱਕ ਸ਼ਾਇਰਾ ਦਾ ਨਾਂ ਲਿਆ।

"ਤੁਸੀਂ ਵੇਖੀ ਹੋਈ ਏ। ਕਾਨਫਰੰਸ 'ਤੇ ਵੀ ਗਈ ਸੀ। ਉਸ ਦਿਨ ਉਹਨੇ ਕਾਨਫਰੰਸ ਵਿਚ ਆਪਣੀ ਕਵਿਤਾ ਵੀ ਪੜ੍ਹੀ ਸੀ।"

ਸ਼ਾਇਰਾ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਗਿਆ।

"ਕੀ ਗੱਲ ਉਹ ਘਰ ਵਿਚ ਨਹੀਂ ਸੀ ?"

ਉਹ ਫਿਰ ਕੱਚਾ ਜਿਹਾ ਹੱਸਿਆ, "ਘਰੇ ਈ ਸੀ!"

"ਫੇਰ ?"

"ਤੁਹਾਡੀ 'ਫੇਰ' ਦਾ ਜਵਾਬ ਬਾਅਦ ਵਿਚ ਦਿੰਦਾਂ, ਪਰ ਇਸਤੋਂ ਪਹਿਲਾਂ ਦੀ ਕਹਾਣੀ ਸੁਣਾਏ ਬਿਨਾਂ ਗੱਲ ਮੁਕੰਮਲ ਨਹੀਂ ਹੋਣੀ। ਤੁਸੀਂ ਵੱਡੇ ਭਰਾ ਓ। ਹੁਣ ਤੁਹਾਡੇ ਕੋਲੋਂ ਕਾਹਦਾ ਲੁਕਾਅ!"

ਤੇ ਫੇਰ ਜਿਹੜੀ ਕਹਾਣੀ ਉਹਨੇ ਸੁਣਾਈ, ਉਹਦਾ ਸਾਰ-ਸੰਖੇਪ ਕੁਝ ਇਸ ਤਰ੍ਹਾਂ ਸੀ।

ਕੁਝ ਸਾਲ ਪਹਿਲਾਂ ਰਜਨੀਸ਼ ਕਿਸੇ ਕਾਨਫਰੰਸ ਦੇ ਬਹਾਨੇ ਇੰਗਲੈਂਡ ਆਇਆ ਸੀ। ਉਹ ਇਸ ਸ਼ਹਿਰ ਵਿਚ ਕਰਵਾਏ ਕਿਸੇ ਸਮਾਗਮ ਵਿਚ ਵੀ ਹਾਜ਼ਰ ਹੋਇਆ ਸੀ। ਸ਼ਾਇਰਾ ਨੇ ਬੜੇ ਅਦਬ ਨਾਲ ਉਹਨੂੰ ਆਪਣੀ ਕਿਤਾਬ ਭੇਟ ਕੀਤੀ ਤੇ ਬੜੀ ਨਿਮਰਤਾ ਨਾਲ ਕਿਹਾ, "ਦੋ ਅੱਖਰ ਸਾਡੇ ਲਈ ਵੀ ਲਿਖ ਦਿਉ। ਅਸੀਂ ਵੀ ਜਿਊਂਦਿਆਂ ਵਿਚ ਹੋ ਜਾਈਏ।"

ਸ਼ਾਇਰਾ ਦੇ ਚਿਹਰੇ 'ਤੇ ਅਦਭੁੱਤ ਮਨਮੋਹਣੀ ਮੁਸਕਰਾਹਟ ਸੀ।

ਕਹਿੰਦੀ, "ਕਿੱਥੇ ਠਹਿਰੇ ਹੋਏ ਓ ?"

ਉਹਨੇ ਉਸ ਸੱਜਣ ਦਾ ਨਾਂ ਲਿਆ ਜਿਸ ਕੋਲ ਚਾਰ-ਪੰਜ ਸਾਹਿਤਕਾਰ ਟਿਕੇ ਹੋਏ ਸਨ।

ਕਹਿੰਦੀ, "ਅੱਜ ਰਾਤ ਨੂੰ ਤੁਸੀਂ ਮੇਰੇ ਨਾਲ ਡਿਨਰ ਕਰੋ।"

ਉਹਨੇ ਘਰ ਦਾ ਪਤਾ ਸਮਝਾਇਆ। ਜਿੱਥੇ ਰਜਨੀਸ਼ ਹੁਰੀਂ ਠਹਿਰੇ ਹੋਏ ਸਨ, ਉਸਤੋਂ ਮਸਾਂ ਪੰਜ ਮਿੰਟ ਦੀ ਵਾਟ ਸੀ ਤੁਰ ਕੇ।

ਸੱਦਾ ਹੀ ਏਨੇ ਮੋਹ ਨਾਲ ਦਿੱਤਾ ਗਿਆ ਸੀ ਕਿ ਰਜਨੀਸ਼ ਨਾਂਹ ਨਾ ਕਰ ਸਕਿਆ। ਉਹ ਇਕੱਲੀ ਹੀ ਰਹਿੰਦੀ ਸੀ। ਸ਼ਾਮ ਹੁੰਦਿਆਂ ਹੀ ਉਹਨੇ ਸ਼ਾਇਰਾ ਦੇ ਦਰਵਾਜ਼ੇ ਦੀ ਘੰਟੀ ਜਾ ਖੜਕਾਈ। ਉਹ ਤਾਂ ਜਿਵੇਂ ਪਹਿਲਾਂ ਹੀ ਦਰਵਾਜ਼ੇ ਕੋਲ ਖੜੀ ਉਡੀਕਦੀ ਸੀ। ਖਿੜੀ ਹੋਈ ਮੁਸਕਰਾਹਟ ਨਾਲ ਦਰਵਾਜ਼ਾ ਖੋਲ੍ਹਿਆ। ਸੋਫੇ 'ਤੇ ਬਹਿਣ ਲਈ ਆਖ ਕੇ ਖ਼ੁਸ਼ੀ ਵਿਚ ਖੀਵੀ

ਹੋਈ, ਏਧਰ-ਓਧਰ ਉੱਡੀ ਫਿਰੇ। ਸਕਾਚ, ਵਾਈਨ, ਕਾਜੂ, ਬਦਾਮ, ਸਨੈਕਸ ਤੇ ਹੋਰ ਕਈ ਕੁਝ ਲਿਆ ਧਰਿਆ ਮੇਜ਼ 'ਤੇ। ਦੋ ਗਲਾਸਾਂ ਵਿਚ ਵਾਈਨ ਪਾਈ ਤੇ 'ਚੀਅਰਜ਼!' ਕਹਿ ਕੇ ਰਜਨੀਸ਼ ਦੇ ਗਲਾਸ ਨਾਲ ਗਲਾਸ ਟਕਰਾਇਆ। ਫੇਰ ਗੱਲਾਂ ਹੋਣ ਲੱਗੀਆਂ। ਸ਼ਾਇਰੀ ਬਾਰੇ, ਲੇਖਕਾਂ ਬਾਰੇ, ਕਾਨਫਰੰਸਾਂ ਬਾਰੇ, ਆਲੋਚਕਾਂ ਬਾਰੇ।"

"ਅਸਲ ਵਿਚ ਜਿੰਨਾ ਚਿਰ ਤੁਹਾਡਾ 'ਆਪਣਾ ਕੋਈ ਆਲੋਚਕ' ਨਾ ਹੋਵੇ, ਤੁਹਾਡੀ ਗੱਲ ਕੋਈ ਨਹੀਂ ਕਰਦਾ।"

ਰਜਨੀਸ਼ ਮੁਸਕਰਾਇਆ, "ਠੀਕ ਗੱਲ ਏ ਤੁਹਾਡੀ। ਸਾਡੇ ਆਲੋਚਕ ਵੀ 'ਆਪਣਾ ਮੁੱਲ' ਮੰਗਦੇ ਨੇ। ਮੁੱਲ ਮਿਲ ਜਾਵੇ ਤਾਂ ਵਿਕਣ 'ਚ ਦੇਰ ਨਹੀਂ ਲਾਉਂਦੇ।"

ਉਹ ਖਿੜਖਿੜਾ ਕੇ ਹੱਸੀ, "ਗੱਲ ਠੀਕ ਏ ਤੁਹਾਡੀ। ਹਰ ਇੱਕ ਦਾ ਮੁੱਲ ਤਾਂ ਹੁੰਦਾ ਹੀ ਹੈ।"

ਫੇਰ ਏਧਰ-ਓਧਰ ਦੀਆਂ ਗੱਲਾਂ ਤੋਂ ਬਾਅਦ ਕਹਿੰਦੀ, "ਭਲਾ ਮੇਰੀ ਕਿਤਾਬ 'ਤੇ ਵੀ ਝਾਤੀ ਮਾਰੀ ਜੇ? ਕਿਵੇਂ ਦੀਆਂ ਲੱਗੀਆਂ ਨਜ਼ਮਾਂ?"

"ਇੰਡੀਆ ਜਾ ਕੇ ਨਿੱਠ ਕੇ ਪੜ੍ਹਾਂਗਾ। ਫੇਰ ਦੱਸ ਸਕੂੰ।"

"ਤੁਸੀਂ ਚਾਹੋ ਤਾਂ ਲੱਕੜ ਨੂੰ ਸੋਨਾ ਕਰ ਦਿਉ।"

ਉਹ ਸਾਹਮਣਿਉਂ ਉੱਠ ਕੇ ਰਜਨੀਸ਼ ਦੇ ਨਾਲ ਆਣ ਬੈਠੀ।

ਰੰਗ-ਢੰਗ ਵੇਖ ਕੇ ਰਜਨੀਸ਼ ਘਬਰਾ ਗਿਆ। ਕਹਿੰਦਾ, "ਰਾਤ ਬਹੁਤ ਹੋ ਗਈ। ਰੋਟੀ ਖਾ ਲਈਏ। ਨਾਲ ਦੇ ਵੀ ਕਹਿੰਦੇ ਹੋਣਗੇ, ਕਿਧਰ ਤੁਰ ਗਿਆ!"

"ਰਾਤ ਤੁਸੀਂ ਹੁਣ ਕਿੱਥੇ ਜਾਣਾ, ਏਥੇ ਹੀ ਰਹੋ।"

"ਚਲੋ ਕੋਈ ਨਹੀਂ। ਵੇਖਦੇ ਆਂ। ਪਹਿਲਾਂ ਰੋਟੀ ਤਾਂ ਖਾ ਲਈਏ।"

ਰਜਨੀਸ਼ ਨੂੰ ਬਾਹੋਂ ਫੜ ਕੇ ਕਹਿੰਦੀ, "ਚਲੋ ਆ ਜੋ, ਮੇਰੇ ਨਾਲ ਈ ਕਿਚਨ ਵਿਚ।"

ਉਹ ਵੰਨ-ਸੁ-ਵੰਨੇ ਪਕਵਾਨ ਗਰਮ ਕਰ ਕੇ ਡਾਈਨਿੰਗ ਟੇਬਲ 'ਤੇ ਸਜਾ ਰਹੀ ਸੀ ਤੇ ਰਜਨੀਸ਼ ਆਪਣੇ ਮਨ ਨਾਲ ਯੁੱਧ ਕਰ ਰਿਹਾ ਸੀ, "ਕੀ ਕਰਾਂ, ਕੀ ਨਾ ਕਰਾਂ?"

ਰੋਟੀ ਖਾ ਕੇ ਵਿਹਲੇ ਹੋਏ ਤਾਂ ਕਹਿੰਦੀ, "ਆਓ! ਤੁਹਾਨੂੰ ਆਪਣਾ ਬੈੱਡਰੂਮ ਵਿਖਾਵਾਂ।"

ਹੁਣ ਕੁਝ ਕਹਿਣਾ ਬਾਕੀ ਨਹੀਂ ਸੀ ਰਹਿ ਗਿਆ। ਰਜਨੀਸ਼ ਘਬਰਾ ਕੇ ਕਹਿੰਦਾ, "ਨਹੀਂ, ਨਹੀਂ, ਹੁਣ ਬਹੁਤ ਟੈਮ ਹੋ ਗਿਐ। ਮੈਨੂੰ, ਮੇਰੇ ਨਾਲ ਦੇ ਉਡੀਕ ਰਹੇ ਹੋਣਗੇ। ਕੱਲ੍ਹ ਮਿਲਦੇ ਹਾਂ।"

ਉਹ ਜਿਵੇਂ ਜਾਨ ਬਚਾਅ ਕੇ ਭੱਜਾ ਹੋਵੇ।

ਸਾਰੀ ਕਹਾਣੀ ਸੁਣਾ ਕੇ ਰਜਨੀਸ਼ ਨੇ ਸਾਹ ਲਿਆ।

ਮੈਂ ਪੁੱਛਿਆ, "ਫੇਰ ਲਿਖਿਆ ਸੀ ਉਹਦੀ ਕਿਤਾਬ ਬਾਰੇ?"

"ਲਿਖਿਆ ਤਾਂ ਸੀ, ਪਰ ਨਿਰੋਲ ਤਾਰੀਫ਼ ਨਹੀਂ ਸੀ ਕੀਤੀ। ਕੁਝ ਕੁ ਨੁਕਤਿਆਂ 'ਤੇ ਵੱਖਰੀ ਰਾਇ ਵੀ ਦਿੱਤੀ ਸੀ।"

"ਅੱਜ ਕੀ ਹੋਇਆ ਫੇਰ?" ਮੇਰੀ ਉਤਸੁਕਤਾ ਸਿਖਰ 'ਤੇ ਸੀ।

ਉਹ ਫੇਰ ਪਹਿਲਾਂ ਵਰਗਾ ਬੇਰੰਗ ਜਿਹਾ ਹਾਸਾ ਹੱਸਿਆ, "ਭਾ ਜੀ! ਤੁਸੀਂ ਵੱਡੇ ਭਰਾਵਾਂ

ਵਰਗੇ ਓ। ਗੱਲ ਤੁਹਾਡੇ-ਮੇਰੇ ਵਿਚ ਐ। ਤੁਹਾਡੇ ਅੱਗੇ ਝੂਠ ਨਹੀਂ ਬੋਲਣਾ। ਉਸ ਦਿਨ ਤਾਂ ਮੈਂ ਆਪਣੇ ਆਪ ਨੂੰ ਡੋਲਣੋਂ ਬਚਾਅ ਲਿਆ ਸੀ। ਪਰ ਅੱਜ ਅੰਦਰਲੇ ਮਨੋਂ ਖੂਹ 'ਚ ਛਾਲ ਮਾਰਨ ਲਈ ਤਿਆਰ ਹੋ ਕੇ ਗਿਆ ਸਾਂ।"

"ਫੇਰ ?"

"ਫੇਰ ਕੀ ਹੋਣਾ ਸੀ। ਮੈਂ ਬੈੱਲ ਕੀਤੀ। ਉਹਨੇ ਦਰਵਾਜ਼ਾ ਖੋਲ੍ਹਿਆ। ਅੰਦਰ ਵੜਨੋਂ ਰੋਕਣ ਲਈ ਦੋਵਾਂ ਚੁਗਾਠਾਂ 'ਤੇ ਦੋਵੇਂ ਹੱਥ ਟਿਕਾ ਕੇ ਕਹਿੰਦੀ, "ਹਾਂ ਜੀ, ਦੱਸੋ ?"

"ਮੈਂ ਦੱਸਣਾ ਕੀ ਸੀ ਭਲਾ ! ਇਸਤੋਂ ਪਹਿਲਾਂ ਕਿ ਉਹ ਦਰਵਾਜ਼ਾ 'ਪਟਾਕ' ਕਰ ਕੇ ਮੇਰੇ ਮੂੰਹ 'ਤੇ ਮਾਰਦੀ, ਮੈਂ ਪਾਣ-ਪੱਤ ਬਚਾਅ ਕੇ ਪਹਿਲਾਂ ਹੀ ਪਿੱਛੇ ਮੁੜ ਆਇਆਂ !"

ਅਸੀਂ ਦੋਵੇਂ ਸ਼ਰਮਿੰਦਿਆਂ ਦੇ ਤਾਣ ਹੱਸਣ ਲੱਗੇ।

ਰਜਨੀਸ਼ ਕਹਿੰਦਾ, "ਉਸ ਦਿਨ ਮੈਂ ਡੋਲਣੋਂ ਬਚ ਗਿਆ ਸਾਂ ਤੇ ਅੱਜ ਉਹਨੇ ਦਰਵਾਜ਼ੇ 'ਚ ਬਾਹਵਾਂ ਡਾਹ ਕੇ ਮੈਨੂੰ ਡੋਲਣੋਂ ਬਚਾਅ ਲਿਆ।"

ਉਹਨੇ ਆਪਣੇ ਸਿਰਹਾਣੇ ਪਿਆ ਮੈਗਜ਼ੀਨ ਚੁੱਕ ਕੇ ਮੇਰੇ ਵੱਲ ਵਧਾਇਆ, "ਇਹਦੇ 'ਚ ਛਪਿਆ ਸੀ ਉਹ ਆਰਟੀਕਲ, ਜਿਹੜਾ ਮੈਂ ਉਹਨੂੰ ਦੇਣ ਲਈ ਲੈ ਕੇ ਗਿਆ ਸਾਂ।"

ਉਤਸੁਕਤਾ ਬਣੀ ਹੋਈ ਸੀ। ਮੈਂ ਪੰਜ-ਸੱਤ ਮਿੰਟ ਵਿਚ ਆਰਟੀਕਲ 'ਤੇ ਝਾਤੀ ਮਾਰ ਲਈ। ਆਰਟੀਕਲ ਵਿਚ ਭਾਵੇਂ ਡੁੱਲ੍ਹ ਡੁੱਲ੍ਹ ਪੈਂਦੀ ਪ੍ਰਸ਼ੰਸਾ ਨਹੀਂ ਸੀ ਕੀਤੀ ਗਈ ਤਦ ਵੀ ਲੋੜ ਜੋਗੀ ਤਾਰੀਫ਼ ਤਾਂ ਕੀਤੀ ਹੀ ਹੋਈ ਸੀ, ਪਰ ਨਾਲ ਹੀ ਕੁਝ ਕਮਜ਼ੋਰੀਆਂ ਦੀ ਨਿਸ਼ਾਨਦੇਹੀ ਕਰ ਕੇ ਕੁਝ ਸੁਝਾਅ ਵੀ ਦਿੱਤੇ ਗਏ ਸਨ। ਸ਼ਾਇਰਾ ਨੂੰ ਅਜਿਹੀ 'ਸੰਤੁਲਤ' ਆਲੋਚਨਾ ਦੀ ਨਾ ਆਸ ਸੀ ਨਾ ਲੋੜ।

ਮੈਂ ਹੱਸ ਕੇ ਕਿਹਾ, "ਤੂੰ ਫੇਰ 'ਲੱਕੜ ਨੂੰ ਸੋਨਾ' ਨਹੀਂ ਨਾ ਕੀਤਾ ?"

ਫੇਰ ਮੈਂ ਆਖਰੀ ਤੋੜਾ ਝਾੜਿਆ, "ਅੱਜ ਤੈਨੂੰ ਸ਼ਾਇਰਾ ਨੇ ਦਰਵਾਜ਼ੇ ਵਿਚ ਬਾਹਵਾਂ ਡਾਹ ਕੇ 'ਡੋਲਣੋਂ' ਨਹੀਂ ਬਚਾਇਆ, ਸਗੋਂ ਤੇਰੀ ਸੰਤੁਲਤ ਆਲੋਚਨਾ ਨੇ ਤੈਨੂੰ 'ਡਿੱਗਣੋਂ' ਬਚਾਅ ਲਿਆ। ਅਸਲ ਵਿਚ ਅੱਜ ਤੇਰੀ ਸੁਹਿਰਦ ਤੇ ਸੱਚੀ 'ਆਲੋਚਨਾ' ਹੀ ਦਰਵਾਜ਼ੇ ਅੱਗੇ ਬਾਹਵਾਂ ਫੈਲਾ ਕੇ ਆਣ ਖਲੋਤੀ ਸੀ, ਤੈਨੂੰ ਬਚਾਉਣ ਲਈ ਭਾਈ ਜੋਗਾ ਸਿਹਾਂ !"

****

ਰਜਨੀਸ਼ ਨਾਲ ਜੁੜੀਆਂ ਅਨੇਕਾਂ ਪਿਆਰਿਆਂ ਯਾਦਾਂ ਵਿਚੋਂ ਮੇਰੇ ਲਈ ਸਭ ਤੋਂ ਪਿਆਰੀ ਯਾਦ 'ਹੱਥ ਖੜਾ ਕਰ ਕੇ' ਕਹਿ ਰਹੀ ਹੈ, "ਪਹਿਲਾਂ ਮੈਨੂੰ ਸਾਂਝਾ ਕਰ ਲੈ। ਬਾਕੀ ਗੱਲਾਂ ਬਾਅਦ ਵਿਚ ਸਹੀ।"

ਮੇਰੀ ਘਰਵਾਲੀ ਨੂੰ ਬਹੁਤ ਭਿਆਨਕ ਹਾਰਟ-ਅਟੈਕ ਹੋਇਆ। ਕਈ ਦਿਨ ਆਈ. ਸੀ. ਯੂ. ਵਿਚ ਰਹਿਣ ਤੋਂ ਬਾਅਦ ਥੋੜ੍ਹੀ ਜਿਹੀ ਵੱਲ ਹੋਈ ਤਾਂ ਉਹਦੀ ਐਂਜੀਓਗ੍ਰਾਫੀ ਕੀਤੀ ਗਈ। ਸਾਰੀਆਂ ਨਾੜਾਂ 80 ਤੋਂ 95% ਤੱਕ ਬੰਦ। ਬਾਈਪਾਸ ਸਰਜਰੀ ਕਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਜਲੰਧਰ ਦੇ 'ਜੋਸ਼ੀ ਹਸਪਤਾਲ' ਦੇ ਡਾਕਟਰ ਸ਼ਰਮਾਂ ਦੀ ਦਿਲ ਦੇ ਡਾਕਟਰ ਵਜੋਂ ਚੰਗੀ ਸ਼ੋਭਾ ਸੀ। ਉਹਨੂੰ ਓਥੇ ਦਾਖਲ ਕਰਵਾਇਆ ਗਿਆ। ਸਰਜਰੀ ਦਾ ਦਿਨ ਮਿਥ ਦਿੱਤਾ। ਡਾਕਟਰਾਂ ਨੇ ਕਿਹਾ ਕਿ ਖ਼ੂਨ ਦਾ ਬੰਦੋਬਸਤ ਸਾਨੂੰ ਆਪ ਹੀ ਕਰਨਾ ਪਊਗਾ। ਸਰਜਰੀ

ਤੋਂ ਇੱਕ ਦਿਨ ਪਹਿਲਾਂ 'ਤਾਜੇ ਖ਼ੂਨ' ਦੀਆਂ ਘੱਟੋ ਘੱਟ ਚਾਰ-ਪੰਜ ਬੋਤਲਾਂ ਹਸਪਤਾਲ ਵਾਲਿਆਂ ਦੇ 'ਹੱਥ ਹੇਠ' ਚਾਹੀਦੀਆਂ ਸਨ।

ਮੇਰੀ ਪਤਨੀ ਦੇ ਖ਼ੂਨ ਦਾ ਗਰੁੱਪ ਓ-ਪਾਜ਼ੇਟਿਵ ਹੈ। ਉਹਨੀ ਦਿਨੀ ਮੇਰਾ ਬੇਟਾ ਸੁਪਨ ਤੇ ਵੱਡੀ ਧੀ ਰੂਪ ਵੀ ਪੰਜਾਬ ਆਏ ਹੋਏ ਸਨ। ਪਰ ਸਾਡੇ ਤਿੰਨਾਂ ਵਿਚੋਂ ਕਿਸੇ ਦਾ ਵੀ ਖ਼ੂਨ ਓ-ਪਾਜ਼ੇਟਿਵ ਨਹੀਂ ਸੀ। ਮੈਨੂੰ ਬੜਾ ਫ਼ਿਕਰ ਪਿਆ। ਖ਼ੂਨ ਦਾ ਪ੍ਰਬੰਧ ਕਿਵੇਂ ਹੋਵੇ ! ਮੈਂ ਤਾਂ ਪਤਨੀ ਦੇ ਸਿਰਹਾਣੇ ਬੈਠਾ ਸਾਂ। ਖ਼ੂਨ ਦੇਣ ਲਈ ਇੱਕ ਬੰਦਾ ਤਾਂ ਸੁਪਨ ਆਪਣੇ ਯਾਰਾਂ-ਦੋਸਤਾਂ ਨੂੰ ਆਖ ਕੇ ਲੱਭ ਲਿਆਇਆ। ਬਾਕੀਆਂ ਦਾ ਬੰਦੋਬਸਤ ਕਿਵੇਂ ਹੋਵੇ ! ਅਚਨਚੇਤ ਮੈਨੂੰ ਹੌਂਸਲਾ ਹੋਇਆ। ਮੇਰਾ ਧਿਆਨ ਕਰਤਾਰ ਪਹਿਲਵਾਨ ਵੱਲ ਗਿਆ। ਉਹਨਾਂ ਦੇ ਅਖਾੜੇ ਵਿਚ ਬੜੇ ਗੱਭਰੂ ਪਹਿਲਵਾਨ ਸਨ। ਉਹ ਜਿਸ ਨੂੰ ਵੀ ਕਹਿੰਦੇ, ਉਹ ਭੱਜਾ ਆਉਂਦਾ। ਕਰਤਾਰ ਨਾਲ ਫੋਨ 'ਤੇ ਗੱਲ ਹੋਈ ਤਾਂ ਪਤਾ ਲੱਗਾ ਕਿ ਉਹ ਚਾਰ-ਪੰਜ ਦਿਨ ਲਈ ਦਿੱਲੀ ਗਿਆ ਹੋਇਆ ਹੈ। ਕਰਤਾਰ ਨਾਲ ਮੈਂ ਖ਼ੂਨ ਦੇਣ ਵਾਲੀ ਗੱਲ ਕਰਨੀ ਮੁਨਾਸਬ ਨਾ ਸਮਝੀ। ਮੈਨੂੰ ਪਤਾ ਸੀ ਕਿ ਉਹਦਾ ਵੱਡਾ ਭਰਾ ਗੁਰਚਰਨ ਜਲੰਧਰ ਵਿੱਚ ਹੀ ਸੀ। ਮੈਂ ਬੜੇ ਉਤਸ਼ਾਹ ਨਾਲ ਗੁਰਚਰਨ ਨੂੰ ਫੋਨ ਮਿਲਾਇਆ। ਘਰਵਾਲੀ ਦੀ ਸਰਜਰੀ ਬਾਰੇ ਗੱਲ ਕੀਤੀ, "ਯਾਰ ! ਬੜੀ ਮੁਸ਼ਕਿਲ ਵਿਚ ਆਂ। ਡਾਕਟਰ ਕਹਿੰਦੇ ਕਿ ਖ਼ੂਨ ਦੇਣ ਦਾ ਪ੍ਰਬੰਧ ਸਾਨੂੰ ਆਪ ਹੀ ਕਰਨਾ ਪੈਣਾ !"

ਮੇਰੇ ਮਨ ਵਿਚ ਸੀ ਕਿ ਉਹ ਆਪ ਹੀ ਕਹੇਗਾ, "ਭਾ ਜੀ ਗੱਲ ਈ ਕੋਈ ਨਹੀਂ। ਜਿੰਨੇ ਮੁੰਡੇ ਆਖੋਗੇ ਘੱਲ ਦਿਆਂਗੇ।"

ਪਰ ਉਹ ਕਹਿੰਦਾ, "ਉਹੋ ਹੋ ਹੋ ! ਬੜੀ ਮੁਸ਼ਕਲ ਬਣੀ ਫੇਰ ਤਾਂ।"

"ਹਾਂ, ਮੁਸ਼ਕਲ ਤਾਂ ਬਣੀ ਹੀ ਹੈ।"

ਉਹਨੇ ਅੱਗੋਂ ਹੋਰ ਹੁੰਗਾਰਾ ਨਾ ਭਰਿਆ। ਨਿਰਾਸ਼ਾ ਅਤੇ ਨਰਾਜ਼ਗੀ ਵਿਚ ਮੈਂ ਫੋਨ ਕੱਟ ਦਿੱਤਾ। ਮੈਂ ਬੌਂਦਲ ਜਿਹਾ ਗਿਆ। ਹੁਣ ਕੀ ਕਰਾਂ ? ਆਪਣੇ ਸਹਿਕਰਮੀ ਕੁਲਵੰਤ ਸੰਧੂ ਨੂੰ ਫੋਨ ਕਰ ਕੇ ਕਿਹਾ, "ਯਾਰ ! ਹੋਸਟਲ ਵਾਲੇ ਮੁੰਡਿਆਂ 'ਚੋਂ ਕਿਸੇ ਦਾ ਪਤਾ ਕਰ।"

ਫੇਰ ਮੈਨੂੰ ਪ੍ਰੋ. ਲਖਬੀਰ ਸਿੰਘ ਦੀ ਸੰਸਥਾ 'ਪਹਿਲ' ਦਾ ਚੇਤਾ ਆਇਆ। ਉਹ ਆਪ ਬੀਮਾਰ ਸੀ, ਪਰ ਮੇਰਾ ਫੋਨ ਸੁਣ ਕੇ ਕਹਿੰਦਾ, "ਭਾ ਜੀ ! ਮੈਂ ਚੈੱਕ ਕਰ ਕੇ ਕਿਸੇ ਮੁੰਡੇ ਨੂੰ ਕਹਿੰਦਾਂ।"

ਅੱਧੇ ਘੰਟੇ ਬਾਅਦ ਕਿਸੇ ਨੌਜਵਾਨ ਦਾ ਫੋਨ ਆਇਆ। ਉਹਨੇ ਦੱਸਿਆ ਕਿ ਉਹਨੂੰ ਪ੍ਰੋ. ਲਖਬੀਰ ਸਿੰਘ ਦਾ ਫੋਨ ਆਇਆ ਹੈ। ਉਹਨੇ ਹਸਪਤਾਲ ਦਾ ਪਤਾ ਪੁੱਛ ਕੇ ਕਿਹਾ ਕਿ ਉਹ ਖ਼ੂਨ ਦੇਣ ਆ ਰਿਹਾ ਹੈ। ਅਗਲੇ ਦਿਨ ਕੁਲਵੰਤ ਦੋ ਮੁੰਡੇ ਲੈ ਆਇਆ। ਚਾਰ ਬੋਤਲਾਂ ਖ਼ੂਨ ਦੀਆਂ ਹੋ ਗਈਆਂ। ਉਸਤੋਂ ਅਗਲੇ ਦਿਨ ਸਰਜਰੀ ਸੀ। ਮੌਕੇ 'ਤੇ ਹੋਰ ਖ਼ੂਨ ਦੀ ਲੋੜ ਪੈ ਸਕਦੀ ਸੀ। ਦੋ-ਤਿੰਨ ਜਾਂ ਚਾਰ ਬੋਤਲਾਂ ਤੱਕ। ਹੁਣ ਖ਼ੂਨ ਦੇਣ ਵਾਲੇ ਏਨੇ ਜਣਿਆਂ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ, ਜਿਹੜੇ ਓਨਾ ਚਿਰ ਹਾਜ਼ਰ ਰਹਿਣ, ਜਿੰਨਾ ਚਿਰ ਸਰਜਰੀ ਹੁੰਦੀ ਰਹਿੰਦੀ ਹੈ। ਪਤਾ ਨਹੀਂ, ਕਿਹੜੇ ਵੇਲੇ ਖ਼ੂਨ ਦੀ ਲੋੜ ਪੈ ਜਾਵੇ। ਖ਼ੂਨ ਦੇਣ ਵਾਲਾ ਤਾਂ ਭਾਵੇਂ ਕੋਈ ਲੱਭ ਹੀ ਜਾਵੇ, ਪਰ ਇਹੋ ਜਿਹਾ ਕੌਣ ਹੋਊ ਜੋ ਸਰਜਰੀ ਦੇ ਸਮੇਂ ਦੌਰਾਨ, ਅੱਠ-ਦਸ ਘੰਟੇ ਸਾਡੇ ਕੋਲ ਹੀ ਰਹਿ ਸਕੇਗਾ। ਅਜਿਹਾ ਤਾਂ ਕੋਈ ਆਪਣਾ ਬੰਦਾ ਹੀ ਕਰ ਸਕਦਾ ਹੈ, ਨਹੀਂ ਤਾਂ ਆਮ ਤੌਰ 'ਤੇ ਖ਼ੂਨ

ਦੇਣ ਵਾਲਾ ਆਉਂਦਾ ਹੈ ਤੇ ਖ਼ੂਨ ਦੇ ਕੇ ਚਲੇ ਜਾਂਦਾ ਹੈ।

ਓਸੇ ਸ਼ਾਮ ਨੂੰ ਕੁਲਵੰਤ ਤੇ ਰਜਨੀਸ਼ ਮੇਰੇ ਕੋਲ ਹਸਪਤਾਲ ਆਏ। ਮੈਂ ਉਹਨਾਂ ਨਾਲ ਚਿੰਤਾ ਸਾਂਝੀ ਕੀਤੀ। ਰਜਨੀਸ਼ ਬੜੇ ਭਰੋਸੇ ਨਾਲ ਕਹਿੰਦਾ, "ਭਾ ਜੀ! ਤੁਸੀਂ ਫ਼ਿਕਰ ਨਾ ਕਰੋ। ਆਪਣੇ ਕਾਲਜ ਵਿਚ ਅਸੀਂ ਨੌਜਵਾਨਾਂ ਦਾ ਅਜਿਹਾ ਗਰੁੱਪ ਤਿਆਰ ਕੀਤਾ ਹੈ, ਜਿਹੜਾ ਮੌਕਾ ਆਉਣ 'ਤੇ ਮਰੀਜ਼ਾਂ ਨੂੰ ਖ਼ੂਨ ਦੇਣ ਲਈ ਤਿਆਰ ਰਹਿੰਦਾ ਹੈ। ਉਹ ਇਸ ਗਰੁੱਪ ਦਾ ਇੰਚਾਰਜ ਹੈ। ਮੈਂ ਸਵੇਰੇ ਸਰਜਰੀ ਸ਼ੁਰੂ ਹੋਣ ਤੋਂ ਪਹਿਲਾਂ ਓ-ਪਾਜ਼ੇਟਿਵ ਗੁਰੱਪ ਵਾਲੇ ਸਟੂਡੈਂਟ ਲੈ ਕੇ ਆ ਜਾਊਂ। ਜਿੰਨਾਂ ਚਿਰ ਓਪ੍ਰੇਸ਼ਨ ਮੁਕੰਮਲ ਨਾ ਹੋ ਜਾਊ, ਉਹ ਏਥੇ ਰਹਿਣਗੇ। ਰਾਈ ਭਰ ਫ਼ਿਕਰ ਨਾ ਕਰੋ ਤੁਸੀਂ।"

"ਵੇਖੀਂ ਯਾਰ! ਲੈ ਆਵੀਂ ਵੇਲੇ ਸਿਰ। ਕਿਤੇ ਉਹ ਨਾ ਹੋਵੇ!" ਮੈਂ ਘਬਰਾਇਆ ਹੋਇਆ ਸਾਂ।

ਰਜਨੀਸ਼ ਨੇ ਮੇਰੇ ਹੱਥ ਘੁੱਟ ਲਏ, "ਹੱਦ ਹੋ ਗਈ ਭਾ ਜੀ! ਮੈਂ ਖ਼ੂਨ ਦੇਣ ਵਾਲੇ ਸਟੂਡੈਂਟਸ ਦੀ ਲਾਈਨ ਲਵਾ ਦਿਆਂਗਾ। ਭੈਣ ਜੀ ਨੂੰ ਕੁਝ ਨਹੀਂ ਹੋਣ ਦੇਣ ਲੱਗੇ। ਅਸੀਂ ਨਾਲ ਆਂ ਤੁਹਾਡੇ।" ਉਹਨੇ ਕੁਲਵੰਤ ਵੱਲ ਵੇਖਿਆ।

ਸਾਰੀ ਰਾਤ ਮੈਂ ਏਹੋ ਸੋਚਦਾ ਰਿਹਾ ਕਿ ਖ਼ੂਨ ਦੇਣ ਲਈ ਸਟੂਡੈਂਟਸ ਲੈ ਕੇ ਰਜਨੀਸ਼ ਆ ਜਾਵੇ ਸਹੀ!

ਰਾਤ ਨੂੰ ਦੋ ਤਿੰਨ ਵਾਰ ਰਜਨੀਸ਼ ਦਾ ਫੋਨ ਆਇਆ। ਵਾਰ-ਵਾਰ ਆਖੇ, "ਭਾ ਜੀ! ਅਸੀਂ ਤੁਹਾਡੇ ਛੋਟੇ ਵੀਰ ਤੁਹਾਡੇ ਨਾਲ ਆਂ। ਤੁਸੀਂ ਬੇਫ਼ਿਕਰ ਹੋ ਕੇ ਸੌਂਵੋਂ। ਮੈਂ ਤੇ ਕੁਲਵੰਤ ਸਵੇਰੇ ਵੇਲੇ ਸਿਰ ਆ ਜਾਵਾਂਗੇ। ਮੈਂ ਫੋਨ 'ਤੇ ਸਟੂਡੈਂਟਸ ਨਾਲ ਤਾਲ-ਮੇਲ ਰੱਖਿਆ ਹੋਇਆ ਏ।"

ਅਗਲੇ ਦਿਨ ਅਜੇ ਮੇਰੀ ਘਰਵਾਲੀ ਨੂੰ ਸਰਜਰੀ ਲਈ ਲੈ ਕੇ ਜਾਣ ਹੀ ਵਾਲੇ ਸਨ ਕਿ ਰਜਨੀਸ਼ ਤੇ ਕੁਲਵੰਤ ਵੀ ਪਹੁੰਚ ਗਏ। ਅੱਠ-ਨੌਂ ਵਿਦਿਆਰਥੀ ਉਹਨਾਂ ਦੇ ਨਾਲ ਸਨ। ਅਸੀਂ ਵਿਦਿਆਰਥੀਆਂ ਨੂੰ ਉਸੇ ਮੰਜ਼ਿਲ 'ਤੇ ਬਣੇ ਉਡੀਕ-ਘਰ ਵਿਚ ਬੈਠ ਜਾਣ ਲਈ ਕਿਹਾ। ਮੈਨੂੰ ਹੌਂਸਲਾ ਹੋ ਗਿਆ ਕਿ ਸਰਜਰੀ ਸਫਲ ਹੋ ਜਾਵੇ ਸਹੀ, ਘਰਵਾਲੀ ਖ਼ੂਨ ਖੁਣੋਂ ਨਹੀਂ ਮਰਨ ਲੱਗੀ।

ਹਸਪਤਾਲ ਦੇ ਕਰਮਚਾਰੀ ਉਹਨੂੰ ਓਪ੍ਰੇਸ਼ਨ ਥੀਏਟਰ ਵਿਚ ਲੈ ਗਏ। ਕੁਲਵੰਤ, ਰਜਨੀਸ਼, ਮੇਰੀ ਧੀ ਰੂਪ ਤੇ ਮੈਂ ਕਮਰੇ ਵਿਚ ਰਹਿ ਗਏ। ਏਨੇ ਵਿਚ ਖੰਨੇ ਤੋਂ ਬਲਵਿੰਦਰ ਗਰੇਵਾਲ ਵੀ ਪਹੁੰਚ ਗਿਆ। ਉਹ ਆਪਸ ਵਿਚ ਵੀ ਸਾਹਿਤਕ ਤੇ ਸੰਸਾਰਕ ਗੱਲਾਂ ਕਰ ਰਹੇ ਸਨ ਤੇ ਵਿਚ-ਵਿਚਾਲੇ ਮੇਰਾ ਧਿਆਨ ਪਾਸੇ ਪਾਉਣ ਲਈ ਮੇਰਾ ਹੁੰਗਾਰਾ ਵੀ ਮੰਗਦੇ। ਪਰ ਮੈਨੂੰ ਸੁਰਤ ਕਿੱਥੇ ਸੀ! ਮੇਰਾ ਸਾਰਾ ਧਿਆਨ ਤਾਂ ਓਪ੍ਰੇਸ਼ਨ ਥੀਏਟਰ ਵੱਲ ਸੀ, 'ਹੁਣ ਵੀ ਕੁਝ ਮਾੜਾ ਵਾਪਰਿਆ! ਹੁਣ ਵੀ ਕੁਝ ਹੋਇਆ'!

ਮੈਂ ਕਦੀ ਕਦੀ ਆਪਣੀ ਧੀ ਦੇ ਮੂੰਹ ਵੱਲ ਵੇਖਦਾ ਤਾਂ ਉਹ ਭਿੱਜੀਆਂ ਅੱਖਾਂ ਨਾਲ ਮੇਰੇ ਵੱਲ ਹੀ ਵੇਖ ਰਹੀ ਹੁੰਦੀ। ਜਿੰਨਾਂ ਹੌਲੀ ਉਸ ਦਿਨ ਘੜੀ ਦੀਆਂ ਸੂਈਆਂ ਚੱਲ ਰਹੀਆਂ ਸਨ, ਕਦੀ ਨਹੀਂ ਸਨ ਚੱਲੀਆਂ। ਅਸੀਂ ਪੰਜ ਘੰਟੇ ਪਤਾ ਨਹੀਂ ਕਿਵੇਂ ਲੰਘਾਏ। ਅਚਨਚੇਤ ਸਾਡੇ ਕਮਰੇ ਵੱਲ ਹਸਪਤਾਲ ਦੇ ਕਿਸੇ ਕਰਮਚਾਰੀ ਦੇ ਸਲੀਪਰਾਂ ਦੇ ਫਰਸ਼ 'ਤੇ ਘਸਰਣ ਦੀ ਆਵਾਜ਼

ਆਈ। ਉਹ ਕਮਰੇ ਦੇ ਦਰਵਾਜ਼ੇ ਵਿਚ ਆਣ ਖਲੋਤਾ, ਮੇਰਾ ਸਾਹ ਸੂਤਿਆ ਗਿਆ, "ਹੁਣੇ ਕੋਈ ਮਾੜੀ ਖ਼ਬਰ ਸੁਣਾਵੇਗਾ!"

ਉਹਨੇ ਕਿਹਾ, "ਹੋਰ ਖ਼ੂਨ ਚਾਹੀਦਾ ਏ ਜੀ।"

ਰਜਨੀਸ਼ ਛਾਲ ਮਾਰ ਕੇ ਉੱਠਿਆ ਤੇ ਉਡੀਕ ਘਰ ਵਿਚ ਬੈਠੇ ਮੁੰਡਿਆਂ ਵਿਚੋਂ ਤਿੰਨ-ਚਾਰ ਮੁੰਡੇ ਲੈ ਕੇ ਮੇਰੇ ਨਾਲ ਹੇਠਾਂ ਤੁਰ ਪਿਆ, ਜਿੱਥੇ ਖ਼ੂਨ ਲਿਆ ਜਾਣਾ ਸੀ। ਕੁਲਵੰਤ ਤੇ ਬਲਵਿੰਦਰ ਵੀ ਨਾਲ ਹੋ ਤੁਰੇ। ਹਾਲ ਦੀ ਘੜੀ ਖ਼ੂਨ ਦੀ ਇੱਕੋ ਬੋਤਲ ਹੀ ਚਾਹੀਦੀ ਸੀ। ਅਸੀਂ ਸਾਰੇ ਮੁੰਡਿਆਂ ਲਈ ਖਾਣ-ਪੀਣ ਦਾ ਸਮਾਨ ਲਿਆ। ਉਹਨਾਂ ਨੂੰ ਉਡੀਕ ਘਰ ਵਿਚ ਬਿਠਾਇਆ। ਕਮਰੇ ਵਿਚ ਬੈਠੇ ਉਹ ਗੱਭਰੂ ਮੈਨੂੰ ਰੱਬ ਦਾ ਰੂਪ ਲੱਗ ਰਹੇ ਸਨ। ਅਸੀਂ ਫੇਰ ਕਮਰੇ ਵਿਚ ਆ ਕੇ ਬੈਠ ਗਏ।

ਪੂਰੇ ਨੌਂ ਘੰਟੇ ਬੀਤਣ ਤੋਂ ਬਾਅਦ ਖ਼ਬਰ ਮਿਲੀ ਕਿ ਓਪ੍ਰੇਸ਼ਨ ਕਾਮਯਾਬ ਹੋ ਗਿਆ ਸੀ ਤੇ ਮੇਰੀ ਘਰਵਾਲੀ ਨੂੰ ਓਪ੍ਰੇਸ਼ਨ ਤੋਂ ਬਾਅਦ ਵਿਸ਼ੇਸ਼ ਦੇਖਭਾਲ ਲਈ ਖ਼ਾਸ ਕਮਰੇ ਵਿਚ ਲਿਜਾਇਆ ਗਿਆ ਹੈ।

ਖ਼ਬਰ ਸੁਣ ਕੇ ਰਜਨੀਸ਼ ਉੱਠਿਆ ਤੇ ਖੁਸ਼ੀ ਵਿਚ ਭਿੱਜ ਕੇ ਮੈਨੂੰ ਜੱਫੀ ਪਾ ਲਈ, "ਜ਼ਿੰਦਾਬਾਦ! ਵਧਾਈ ਹੋਵੇ ਭਾ ਜੀ!"

ਉਸਤੋਂ ਬਾਅਦ ਕੁਲਵੰਤ ਨੇ ਵੀ ਹੱਥ ਮਿਲਾ ਕੇ ਵਧਾਈ ਦਿੱਤੀ ਤੇ ਮੈਨੂੰ ਗਲ ਨਾਲ ਲਾ ਲਿਆ। ਫੇਰ ਬਲਵਿੰਦਰ ਨੇ ਵੀ ਮੇਰੇ ਗੋਡਿਆਂ ਨੂੰ ਹੱਥ ਲਾ ਕੇ 'ਮੁਬਾਰਕਬਾਦ' ਦਿੱਤੀ। ਮੇਰੀਆਂ ਅੱਖਾਂ ਵੀ ਕਿਰਤੱਗਤਾ ਵਿਚ ਸਿੱਲ੍ਹੀਆਂ ਹੋ ਗਈਆਂ।

ਉਸਤੋਂ ਬਾਅਦ ਸੱਤ-ਅੱਠ ਦਿਨ ਮੇਰੀ ਘਰਵਾਲੀ ਹਸਪਤਾਲ ਵਿਚ ਰਹੀ। ਕੁਲਵੰਤ ਤੇ ਰਜਨੀਸ਼ ਰੋਜ਼ ਮੇਰੇ ਕੋਲ ਆਉਂਦੇ। ਰਜਨੀਸ਼ ਦਾ ਘਰ ਨੇੜੇ ਸੀ। ਇਸ ਲਈ ਉਹ ਇੱਕ ਤੋਂ ਵੱਧ ਗੇੜੇ ਵੀ ਮਾਰ ਲੈਂਦਾ। ਮੇਰਾ ਦਿਲ ਲੱਗਿਆ ਰਹੇ, ਇਸ ਲਈ ਰਾਤ ਨੂੰ ਰੋਟੀ-ਟੁੱਕ ਖਾ ਕੇ ਵੀ ਆ ਜਾਂਦਾ ਤੇ ਦਸ-ਯਾਰਾਂ ਵਜੇ ਤੱਕ ਮੇਰੇ ਨਾਲ ਯੱਕੜ ਮਾਰ ਕੇ ਮੇਰਾ ਦਿਲ ਲਾਈ ਰੱਖਦਾ। ਘਰਵਾਲੀ ਤਾਂ ਹੇਠਾਂ ਆਈ. ਸੀ. ਯੂ. ਵਿਚ ਸੀ। ਕਮਰੇ ਵਿਚ ਮੈਂ ਇਕੱਲਾ ਹੀ ਹੁੰਦਾ ਸਾਂ। ਰੂਪ ਸਵੇਰੇ-ਸ਼ਾਮ ਖਾਣਾ ਲੈ ਕੇ ਆ ਜਾਂਦੀ ਤੇ ਮਾਂ ਦੀ ਖ਼ੈਰ-ਸੁੱਖ ਪੁੱਛ ਜਾਂਦੀ। ਉਹਨੇ ਘਰ ਵਿਚ ਆਪਣੇ ਬਾਲ-ਬੱਚਿਆਂ ਤੇ ਪਰਿਵਾਰ ਦਾ ਵੀ ਖ਼ਿਆਲ ਰੱਖਣਾ ਹੁੰਦਾ ਸੀ। ਰਜਨੀਸ਼ ਮੇਰੀ ਇਕੱਲ ਨੂੰ ਸਮਝਦਾ ਸੀ। ਤੇ ਇਕੱਲ ਨੂੰ ਦੂਰ ਕਰਨ ਲਈ ਹੀ ਕਈ ਚਿਰ ਮੇਰੇ ਕੋਲ ਬੈਠਾ ਰਹਿੰਦਾ। ਕੁਲਵੰਤ ਤਾਂ ਮੈਨੂੰ ਭਰਾਵਾਂ ਵਾਂਗ ਸੀ ਹੀ, ਇਹਨਾਂ ਦਿਨਾਂ ਵਿਚ ਰਜਨੀਸ਼ ਵੀ ਮੈਨੂੰ ਸੱਚ-ਮੁੱਚ ਆਪਣੇ ਨਿੱਕੇ ਸਕੇ ਭਰਾ ਵਾਂਗ ਲੱਗਣ ਲੱਗਾ। ਕੋਈ ਕਿਸੇ ਦੂਜੇ ਦੇ ਦੁੱਖ ਨੂੰ ਆਪਣਾ ਜਾਣ ਕੇ ਕਿਵੇਂ ਉਹਦੀ ਢਾਰਸ ਤੇ ਆਸਰਾ ਬਣਦਾ ਹੈ, ਇਹ ਉਹਨੀਂ ਦਿਨੀਂ ਮੈਨੂੰ ਕੁਲਵੰਤ ਤੇ ਰਜਨੀਸ਼ ਦੇ ਵਿਹਾਰ ਤੋਂ ਪਤਾ ਲੱਗਾ।

ਛੇਵੇਂ ਸੱਤਵੇਂ ਦਿਨ ਕਰਤਾਰ ਤੇ ਗੁਰਚਰਨ ਪਤਾ ਲੈਣ ਆਏ। ਗੁਰਚਰਨ ਨਾਲ ਹੋਈ ਸਾਰੀ ਗੱਲਬਾਤ ਸੁਣਾ ਕੇ ਮੈਂ ਕਰਤਾਰ ਨੂੰ ਸਾਫ ਕਹਿ ਦਿੱਤਾ, "ਭਲਵਾਨ ਜੀ! ਮੈਨੂੰ ਸਭ ਤੋਂ ਵੱਧ ਮਾਣ ਤੁਹਾਡੇ 'ਤੇ ਸੀ, ਪਰ ਜਿਵੇਂ ਮੇਰਾ ਮਾਣ ਗੁਰਚਰਨ ਨੇ ਤੋੜਿਆ, ਉਹਨੇ ਮੈਨੂੰ ਮੇਰੀ ਔਕਾਤ ਯਾਦ ਕਰਵਾ ਦਿੱਤੀ।"

ਕਰਤਾਰ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਸੀ ਕਿ ਮੈਂ ਗੁਰਚਰਨ ਕੋਲ ਉਸ ਦਿਨ ਕਿਵੇਂ ਤਰਲਾ ਲਿਆ ਸੀ।

ਉਹ ਕਹਿੰਦਾ, "ਹੱਦ ਹੋ ਗਈ ਭਾ ਜੀ! ਮੇਰਾ ਤਾਂ ਆਪਣਾ ਖ਼ੂਨ ਓ-ਪਾਜ਼ੇਟਿਵ ਹੈ ਤੇ ਇਹਦਾ ਸਰਦਾਰ ਜੀ ਦਾ ਵੀ ਓ-ਪਾਜ਼ੇਟਿਵ ਹੈ।"

ਉਹਦੇ ਬੋਲਾਂ ਵਿਚ ਗੁਰਚਰਨ ਦੇ ਰਵੱਈਏ ਬਾਰੇ ਗੁੱਸਾ ਸੀ।

"ਸਰਦਾਰ ਗੁਰਚਰਨ ਸਿੰਘ ਜੀ! ਤੁਹਾਨੂੰ ਆਪਣਾ ਸਮਝ ਕੇ ਸਭ ਤੋਂ ਪਹਿਲਾਂ ਆਖਿਆ ਸੀ। ਨਹੀਂ ਤਾਂ, ਖ਼ੂਨ ਦੇਣ ਵਾਲਿਆਂ ਦਾ ਘਾਟਾ ਨਹੀਂ ਸੀ। ਏਥੇ ਖ਼ੂਨ ਦੇਣ ਵਾਲਿਆਂ ਦੀ ਉਸ ਦਿਨ ਲਾਈਨ ਲੱਗੀ ਰਹੀ ਸੀ।"

ਮੈਨੂੰ ਰਜਨੀਸ਼ ਦੇ ਬੋਲ ਚੇਤੇ ਆ ਰਹੇ ਸਨ, "ਮੈਂ ਖ਼ੂਨ ਦੇਣ ਵਾਲੇ ਸਟੂਡੈਂਟਸ ਦੀ ਲਾਈਨ ਲਵਾ ਦਿਆਂਗਾ। ਭੈਣ ਜੀ ਨੂੰ ਕੁਝ ਨਹੀਂ ਹੋਣ ਦੇਣ ਲੱਗੇ। ਅਸੀਂ ਨਾਲ ਆਂ ਤੁਹਾਡੇ।"

ਵੀਹ-ਪੰਝੀ ਦਿਨ ਬਾਅਦ ਮੇਰੇ ਬਾਰੇ ਅਮਰ ਘੋਲੀਏ ਨੇ ਡਾਕੂਮੈਂਟਰੀ ਬਨਾਉਣੀ ਸੀ। ਰਜਨੀਸ਼ ਤੇ ਕੁਲਵੰਤ ਨੂੰ ਮੇਰੇ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਬੁਲਾਇਆ ਗਿਆ। ਕੁਲਵੰਤ ਤੇ ਰਜਨੀਸ਼ ਮੇਰੀ ਘਰਵਾਲੀ ਦੀ ਮਿਜ਼ਾਜ ਪੁਰਸ਼ੀ ਲਈ ਕਮਰੇ ਅੰਦਰ ਗਏ ਤਾਂ ਰਜਨੀਸ਼ ਕਹਿੰਦਾ, "ਭੈਣ ਜੀ ਤੁਹਾਨੂੰ ਰਾਜ਼ੀ-ਖ਼ੁਸ਼ੀ ਵੇਖ ਕੇ ਅੱਜ ਮਨ ਬਹੁਤ ਹੀ ਖ਼ੁਸ਼ ਹੋਇਆ। ਉਹਨੀਂ ਦਿਨੀਂ ਭਾ ਜੀ ਨੇ ਤਾਂ ਉਦਾਸ ਹੋਣਾ ਹੀ ਸੀ, ਅੰਦਰੋਂ ਅਸੀਂ ਵੀ ਬੜੇ ਫ਼ਿਕਰਮੰਦ ਸਾਂ। ਉੱਤੋਂ-ਉੱਤੋਂ ਇਹਨਾਂ ਨੂੰ ਹੌਸਲਾ ਦੇਂਦੇ ਸਾਂ, ਪਰ, ਅੰਦਰੋਂ ਅਸੀਂ ਵੀ ਡੋਲੇ ਹੋਏ ਸਾਂ।"

ਮੇਰੀ ਘਰਵਾਲੀ ਨੇ ਦੋਵੇਂ ਹੱਥ ਜੋੜ ਕੇ ਉਹਨਾਂ ਦਾ ਧੰਨਵਾਦ ਕੀਤਾ, "ਭਾ ਜੀ! ਤੁਸੀਂ ਦੋਵੇਂ ਭਰਾ ਤਾਂ ਸਾਡੇ ਲਈ ਰੱਬ ਬਣ ਕੇ ਬਹੁੜੇ!"

ਜਿਹੜਾ ਬੰਦਾ ਅਜਿਹੇ ਔਖੇ ਵੇਲੇ ਕਿਸੇ ਦੀ ਮਦਦ ਲਈ ਬਹੁੜਦਾ ਹੈ, ਉਹ ਰੱਬ ਹੀ ਹੁੰਦਾ ਹੈ! ਕੁਲਵੰਤ ਤੇ ਰਜਨੀਸ਼ ਦਾ ਇਹ ਅਹਿਸਾਨ ਮੈਨੂੰ ਕਦੀ ਨਹੀਂ ਭੁੱਲਣ ਲੱਗਾ!

ਜਿਸ ਦਿਨ ਰਜਨੀਸ਼ ਦੇ ਸਦੀਵੀ ਵਿਛੋੜੇ ਦੀ ਖ਼ਬਰ ਪਤਾ ਲੱਗੀ ਤਾਂ ਮੈਂ ਦੁੱਖ ਸਾਂਝਾ ਕਰਨ ਲਈ ਸਾਡੇ ਦੋਵਾਂ ਦੇ ਸਭ ਤੋਂ ਨਿਗਦੇ ਯਾਰ ਕੁਲਵੰਤ ਸੰਧੂ ਨਾਲ ਫੋਨ 'ਤੇ ਗੱਲ ਕਰਨ ਲੱਗਾ ਤਾਂ ਮੇਰਾ ਗਲਾ ਭਰ ਆਇਆ ਤੇ ਕਿੰਨ੍ਹਾਂ ਚਿਰ ਗੱਲ ਨਾ ਹੋ ਸਕੀ।

ਮੈਂ ਫੇਸ-ਬੁੱਕ 'ਤੇ ਕੇਵਲ ਏਨਾ ਹੀ ਲਿਖ ਸਕਿਆ:

ਲਾ ਕੇ ਇਸ 'ਚੋਂ ਡੁਬਕਣੀ, ਪੰਛੀ ਕਦੋਂ ਦਾ ਉੱਡ ਗਿਆ,
ਝੀਲ ਦਾ ਪਾਣੀ ਤਾਂ ਪਰ, ਕੰਬਦਾ ਰਹੇਗਾ ਦੇਰ ਤੱਕ!

ਪਿਆਰੇ ਰਜਨੀਸ਼ ਬਹਾਦਰ ਦੇ ਤੁਰ ਜਾਣ 'ਤੇ ਬਹੁਤ ਉਦਾਸ ਹਾਂ।

ਅਲਵਿਦਾ ਬਹੁਤ ਪਿਆਰੇ ਰਜਨੀਸ਼!

***

# ਜ਼ਿੱਦੀ, ਅੜੀਅਲ ਤੇ ਅਸੂਲੀ ਬੰਦਾ : ਰਜਨੀਸ਼ ਬਹਾਦਰ ਸਿੰਘ

**-ਭਗਵੰਤ ਰਸੂਲਪੁਰੀ: 94170-64350**

ਰਜਨੀਸ਼ ਦੇ ਵਿਛੋੜੇ ਦੀ ਖ਼ਬਰ ਸੁਣ ਮੈਨੂੰ ਝਟਕਾ ਲੱਗਾ!!!

ਅਤੀਤ ਦੇ ਪਰਛਾਵਿਆਂ ਵਿਚ ਮੈਂ ਕੋਟ-ਪੈਂਟ-ਟਾਈ ਲਾਈ ਸਾਹਿਤਕ ਸਮਾਗਮਾਂ ਵਿਚ ਵਿਚਰਦਾ... ਆਪਣੇ ਰਸੀਲਾ ਨਗਰ ਦੀ ਨੌਂ ਨੰਬਰ ਕੋਠੀ 'ਚ ਡਾਇਨਿੰਗ ਟੇਬਲ 'ਤੇ ਕਿਤਾਬਾਂ ਵਿਚ ਘਿਰਿਆ 'ਪ੍ਰਵਚਨ' ਦੀ ਸੰਪਾਦਕੀ ਲਿਖਦਾ... 'ਨਵਾਂ ਜ਼ਮਾਨਾਂ' 'ਚ ਹੱਥ ਮਾਰ-ਮਾਰ ਬਹਿਸਾਂ ਕਰਦਾ... ਕਿਸੇ ਸੈਮੀਨਾਰ 'ਚ ਕਹਾਣੀ-ਨਾਵਲ 'ਤੇ ਆਪਣੇ ਠੋਸ ਸਿਧਾਂਤਕੀ ਵਿਚਾਰ ਦਿੰਦਾ...ਕਿਸੇ ਬੀਬੀ ਨੂੰ ਫ਼ੋਨ ਤੇ ਉਸਦੇ ਕਿਸੇ ਆਲੋਚਨਾ ਲੇਖ ਨੂੰ ਹੋਰ ਬਿਹਤਰ ਬਣਾਉਣ ਦੇ ਗੁਰ ਦੱਸਦਾ ਅਤੇ ਕਿਸੇ ਸਾਹਿਤਕ ਮਸਲੇ 'ਤੇ ਆਪਣੀ ਬੇਬਾਕ ਤੇ ਤੇਜ਼ਾਬੀ ਟਿੱਪਣੀ ਦਿੰਦਾ ... ਵੇਖ ਰਿਹਾ ਸਾਂ।

ਹੁਣ ਉਹ ਗੱਲਾਂ ਨਹੀਂ ਕਰੇਗਾ... ਪਰ ਉਹਦੀਆਂ ਕਿਤਾਬਾਂ ਦੇ ਹਰਫ਼... ਸ਼ਬਦ... ਵਾਕ ਸਾਡੇ ਨਾਲ ਜ਼ਰੂਰ ਗੱਲਾਂ ਕਰਦੇ ਰਹਿਣਗੇ।

ਮੈਂ ਉਸ ਨਾਲ ਕਈ ਸਾਲ ਤੋਂ ਜੁੜਿਆ ਰਿਹਾ ਸਾਂ।

ਥੋੜ੍ਹਾ ਸਹਿਜ ਹੋ ਕੇ ਜਲੰਧਰ ਦੇ ਦੋਸਤਾਂ ਨੂੰ ਰਜਨੀਸ਼ ਬਾਰੇ ਏਧਰ-ਉਧਰ ਫ਼ੋਨ ਕੀਤੇ। ਬਲਬੀਰ ਪਰਵਾਨਾ ਨਾਲ ਗੱਲ ਕੀਤੀ। ਆਲੋਚਨਾ ਦੇ ਅੰਬਰ ਦਾ ਇਕ ਸਤਾਰਾ ਧਰਤੀ 'ਤੇ ਡਿੱਗ ਪਿਆ ਸੀ। ਪਤਾ ਲੱਗਾ ਕਿ ਦੇਸ਼ ਦੀ ਰਾਜਧਾਨੀ ਵਿੱਚ ਉਹਨੇ ਆਖਰੀ ਸਾਹ ਲਿਆ ਤੇ ਉਹਦਾ ਸੰਸਕਾਰ ਉਹਦੇ ਜੱਦੀ ਪਿੰਡ 'ਮਜਾਲ ਕਲਾਂ' ਕੱਲ੍ਹ ਨੂੰ ਹੋਵੇਗਾ। ਮੈਂ, ਬਲਬੀਰ ਪਰਵਾਨਾ ਅਤੇ ਤਸਕੀਨ ਨੇ ਰਜਨੀਸ਼ ਦੇ ਪਿੰਡ ਜਾਣ ਦਾ ਵਿਚਾਰ ਬਣਾ ਲਿਆ। ਉਹਦਾ ਪਿੰਡ ਪਟਿਆਲੇ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਕੈਥਲ-ਚੀਕਾ ਰੋਡ ਉਪਰ ਪੈਂਦਾ ਏ। ਤਸਕੀਨ ਗੱਡੀ ਚਲਾ ਰਿਹਾ ਸੀ। ਅਸੀਂ ਤਿੰਨੇ ਰਜਨੀਸ਼ ਦੀਆਂ ਗੱਲਾਂ ਕਰ ਰਹੇ ਸਾਂ। ਉਹਦੀ ਵਿਦਵਤਾ... ਉਹਦੀ ਕਠੋਰਤਾ... ਉਹਦਾ ਅੜੀਅਲ ਸੁਭਾਅ... ਕਿਸੇ ਮੁੱਦੇ 'ਤੇ ਉਹਦਾ ਸਪੱਸ਼ਟ ਸਟੈਂਡ ਅਤੇ ਗਲਪ 'ਤੇ ਕੀਤਾ ਉਹਦਾ ਅਧਿਐਨ ਸਾਰਾ ਕੁਝ ਗੱਲਾਂ ਦੀ ਚਾਸ਼ਨੀ ਵਿਚ ਘੁਲ਼ੀ ਜਾਂਦਾ ਸੀ। ਜਦੋਂ ਖ਼ਾਮੋਸ਼ੀ ਪਸਰ ਜਾਂਦੀ ਤਾਂ ਮੇਰੇ ਮਸਤਕ ਵਿੱਚ ਰਜਨੀਸ਼ ਬਹਾਦਰ ਸਿੰਘ ਦਾ ਜੀਵਨ ਅਤੇ ਫ਼ਲਸਫ਼ਾ ਫੈਲ ਜਾਂਦਾ। ਜੇ. ਪੀ. ਨਗਰ ਦਾ ਕਿਰਾਏ ਵਾਲਾ ਘਰ... ਰਸੀਲਾ ਨਗਰ ਦੀ ਕੋਠੀ ਵਿਚ ਬੀਤੇ ਅਨੇਕਾਂ ਪਲ ਮੇਰੇ ਜ਼ਿਹਨ ਵਿਚ ਆ ਰਹੇ ਸਨ।

ਇਹ ਉਹ ਸਮਾਂ ਸੀ ਜਦੋਂ ਮੈਂ ਪੰਜਾਬੀ ਕਹਾਣੀ ਦੀ ਪੌੜੀ ਦੇ ਪਹਿਲੇ ਡੰਡੇ ਤੇ ਪੈਰ ਰੱਖ ਆਪਣੀ ਪਛਾਣ ਬਣਾਉਣ ਦੇ ਮੁਢਲੇ ਪੜਾ ਤੇ ਸਾਂ ਅਤੇ ਰਜਨੀਸ਼ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਅਕੜੇਵਾਂ ਭੰਨ ਰਿਹਾ ਸੀ। ਜੰਮੂ ਯੂਨੀਵਰਸਿਟੀ ਤੋਂ ਪੀਐਚ. ਡੀ. ਕਰਨ ਤੋਂ ਬਾਅਦ ਕੁੱਝ ਕਾਲਜਾਂ ਵਿਚ ਵਕਤੀ ਤੌਰ 'ਤੇ ਪੜ੍ਹਾਉਣ ਤੋਂ ਬਾਅਦ ਉਹ ਜਲੰਧਰ ਦੇ ਡੀ.ਏ.ਵੀ. ਕਾਲਜ 'ਚ ਪੜ੍ਹਾਉਣ ਜਾ ਲੱਗਾ ਸੀ।1992 ਵਿਚ ਪ੍ਰੇਮ ਪ੍ਰਕਾਸ਼ ਨੇ 'ਲਕੀਰ' ਮੁੜ ਤੋਂ ਸੰਪਾਦਤ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਨਵੇਂ ਲੇਖਕਾਂ ਨੂੰ ਆਪਣੇ ਪਰਚੇ ਵਿੱਚ ਵੱਧ ਸਪੇਸ ਦਿੰਦਾ ਸੀ। ਕਹਾਣੀ-ਨਾਵਲ ਦੀਆਂ ਕਿਤਾਬਾਂ ਦੇ ਰੀਵਿਊ ਕਰਨ ਲਈ ਉਹਨੂੰ ਜਲੰਧਰ ਤੋਂ ਕੋਈ ਬੰਦਾ ਚਾਹੀਦਾ ਸੀ। ਉਦੋਂ 'ਚੌਥੀ ਕੂੰਟ' ਤੇ ਰਜਨੀਸ਼ ਨੇ ਪਹਿਲਾ ਆਲੋਚਨਾ ਲੇਖ ਲਿਖਿਆ ਸੀ।

ਪ੍ਰੇਮ ਪ੍ਰਕਾਸ਼ ਨੂੰ ਲੱਗਾ ਸੀ ਇਸ ਮੁੰਡੇ ਵਿਚ ਕਰੰਟ ਏ, ਏਹ ਠੀਕ ਰਹੂ। ਉਸ ਨੇ ਕਿਤਾਬਾਂ ਦੇ ਛੋਟੇ ਰੀਵਿਊ ਰਜਨੀਸ਼ ਕੋਲੋਂ ਕਰਵਾਉਣੇ ਸ਼ੁਰੂ ਕਰ ਦਿੱਤੇ ਸਨ।

ਰਜਨੀਸ਼ ਨਾਲ ਪਹਿਲੀ ਮਿਲਣੀ ਦਾ ਪ੍ਰਸੰਗ ਦੱਸਣਾ ਜ਼ਰੂਰੀ ਹੈ। ਥੋੜ੍ਹਾ ਅਤੀਤ ਵੱਲ ਮੁੜਨਾ ਪਵੇਗਾ ... 1992 'ਚਾਨਣ ਦੀ ਲੀਕ' ਵਿਚ ਸ਼ਾਮਿਲ ਮੇਰੀਆਂ ਛੇ ਕਹਾਣੀਆਂ ਨਾਲ ਮੇਰੇ ਨੈਣ ਨਕਸ਼ ਸਾਹਿਤਕ ਹਲਕਿਆਂ ਵਿੱਚ ਪਛਾਣੇ ਜਾਣ ਲੱਗ ਪਏ ਸਨ। ਮੈਂ ਨਾਨਕੇ ਪਿੰਡੋਂ ਸਾਇਕਲ ਤੇ ਜਲੰਧਰ ਬੱਸ ਅੱਡੇ ਜਾਂਦਾ ਤੇ 'ਲਕੀਰ' ਖਰੀਦ ਕੇ ਪੜ੍ਹਦਾ। ਉਨ੍ਹਾਂ ਦਿਨ੍ਹਾਂ ਵਿੱਚ ਇਕ ਕਹਾਣੀ ਲਿਖੀ ਤੇ ਪ੍ਰੇਮ ਪ੍ਰਕਾਸ਼ ਨੂੰ ਡਾਕ ਰਾਹੀ ਭੇਜ ਦਿੱਤੀ। 1-8-93 ਨੂੰ ਲਿਖਿਆ ਪ੍ਰੇਮ ਪ੍ਰਕਾਸ਼ ਦਾ ਖ਼ਤ ਆਇਆ।

ਪਿਆਰੇ ਭਗਵੰਤ ਰਸੂਲਪੁਰੀ

ਤੁਹਾਡੀ ਕਹਾਣੀ 'ਅਤ੍ਰਿਪਤ ਆਤਮਾ' ਚੰਗੀ ਲੱਗੀ। ਛਾਪਣ ਲਈ ਰੱਖ ਰਿਹਾ ਹਾਂ। ਪਰ ਇਹਦੇ 'ਚ ਦੋ ਤਿੰਨ ਕਸਰਾਂ ਨੇ। ਉਹ ਤੁਸੀਂ ਆਪ ਹੀ ਠੀਕ ਕਰੋ ਜਾਂ ਕਿਸੇ ਹੋਰ ਨੂੰ ਪੜ੍ਹਾ ਕੇ ਦੇਖੋ।

-ਇਹਦੇ 'ਚ ਕਈ ਸ਼ਬਦ ਠੀਕ ਨਹੀਂ। ਵਰਤੋਂ ਵੀ ਨੁਕਸ ਵਾਲੀ ਏ ਤੇ ਲਗਾ ਮਾਤਰ ਦੀ ਗਲਤੀ ਵੀ ਲੱਭਦੀ ਏ।

-ਮੇਰਾ ਸੁਭਾਓ ਏ ਕਿ ਕਹਾਣੀ ਦਾ ਨਾਉਂ ਅਜਿਹਾ ਨਹੀਂ ਹੋਣਾ ਚਾਹੀਦਾ, ਜਿਹੜਾ ਪਾਠਕ ਨੂੰ ਵਿਸ਼ੇ ਵੱਲ ਸੇਧਤ ਕਰਦਾ ਹੋਵੇ। ਵਿਸ਼ੇ ਦੇ ਨੇੜੇ ਦਾ ਤਾਂ ਹੋ ਸਕਦਾ ਏ ਪਰ ਅਸਿਧੇ ਢੰਗ ਨਾਲ ਜਾਂ ਹੋਰ ਪਰੇ।

ਤੁਸੀਂ ਆਪਣੇ ਬਾਰੇ ਵੀ ਜਾਣਕਾਰੀ ਦਿਓ। ਅਸੀਂ ਛਾਪਣਾ ਚਾਹੁੰਦੇ ਹਾਂ।

ਜੇ ਤੁਸੀਂ ਲਿਖੋਂ ਤਾਂ ਕਹਾਣੀ ਡਾਕ ਰਾਹੀਂ ਭੇਜ ਦਿਆਂ, ਨਹੀਂ ਤਾਂ ਤੁਸੀਂ ਕਿਸੇ ਦਿਨ ਆਪ ਆ ਕੇ ਕਹਾਣੀ ਠੀਕ ਕਰ ਕੇ ਚਲੇ ਜਾਓ।"

ਏਸ ਕਹਾਣੀ ਦਾ ਨਾਂ ਪ੍ਰੇਮ ਪ੍ਰਕਾਸ਼ ਨੇ 'ਕੀੜਾ' ਰੱਖਿਆ ਸੀ। ਕਹਾਣੀ 'ਲਕੀਰ' ਦੇ ਅਕਤੂਬਰ-ਦਸੰਬਰ,1993 ਅੰਕ ਵਿੱਚ ਛਪ ਗਈ। ਮੈਂ ਪ੍ਰੇਮ ਪ੍ਰਕਾਸ਼ ਕੋਲ ਜਾਣ-ਆਣ ਲੱਗਾ। ਇਕ ਦਿਨ ਮੈਂ ਉਸ ਨੂੰ ਮਿਲਣ ਗਿਆ ਤਾਂ ਅੱਗੇ ਇਕ ਚੁਸਤ ਜਿਹਾ ਨੌਜਵਾਨ ਬੈਠਾ ਹੋਇਆ ਸੀ। ਮੈਂ ਪਛਾਣ ਲਿਆ ਇਹ ਤਾਂ ਡੀ. ਏ. ਵੀ. ਕਾਲਜ, ਜਲੰਧਰ ਵਾਲਾ ਪ੍ਰੋ. ਰਜਨੀਸ਼ ਬਹਾਦਰ ਸੀ। ਪ੍ਰੇਮ ਪ੍ਰਕਾਸ਼ ਨੇ ਮੇਰੇ ਬੈਠਦਿਆਂ ਮੇਰੀ ਜਾਣ ਪਛਾਣ ਕਰਵਾਈ, "ਰਜਨੀਸ਼ ਤੂੰ ਏਸ ਮੁੰਡੇ ਨੂੰ ਜਾਣਦਾ ਏ ? ਇਹ ਭਗਵੰਤ ਏ...ਇਹਦੀ ਕਹਾਣੀ 'ਕੀੜਾ' ਮੈਂ ਪਿਛਲੇ ਪਰਚੇ ਵਿੱਚ ਛਾਪੀ ਏ। ਲਓ ਜੀ ! ਇਹ ਨਵੇਂ ਮੁੰਡੇ ਤਾਂ ਕਮਾਲ ਕਰੀ ਜਾਂਦੇ ਨੇ... ਸਾਡੀ ਪੀੜ੍ਹੀ ਦੇ ਲੋਕੀ ਏਹੋ ਜਿਹੀ ਗੱਲਾਂ ਕਰਨ ਤੋਂ ਡਰਦੇ ਸੀ... ਖਾਸ ਕਰਕੇ ਪ੍ਰਗਤੀਵਾਦੀ ਲੋਕ... ਪਰ ਇਹ ਤਾਂ ਕਮਾਲ ਕਰੀ ਜਾਂਦੇ ਨੇ... ਕਾਮ ਦੀਆਂ ਗੱਲਾਂ ਕਰਨ ਲੱਗਿਆ ਇਹ ਭੋਰਾ ਨ੍ਹੀਂ ਸੰਗਦੇ।" ਰਜਨੀਸ਼ ਨੇ ਮੇਰੇ ਵੱਲ ਗਹਿਰੀ ਨਜ਼ਰ ਨਾਲ ਵੇਖਿਆ। ਕਹਿਣ ਲੱਗਾ, "ਕੀੜਾ' ਕਹਾਣੀ ਮੈਂ ਪੜ੍ਹੀ ਐ...ਕਾਮ ਦੇ ਭੋਖੜੇ ਦਾ ਸ਼ਿਕਾਰ ਅਬਨੌਰਮਲ ਬੰਦੇ ਦੀ ਮਨੋਚੇਤਨਾ ਨੂੰ ਇਹਨੇ ਖ਼ੂਬਸੂਰਤੀ ਨਾਲ ਫੜਿਆ ਏ। ਤੁਸੀਂ ਨਵੇਂ ਮੁੰਡਿਆ ਨੂੰ ਜਿਵੇਂ ਪਲੇਟਫ਼ਾਰਮ ਮੁਹੱਈਆ ਕਰਵਾ ਰਹੇ ਹੋ... ਮੈਨੂੰ ਲੱਗਦਾ ਇਹ ਮੁੰਡਾ ਜੇ ਏਸੇ ਤਰ੍ਹਾਂ ਕਹਾਣੀਆਂ ਲਿਖਦਾ ਰਿਹਾ ਤਾਂ ਇਕ ਦਿਨ ਪੰਜਾਬੀ ਕਹਾਣੀ ਵਿਚ ਆਪਣਾ ਨਾਂ ਸਥਾਪਤ ਜ਼ਰੂਰ ਕਰੇਗਾ।"

ਫਿਰ ਮੈਨੂੰ ਰਜਨੀਸ਼ ਪੁੱਛਣ ਲੱਗਾ, 'ਤੂੰ ਕੀ ਕਰਦਾ ਹੁੰਦਾ ?"

ਐਨੇ ਨੂੰ ਜਨਕ ਚਾਹ ਦੇ ਦੋ ਕੱਪ ਲੈ ਕੇ ਆ ਗਈ। ਮੈਂ ਚਾਹ ਦਾ ਕੱਪ ਫੜਦਾ ਬੋਲਿਆ, "ਜੀ ਮੈਂ ਡੀ. ਏ. ਵੀ. ਕਾਲਜ 'ਚ ਪੜ੍ਹ ਰਿਹਾ।"

ਰਜਨੀਸ਼ ਬਹਾਦਰ ਸਿੰਘ ਨਾਲ ਇਹ ਮੇਰੀ ਪਹਿਲੀ ਮਿਲਣੀ ਸੀ।

ਜਦੋਂ ਪ੍ਰੇਮ ਪ੍ਰਕਾਸ ਨੇ 'ਚੌਥੀ ਕੂੰਟ' 1994 ਵਿਚ ਸੰਪਾਦਤ ਕੀਤੀ ਤਾਂ ਮੇਰੀ ਇਹੀ ਕਹਾਣੀ 'ਕੀੜਾ' ਉਸ ਨੇ ਸੰਪਾਦਤ ਕੀਤੀ। ਰਜਨੀਸ਼ ਨੇ ਇਸ ਕਿਤਾਬ ਤੇ ਆਪਣਾ ਆਲੋਚਨਾ ਪੇਪਰ ਲਿਖਿਆ। ਇਸ ਪੇਪਰ ਰਾਹੀਂ ਉਹ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਏ। ਜਲੰਧਰ ਜਦੋਂ ਇਸ ਕਿਤਾਬ 'ਤੇ ਗੋਸ਼ਟੀ ਹੋਈ ਰਜਨੀਸ਼ ਨੇ ਇਹਦੇ ਉੱਤੇ ਪੇਪਰ ਪੜ੍ਹਿਆ। ਉਸ ਪੇਪਰ ਅਤੇ ਕਿਤਾਬ ਉੱਤੇ ਗੱਲਾਂ ਕਰਨ ਲਈ ਦੂਰੋਂ-ਦੂਰੋਂ ਵੱਡੇ ਕੱਦ ਦੇ ਲੇਖਕ ਪਹੁੰਚੇ। ਉਸ ਗੋਸ਼ਟੀ ਵਿਚ ਰਜਨੀਸ਼ ਨੂੰ ਬਤੌਰ ਨਵੇਂ ਆਲੋਚਕ ਦੇ ਤੌਰ ਤੇ ਸਾਹਿਤਕਾਰ ਪਛਾਣਨ ਲੱਗੇ। ਜਦੋਂ ਕਦੇ ਰਜਨੀਸ਼ ਕਿਸੇ ਕਿਤਾਬ ਦਾ ਤਿੱਖਾ ਰੀਵਿਊ ਕਰਦਾ ਤਾਂ ਸਾਹਿਤਕ ਹਲਕਿਆਂ ਵਿੱਚ ਗੱਲਾਂ ਹੋਣ ਲੱਗ ਪੈਂਦੀਆਂ। ਪ੍ਰੇਮ ਪ੍ਰਕਾਸ਼ ਜਦੋਂ ਵੀ 'ਲਕੀਰ' ਲਈ ਕੋਈ ਕਹਾਣੀ ਜਾਂ ਨਾਵਲ ਉੱਤੇ ਬਹਿਸ ਕਰਵਾਉਂਦਾ, ਰਜਨੀਸ਼ ਨੂੰ ਜ਼ਰੂਰ ਸਾਮਿਲ ਕਰਦਾ। ਰਜਨੀਸ਼ ਜਿਹੜੀਆਂ ਵੀ ਟਿੱਪਣੀਆਂ ਕਰਦਾ ਉਸ ਵਿਚ ਗੰਭੀਰਤਾ ਹੁੰਦੀ। ਉਹ ਤਰਕ ਨਾਲ ਅਤੇ ਆਪਣੀ ਮਾਰਕਸਵਾਦੀ ਦ੍ਰਿਸ਼ਟੀ ਨਾਲ ਕਹਾਣੀ-ਨਾਵਲ ਨੂੰ ਸਮਝਣ ਦਾ ਯਤਨ ਕਰਦਾ ਅਤੇ ਆਪਣੇ ਵਿਚਾਰ ਦਿੰਦਾ। ਉਸ ਦੇ ਵਿਚਾਰ ਠੋਸ ਤੇ ਕਠੋਰ ਹੁੰਦੇ। ਉਨ੍ਹਾਂ ਦਿਨ੍ਹਾਂ ਵਿਚ ਇਨ੍ਹਾਂ ਬਹਿਸਾ ਦੀ ਬੜੀ ਚਰਚਾ ਹੁੰਦੀ ਸੀ। ਉਨ੍ਹਾਂ ਬਹਿਸਾ ਵਿੱਚ ਕਿਸੇ ਦੇ ਕੋਈ ਚੂੰਢੀ ਵੱਢ ਦਿੰਦਾ ਤੇ ਕਿਸੇ ਨੂੰ ਪਲੋਸ ਦਿੰਦਾ... ਕਿਸੇ ਦੀ ਚੰਗੀ ਕਹਾਣੀ ਦੀ ਤਰੀਫ਼ ਹੋ ਜਾਂਦੀ... ਕਿਸੇ ਦੀ ਛਿੱਲ ਲੱਥ ਜਾਂਦੀ।

1997 ਵਿਚ ਮੇਰਾ ਕਹਾਣੀ ਸੰਗ੍ਰਹਿ 'ਮੈਂ, ਸ਼ੈਤਾਨ ਤੇ ਇੰਦੂਮਣੀ' ਛਪਿਆ। ਇਸ ਕਿਤਾਬ ਦਾ ਰਜਨੀਸ਼ ਬਹਾਦਰ ਹੁਰਾਂ ਵਿਸ਼ੇਸ਼ ਨੋਟਿਸ ਲਿਆ। ਉਨ੍ਹਾਂ ਦਿਨ੍ਹਾਂ ਵਿਚ ਰਜਨੀਸ਼ ਬਹਾਦਰ ਸਿੰਘ ਨੇ 'ਨਵਾਂ ਜ਼ਮਾਨਾਂ' ਅਖ਼ਬਾਰ ਵਿਚ ਨਵੇਂ ਕਹਾਣੀਕਾਰਾਂ ਬਾਰੇ ਇਕ ਕਾਲਮ ਸ਼ੁਰੂ ਕੀਤਾ ਸੀ। ਇਹ ਕਾਲਮ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਪਛਾਣ ਕਰਨ ਵਾਲਾ ਕਾਲਮ ਸੀ। ਜਿਸ ਵਿਚ ਨਵੇਂ ਕਹਾਣੀਕਾਰਾਂ ਦੀਆਂ ਪਲੇਠੀਆਂ ਕਿਤਾਬਾਂ ਦਾ ਵਿਸ਼ੇਸ਼ ਜ਼ਿਕਰ ਹੁੰਦਾ ਸੀ। ਉਸ ਕਾਲਮ ਵਿਚ ਰਜਨੀਸ਼ ਹੁਰਾਂ ਨੇ 'ਮੈਂ, ਸ਼ੈਤਾਨ ਤੇ ਇੰਦੂਮਣੀ' ਦੇ ਹਵਾਲੇ ਨਾਲ 2003 ਵਿਚ, ਮੇਰੀ ਪਛਾਣ ਬਤੌਰ ਕਹਾਣੀਕਾਰ ਦੇ ਤੌਰ ਤੇ ਗੂੜੀ ਕੀਤੀ। ਰਜਨੀਸ਼ ਹੁਰਾਂ ਨੇ ਇਸ ਕਿਤਾਬ ਦੀਆਂ ਕਹਾਣੀਆਂ ਦਾ ਗਹਿਰਾਈ ਨਾਲ ਅਧਿਐਨ ਕਰਕੇ ਆਪਣੀਆਂ ਕੁਝ ਧਾਰਨਾਵਾਂ ਬਣਾਈਆਂ, ਜਿਹੜੀਆਂ ਧਾਰਨਾਵਾਂ ਉੱਤੇ ਉਹ ਆਪਣੇ ਅੰਤਮ ਸਮੇਂ ਤੱਕ ਖੜਾ ਰਿਹਾ। ਇਕ ਕਹਾਣੀਕਾਰ ਦੇ ਤੌਰ ਤੇ ਮੈਨੂੰ ਉਹ ਪੰਜਾਬੀ ਕਹਾਣੀ ਦੇ ਖੇਤਰ ਵਿਚ ਮੇਰੀ ਕਹਾਣੀ ਦੀਆਂ ਕਲਾਤਮਿਕ ਖੂਬੀਆਂ ਨਾਲ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ।

ਇਸ ਤਰ੍ਹਾਂ ਨਾਲ ਰਜਨੀਸ਼ ਤਕਰੀਬਨ ਦੋ ਦਹਾਕਿਆਂ ਦੇ ਸਮੇਂ ਦੀ ਮੇਰੀ ਕਹਾਣੀ ਨੂੰ ਵਾਚਦਾ ਰਿਹਾ ਏ। ਸਮੇਂ-ਸਮੇਂ ਮੇਰੀਆਂ ਕਹਾਣੀਆਂ ਬਾਰੇ ਜਿਹੜੀਆਂ ਧਾਰਨਾਵਾਂ ਦਿੱਤੀਆਂ, ਜਿਵੇਂ ਉਸ ਨੇ ਸਮਕਾਲ ਦੇ ਪ੍ਰਸੰਗ ਨਾਲ ਵਿਸ਼ਲੇਸ਼ਣ ਕੀਤਾ, ਉਨ੍ਹਾਂ ਧਾਰਨਾਵਾਂ ਤੇ ਵਿਸ਼ਲੇਸ਼ਣ ਨੂੰ ਬਾਅਦ ਵਿੱਚ ਮੇਰੀ ਕਹਾਣੀ ਦਾ ਵਿਸ਼ਲੇਸ਼ਣ ਕਰਨ ਵਾਲਿਆਂ ਲਈ ਨਜ਼ਰ ਅੰਦਾਜ ਕਰਨਾ ਔਖਾ ਸੀ। ਰਜਨੀਸ਼ ਦਾ ਚਿੰਤਨ ਉਨ੍ਹਾਂ ਅੱਗੇ ਵੱਡੀ ਦੀਵਾਰ ਸੀ ਜਿਸ ਨੂੰ ਪਾਰ ਕਰਨ ਲਈ

ਉਸਦੇ ਕੱਦ ਨਾਲੋਂ ਵੱਡਾ ਹੋਣਾ ਜ਼ਰੂਰੀ ਸੀ।

ਇਕ ਦਿਨ ਬੈਠਾ-ਬੈਠਾ ਰਜਨੀਸ਼ ਕਹਿਣ ਲੱਗਾ, "ਤੇਰੀ ਕਿਤਾਬ 'ਮੈਂ ਸ਼ੈਤਾਨ ਤੇ ਇੰਦੂਮਣੀ' 'ਤੇ ਕਿੰਨੇ ਕੁ ਲੇਖ ਲਿਖੇ ਜਾ ਚੁੱਕੇ ਹਨ।"

ਮੈਂ ਕਿਹਾ, "ਚਾਰ ਪੰਜ ਤਾਂ ਲਿਖੇ ਜਾ ਚੁੱਕੇ ਹਨ।"

"ਤੂੰ ਐਂ ਕਰ ਮੈਨੂੰ ਉਹ ਲੇਖ ਦੇ ਜਾਈਂ... ਨਾਲ ਆਪਣੀਆਂ ਦਸ-ਬਾਰਾਂ ਕਿਤਾਬਾਂ ਦੇ ਦਈਂ... ਆਪਾਂ ਇਸ ਕਿਤਾਬ 'ਤੇ ਇਕ ਆਲੋਚਨਾ ਦੀ ਕਿਤਾਬ ਸੰਪਾਦਤ ਕਰਦੇ ਹਾਂ। ਲੇਖ ਮੈਂ ਆਪੇ ਹੀ ਲਿਖਵਾ ਲਊ। ਤੂੰ ਕਿਤਾਬ ਛਾਪ ਲਵੀਂ।"

ਲਓ ਜੀ ਰਜਨੀਸ਼ ਮੇਰੇ ਉੱਤੇ ਆਲੋਚਨਾ ਦੀ ਕਿਤਾਬ ਤਿਆਰ ਕਰਨ ਲੱਗ ਪਿਆ। ਜੋ ਮੈਂ ਉਹਨੂੰ ਲੇਖ ਦਿੱਤੇ ਸਨ ਉਨ੍ਹਾਂ ਵਿੱਚੋਂ ਤਿੰਨ ਕੁ ਰੱਦ ਕਰ ਦਿੱਤੇ ਅਤੇ ਉਸ ਨੇ ਉਚੇਚਾ ਯਤਨ ਕਰਕੇ ਡਾ. ਗੁਰਲਾਲ ਸਿੰਘ, ਡਾ. ਕੁਲਵੰਤ ਸਿੰਘ ਸੰਧੂ, ਡਾ. ਹਰਜਿੰਦਰ ਸਿੰਘ ਅਟਵਾਲ, ਡਾ. ਗੋਪਾਲ ਸਿੰਘ ਬੁੱਟਰ, ਪ੍ਰੋ. ਨਰਿੰਦਰ ਸਿੰਘ ਨੇਬ, ਡਾ. ਅਨੁਰਾਗ ਸ਼ਰਮਾ ਆਦਿ ਕੋਲੋਂ ਕਿਤਾਬ 'ਤੇ ਲੇਖ ਲਿਖਵਾਏ। ਤੇ ਰਜਨੀਸ਼ ਨੇ 2003 ਵਿੱਚ ਮੇਰੇ ਉੱਤੇ ਇਕ ਆਲੋਚਨਾ ਦੀ ਕਿਤਾਬ ਸੰਪਾਦਤ ਕਰ ਦਿੱਤੀ, 'ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ'। ਉਸ ਤੋਂ ਪਹਿਲਾ ਰਜਨੀਸ਼ ਬਹਾਦਰ ਦੀ ਇਕ ਆਲੋਚਨਾ ਦੀ ਕਿਤਾਬ 'ਗਲਪ ਅਧਿਐਨ' ਛਪ ਚੁੱਕੀ ਸੀ। ਅਤੇ ਇਕ ਕਿਤਾਬ ਯਾਤਰਾ ਸੰਸਮਰਣ ਦੀ 'ਪਰਬਤਾਂ ਸੰਗ ਸੰਵਾਦ' ਵੀ ਛਪੀ ਸੀ। ਉਨ੍ਹਾਂ ਦਿਨ੍ਹਾਂ ਵਿਚ ਰਜਨੀਸ਼ ਜਿੱਥੇ ਵੀ ਕਹਾਣੀ ਬਾਰੇ ਪਰਚਾ ਪੜ੍ਹਨ ਜਾਂਦਾ ਜਾਂ ਸਮਕਾਲੀ ਕਹਾਣੀ ਬਾਰੇ ਪੇਪਰ ਲਿਖਦਾ ਤਾਂ ਮੇਰਾ ਉਚੇਚਾ ਜ਼ਿਕਰ ਕਰਦਾ। ਬਤੌਰ ਕਹਾਣੀਕਾਰ ਮੇਰੀ ਪਛਾਣ ਬਣਾਉਣ ਵਿਚ ਰਜਨੀਸ਼ ਦਾ ਬਹੁਤ ਅਹਿਮ ਯੋਗਦਾਨ ਏ।

****

ਮੈਂ ਰਜਨੀਸ਼ ਹੁਰਾਂ ਨੂੰ ਅਕਸਰ ਮਿਲ ਪੈਂਦਾ ਸਾਂ। ਉਹ ਸ਼ੁਰੂ ਤੋਂ ਹੀ ਨਿਰਉਚੇਚ ਮਿਲਦਾ ਸੀ। ਉਹਨੂੰ ਅਕਸਰ ਮੈਂ ਘਰੋਂ ਬਾਹਰ ਕੋਟ-ਪੈਂਟ ਟਾਈ ਨਾਲ ਐਨ ਫਿੱਟ... ਅਤੇ ਘਰ ਅੰਦਰ ਸਧਾਰਨ ਖੱਦਰ ਦੇ ਕੁੜਤੇ-ਪਜਾਮੇ ਵਿੱਚ ਸਾਹਿਤ ਦੀਆਂ ਗੱਲਾਂ ਕਰਦਿਆਂ ਹੀ ਵੇਖਿਆ। ਕਦੇ ਕਦੇ ਅਸੀਂ ਪਰਿਵਾਰਕ ਗੱਲਾਂ ਵੀ ਕਰ ਲੈਂਦੇ। ਮੇਰੇ ਉਦੋਂ ਸੰਘਰਸ਼ ਦੇ ਦਿਨ ਸਨ। ਡੀ. ਏ. ਵੀ. ਕਾਲਜ ਦੇ ਪੰਜਾਬੀ ਵਿਭਾਗ ਵਿਖੇ ਜਦੋਂ ਕਦੇ ਮਿਲਣ ਜਾਣਾ ਤਾਂ ਉਹ ਕਹਾਣੀ ਅਤੇ ਸਾਹਿਤ ਪ੍ਰਤੀ ਬੜੇ ਉਤਸ਼ਾਹ ਨਾਲ ਗੱਲਾਂ ਕਰਦਾ। ਅਸੀਂ ਕਾਲਜ ਦੀ ਕੰਟੀਨ ਵਿਚ ਚਾਹ ਦੀਆਂ ਚੁਸਕੀਆਂ ਨਾਲ ਸਮਕਾਲੀ ਕਹਾਣੀ ਤੇ ਸੰਵਾਦ ਰਚਾਉਂਦੇ। ਰਜਨੀਸ਼ ਨਵੀਂ ਲਿਖੀ ਜਾ ਰਹੀ ਕਹਾਣੀ ਬਾਰੇ ਤਿੱਖੀਆਂ ਗੱਲਾਂ ਕਰਦਾ। ਉਨ੍ਹਾਂ ਦਿਨ੍ਹਾਂ ਵਿਚ ਮੇਰੇ ਸਮੇਤ ਤਕਰੀਬਨ ਇਕ ਦਰਜਨ ਕਹਾਣੀਕਾਰ ਕਹਾਣੀਆਂ ਲਿਖ ਕੇ ਆਪਣੀ ਪਛਾਣ ਬਣਾਉਣ ਲਈ ਤਰਲੋਮੱਛੀ ਹੋ ਰਹੇ ਸਨ। ਕਈਆਂ ਦੀਆਂ ਪਲੇਠੀਆਂ ਕਿਤਾਬਾਂ ਛਪ ਚੁੱਕੀਆਂ ਸਨ। ਰਜਨੀਸ਼ ਸਾਡੀਆਂ ਕਹਾਣੀਆਂ ਨੂੰ ਪੜ੍ਹਦਾ ਅਤੇ ਉਨ੍ਹਾਂ ਉੱਤੇ ਟਿੱਪਣੀ ਵੀ ਕਰਦਾ। ਉਹਨੂੰ ਉਸ ਸਮੇਂ ਵੀ ਸਾਰੀਆਂ ਕਹਾਣੀਆਂ ਦੇ ਨਾਂ, ਪਾਤਰਾਂ ਦੇ ਨਾਂ... ਉਨ੍ਹਾਂ ਦੇ ਵਿਸ਼ੇ ਅਤੇ ਕਹਾਣੀਆਂ ਦੀ ਖ਼ੂਬੀਆਂ ਅਤੇ ਕਮਜ਼ੋਰੀਆਂ ਦਾ ਚੇਤਾ ਹੁੰਦਾ ਸੀ। ਉਹ ਬੇਬਾਕ ਟਿੱਪਣੀਆਂ ਕਰਦਾ ਝਿਜਕਦਾ ਨਹੀਂ ਸੀ ਨਾ ਹੀ ਕਿਸੇ ਕੋਲੋਂ ਭੈਅ ਖਾਂਦਾ ਸੀ। ਉਸ ਦੀ ਇਹ ਸਪੱਸ਼ਟ ਆਦਤ ਅੰਤ ਤੱਕ ਬਣੀ ਰਹੀ।

1998 ਵਿੱਚ ਮੇਰਾ ਨਾਨਾ ਮੇਰੇ ਉੱਤੇ ਵਿਆਹ ਦਾ ਜ਼ੋਰ ਪਾਉਣ ਲੱਗ ਪਿਆ। ਮੇਰੀ

ਦੋਸਤੀ ਉਨ੍ਹਾਂ ਦਿਨ੍ਹਾਂ ਵਿਚ ਸਰੋਜ ਨਾਲ ਚੱਲ ਰਹੀ ਸੀ। ਉਹ ਰਜਨੀਸ਼ ਬਹਾਦਰ ਕੋਲ ਐਮ. ਏ. ਪੰਜਾਬੀ ਕਰ ਰਹੀ ਸੀ। ਨਵੰਬਰ, 1998 ਵਿਚ ਨਾਨੇ ਨੇ ਜ਼ੋਰ ਪਾ ਕੇ ਮੇਰਾ ਵਿਆਹ ਪਿੰਡ ਰਸੂਲਪੁਰੀ ਰੱਖ ਦਿੱਤਾ। ਮੈਂ ਆਪਣਾ ਵਿਆਹ ਨਾਨਕੇ ਪਿੰਡ ਧਰਮਪੁਰੇ ਕਰਵਾਉਣਾ ਚਾਹੁੰਦਾ ਸੀ। ਮੇਰਾ ਜਲੰਧਰ ਦੋਸਤਾਂ ਦਾ ਸਰਕਲ ਬਣਿਆ ਹੋਇਆ ਸੀ। ਆਪਣੇ ਵਿਆਹ ਉੱਤੇ ਮੈਂ ਝਿਜਕਦਾ-ਝਿਜਕਦਾ ਰਜਨੀਸ਼ ਬਹਾਦਰ ਨੂੰ ਉਸ ਦੇ ਜੇ. ਪੀ. ਨਗਰ ਵਾਲੇ ਘਰ ਕਾਰਡ ਦੇਣ ਗਿਆ। ਮੈਨੂੰ ਵੇਖ ਕੇ ਰਜਨੀਸ਼ ਖਿੜ ਗਿਆ, 'ਓ... ਆ ਬਈ.. ਨੌਜਵਾਨ ਕਹਾਣੀਕਾਰਾਂ।" ਮੈਨੂੰ ਉਹ ਬੜੀ ਅਪਣੱਤ ਨਾਲ ਮਿਲਿਆ। ਉਸ ਦੀ ਪਤਨੀ ਨੂੰ ਮੈਂ ਪਹਿਲੀ ਵਾਰ ਵੇਖਿਆ। ਉਹ ਸਾਨੂੰ ਪਾਣੀ ਦੇ ਗਈ। ਸ਼ੈਂਕੀ ਅਜੇ ਛੋਟਾ ਸੀ। ਫਿਰ ਉਸ ਦੀ ਪਤਨੀ ਸਾਨੂੰ ਦੋ ਕੱਪਾਂ ਵਿੱਚ ਚਾਹ ਤੇ ਬਿਸਕੁਟ ਦੇ ਗਈ। ਮੈਂ ਲੱਡੂਆਂ ਦਾ ਡੱਬਾ ਤੇ ਕਾਰਡ ਦੇ ਕੇ ਆਪਣੇ ਵਿਆਹ ਦਾ ਸੱਦਾ ਰਜਨੀਸ਼ ਹੁਰਾਂ ਨੂੰ ਦਿੱਤਾ। ਉਨ੍ਹਾਂ ਮੈਨੂੰ ਮੁਬਾਰਕਾਂ ਦਿੱਤੀਆਂ। ਮੈਂ ਝਿਜਕਦੇ ਨੇ ਕਿਹਾ ਕਿ "ਡਾਕਟਰ ਸਾਹਿਬ ਜਿਹਦੇ ਨਾਲ ਮੇਰਾ ਵਿਆਹ ਹੋ ਰਿਹਾ ਏ... ਉਹ ਤੁਹਾਡੀ ਸਟੂਡੈਂਟ ਰਹੀ ਏ... ਉਸ ਨੇ ਐਮ. ਏ. ਪੰਜਾਬੀ ਤੁਹਾਡੇ ਕੋਲੋਂ ਕੀਤੀ ਏ।"

"ਅੱਛਾ! ਕੀ ਨਾਂ ਏ ਉਹਦਾ।"

"ਜੀ ਸਰੋਜ ਰਾਣੀ।" ਮੈਂ ਝਿਜਕਦੇ ਨੇ ਕਿਹਾ।

"ਸਰੋਜ ਰਾਣੀ...!" ਉਸ ਨੇ ਦਿਮਾਗ਼ ਉੱਤੇ ਜ਼ੋਰ ਪਾਇਆ। ਕੋਈ ਵੀ ਚਿਹਰਾ ਉਹਦੇ ਜ਼ਿਹਨ ਵਿੱਚ ਨਹੀਂ ਆ ਰਿਹਾ ਸੀ। "ਦਰਅਸਲ 60-70 ਬੱਚਿਆਂ ਦੀ ਕਲਾਸ ਵਿੱਚ ਉਹ ਚਿਹਰੇ ਤੁਹਾਡੇ ਚੇਤੇ ਰਹਿੰਦੇ ਨੇ ਜਿਹੜੇ ਤਾਂ ਬਹੁਤ ਹੁਸ਼ਿਆਰ ਹੁੰਦੇ ਨੇ...ਟੌਪ ਕਰਦੇ ਨੇ ਜਾਂ ਐਵੇਂ ਉੱਠ ਕੇ ਤੁਹਾਨੂੰ ਸਵਾਲ-ਜਵਾਬ ਕਰਦੇ ਨੇ... ਜਾਂ ਫਿਰ ਉਹ ਚੇਤੇ ਰਹਿੰਦੇ ਨੇ... ਜਿਹੜੇ ਸ਼ਰਾਰਤੀ ਹੁੰਦੇ ਨੇ... ਨਾਲੇ ਮੈਂ ਪੜ੍ਹਾਉਣ ਵੱਲ ਵੱਧ ਧਿਆਨ ਦਿੰਦਾ ਹਾਂ... ਕਲਾਸ ਵਿਚ ਜਾਈਦਾ ਏ... ਪੜ੍ਹਾ ਕੇ ਚਲੇ ਜਾਈਦਾ ਏ... ਹਾਜ਼ਰੀ ਵਗੈਰਾ ਮੈਂ ਕਦੇ ਪੀਰੀਅਡ ਵਿਚ ਲਾਉਂਦਾ ਨਹੀਂ... ਇਹ ਤਾਂ ਐਵੇਂ ਫਾਰਮੈਲਟੀ ਹੁੰਦੀ ਏ... ਸਾਡੇ ਕਈ ਟੀਚਰ ਅੱਧਾ ਪੀਰਡ ਹਾਜ਼ਰੀ 'ਤੇ ਖਰਾਬ ਕਰ ਦਿੰਦੇ ਨੇ ਬਾਕੀ ਅੱਧਾ ਗੱਲਾਂ ਕਰਕੇ ਖਰਾਬ ਕਰ ਦਿੰਦੇ ਨੇ... ਮੇਰਾ ਮੁੱਖ ਕੰਮ ਪੜ੍ਹਾਉਣਾ ਹੁੰਦਾ ਏ।" ਰਜਨੀਸ਼ ਬੋਲਦਾ ਗਿਆ ਸੀ। ਫਿਰ ਚਾਹ ਪੀਂਦਾ ਬੋਲਿਆ,

"ਹਾਂ... ਹਾਂ... ਯਾਰ ਇਕ ਪਤਲੀ ਜਿਹੀ ਕੁੜੀ ਹੁੰਦੀ ਸੀ... ਕਲਾਸ ਵਿਚ ਚੁੱਪ-ਚਾਪ ਬੈਠੀ ਰਹਿੰਦੀ ਸੀ। ਮੈਂ ਜੋ ਬੋਲਦਾ ਉਹ ਨੋਟ ਕਰਦੀ ਰਹਿੰਦੀ ਸੀ। ਸ਼ਾਇਦ ਉਹੋ ਹੋਵੇ।"

ਫਿਰ ਰਜਨੀਸ਼ ਉਚੇਚੇ ਤੌਰ 'ਤੇ ਮੇਰੇ ਵਿਆਹ ਤੋਂ ਇਕ ਦਿਨ ਬਾਅਦ ਪਾਰਟੀ ਉੱਤੇ ਮੇਰੇ ਪਿੰਡ ਰਸੂਲਪੁਰ ਆਇਆ। ਗੁਰਮੀਤ ਕੜਿਆਲਵੀ, ਬਿੰਦਰ ਬਸਰਾ, ਅਜਮੇਰ ਸਿੱਧੂ, ਕਾਲੀ, ਅਜੈ ਸ਼ਰਮਾ ਤੇ ਦਵਿੰਦਰ ਮੰਡ ਵੀ ਪਹੁੰਚੇ ਸਨ। ਰਜਨੀਸ਼, ਸਰੋਜ ਨੂੰ ਮਿਲਿਆ, ਬੜਾ ਖੁਸ਼ ਹੋਇਆ। ਕਹਿਣ ਲੱਗਾ, "ਲੈ ਬਈ ਸਰੋਜ! ਤੂੰ ਤਾਂ ਪਛਾਣ ਈ ਨ੍ਹੀਂ ਹੁੰਦੀ। ਜਦੋਂ ਕਾਲਜ ਮੇਰੇ ਕੋਲ ਪੜ੍ਹਦੀ ਸੀ ਐਵੇਂ ਹਲਕੀ ਜਿਹੀ ਸੀ... ਜਦੋਂ ਭਗਵੰਤ ਨੇ ਮੈਨੂੰ ਦੱਸਿਆ ਬਈ ਤੁਹਾਡੀ ਵਿਦਿਆਰਥਣ ਏ... ਸੱਚੀ ਗੱਲ ਐ ਤੇਰੀ ਸ਼ਕਲ ਮੇਰੇ ਜ਼ਿਹਨ ਵਿਚ ਆ ਨ੍ਹੀਂ ਸੀ ਰਹੀ।"

ਸਰੋਜ ਕਹਿਣ ਲੱਗੀ, "ਸਰ ਜੀ! ਸਾਰੇ ਟੀਚਰਾਂ ਵਿੱਚੋਂ ਤੁਸੀਂ ਹੀ ਸਭ ਤੋਂ ਵਧੀਆਂ ਪੜ੍ਹਾਉਂਦੇ ਸੀ। ਸਾਰਾ ਕੁਝ ਮੂੰਹ ਜ਼ੁਬਾਨੀ... ਬਾਕੀ ਤਾਂ ਨੋਟਸ ਵੇਖ ਵੇਖ ਬੋਲ ਕੇ ਚਲੇ ਜਾਂਦੇ ਸੀ।"

ਜਦੋਂ ਸਰੋਜ ਦੀ ਨੌਕਰੀ ਮਹਿਤਪੁਰ ਦੇ ਨੇੜੇ ਕਿਸੇ ਸਕੂਲ ਵਿਚ ਲੱਗ ਗਈ ਤਾਂ ਮੈਂ ਪਿੰਡ

ਰਸੂਲਪੁਰ ਛੱਡ ਦਿੱਤਾ ਤੇ ਨਾਨਕੇ ਘਰ ਰਹਿਣ ਲੱਗ ਪਿਆ। ਘਰ ਦੇ ਮੋਹਰੇ ਰੋਡ ਤੇ ਦੁਕਾਨ ਬਣਾ ਲਈ ਅਤੇ ਮੈਨੂੰ ਕੰਪਿਊਟਰ ਲੈ ਦਿੱਤੇ। ਮੈਂ ਪ੍ਰਿੰਟਿੰਗ ਦਾ ਕੰਮ ਕਰਨ ਲੱਗ ਪਿਆ। ਉਨ੍ਹਾਂ ਦਿਨ੍ਹਾਂ ਵਿੱਚ ਰਜਨੀਸ਼ ਬਹਾਦਰ 'ਪ੍ਰਵਚਨ' ਦਾ ਸੰਪਾਦਕੀ ਕਾਰਜ ਕਰਨ ਦੀ ਤਿਆਰੀ ਕਰ ਰਿਹਾ ਸੀ। ਸਵਰਨ ਚੰਦਨ 'ਸਾਹਿਤਕ ਸੂਰਜ' ਬੰਦ ਕਰਕੇ ਇੰਗਲੈਂਡ ਪਰਤ ਗਿਆ ਅਤੇ ਉਥੇ ਜਾ ਕੇ ਉਸ ਨੇ 'ਪ੍ਰਵਚਨ' ਨਾਂ ਦਾ ਪਰਚਾ ਸੰਪਾਦਤ ਕਰਨ ਦੀ ਵਿਉਂਤ ਤਿਆਰ ਕਰ ਲਈ ਸੀ। ਅਕਤੂਬਰ-ਦਸੰਬਰ, 2000 'ਪ੍ਰਵਚਨ' ਦਾ ਪਹਿਲਾ ਅੰਕ ਛਪ ਕੇ ਆ ਗਿਆ। ਉਦੋਂ ਇਸ ਦਾ ਮੁੱਲ 15 ਰੁਪਏ ਸੀ। ਡਾ. ਸਵਰਨ ਚੰਦਨ ਉਸ ਦਾ ਮੁੱਖ ਸੰਪਾਦਕ ਸੀ ਤੇ ਇੰਡੀਆ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੂੰ ਸੰਪਾਦਕ ਬਣਾਇਆ ਗਿਆ ਸੀ। ਪਰਚੇ ਦੇ ਦੋ ਅੰਕ ਰਜਿੰਦਰ ਬਿੰਮਲ ਨੇ ਛਾਪੇ ਅਤੇ ਤੀਜੇ ਅੰਕ ਲਈ ਰਜਨੀਸ਼ ਨੇ ਮੇਰੇ ਨਾਲ ਸਲਾਹ ਕੀਤੀ। ਮੈਂ ਉਦੋਂ ਕਿਤਾਬਾਂ ਅਤੇ ਪਰਚਿਆਂ ਨੂੰ ਤਿਆਰ ਕਰਨ ਅਤੇ ਛਾਪਣ ਦਾ ਕੰਮ ਕਰਨ ਲੱਗ ਪਿਆ ਸੀ। ਅਪ੍ਰੈਲ-ਜੂਨ, 2001 ਅੰਕ-3 ਤੋਂ ਮੈਂ ਰਜਨੀਸ਼ ਹੁਰਾਂ ਦਾ ਪਰਚਾ 'ਪ੍ਰਵਚਨ' ਛਾਪਣਾ ਸ਼ੁਰੂ ਕਰ ਦਿੱਤਾ। ਉਦੋਂ ਰਜਨੀਸ਼ ਨੇ ਪਰਚੇ ਦਾ ਆਖਰੀ ਪੰਨਾ ਆਪਣੇ ਨਾਂ ਹੇਠ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਸੇ ਅੰਕ ਵਿਚ ਰਜਨੀਸ਼ ਨੇ ਲਿਖਿਆ ਸੀ, "ਆਲੋਚਨਾ ਦੀਆਂ ਵੱਖੋ-ਵੱਖਰੀਆਂ ਦ੍ਰਿਸ਼ਟੀਆਂ ਅਤੇ ਮਿਆਰੀ ਕਿਰਤਾਂ ਦੀ ਪੇਸ਼ਕਾਰੀ ਪ੍ਰਵਚਨ ਦਾ ਐਲਾਨਨਾਮਾ ਹੈ। ਸਾਡਾ ਮੂਲ ਮਨੋਰਥ ਭਾਵੇਂ ਸਾਹਿਤ ਦੀ ਵਿਆਖਿਆ ਨਾਲ ਜੁੜਿਆ ਹੋਇਆ ਹੈ। ਪਰੰਤੂ ਹਰ ਪ੍ਰਕਾਰ ਦੀਆਂ ਮਿਆਰੀ ਕਿਰਤਾਂ ਦੀ ਪੇਸ਼ਕਾਰੀ ਵੀ ਸਾਡਾ ਫਰਜ਼ ਹੈ। 'ਪ੍ਰਵਚਨ' ਦੀ ਹੋਂਦ ਅਤੇ ਇਸ ਦੀ ਭੂਮਿਕਾ ਨੂੰ ਲੈ ਕੇ ਕਈ ਲੋਕਾਂ ਨੇ ਕੁਝ ਪ੍ਰਸ਼ਨ ਉਠਾਏ ਹਨ। ਅਸੀਂ ਆਲੋਚਨਾ ਨੂੰ ਪੱਖਪਾਤ ਤੋਂ ਮੁਕਤ ਕਰਾਉਣ ਲਈ ਵੀ ਯਤਨਸ਼ੀਲ ਹਾਂ। ਫੋਕੀਆਂ ਤਰੀਫਾਂ ਵਿਚ ਸਾਡਾ ਵਿਸ਼ਵਾਸ ਨਹੀਂ ਹੈ। ਪਿਛਲੇ ਸਮੇਂ ਉੱਭਰ ਕੇ ਆਈ ਆਲੋਚਨਾ ਕਈ ਪ੍ਰਕਾਰ ਦੀਆਂ ਭ੍ਰਾਂਤੀਆਂ ਦੀ ਸ਼ਿਕਾਰ ਹੋ ਰਹੀ ਹੈ। ਕੁਝ ਆਲੋਚਕ ਸਨਸਨੀਖੇਜ ਸਿਰਲੇਖ ਕੱਢ ਕੇ ਦਿਸ਼ਾਹੀਣ ਗੱਲਾਂ ਕਰਨ ਵੱਲ ਅਗਰਸਰ ਰਹੇ ਹਨ। ਉਹਨਾਂ ਕੋਲ ਨਾ ਕੋਈ ਦ੍ਰਿਸ਼ਟੀ ਹੈ ਨਾ ਇਤਿਹਾਸਕ ਪ੍ਰਸੰਗ ਅਤੇ ਚੇਤਨਾ। ਅਜਿਹੀ ਆਲੋਚਨਾ ਕੁਝ ਭੁਲੇਖਾ ਗ੍ਰਸਤ ਲੇਖਕਾਂ ਨੂੰ ਥੋੜ੍ਹੇ ਸਮੇਂ ਦੀ ਖੁਸ਼ੀ ਤਾਂ ਬਖਸ਼ ਸਕਦੀ ਹੈ ਪਰੰਤੂ ਨਾ ਹੀ ਸਾਹਿਤ ਦਾ ਕੁਝ ਸੁਆਰ ਸਕਦੀ ਹੈ ਅਤੇ ਨਾ ਹੀ ਲੇਖਕ ਦੀ ਕਲਾਤਮਕ ਪ੍ਰਤਿਭਾ ਨੂੰ ਨਿਖਾਰ ਸਕਦੀ ਹੈ।"

'ਪ੍ਰਵਚਨ' ਦੇ ਬਹਾਨੇ ਸਾਡੀ ਨੇੜਤਾ ਹੋਰ ਗੂੜੀ ਹੋਣ ਲੱਗ ਪਈ। ਮੈਂ ਅਕਸਰ ਹੀ ਰਜਨੀਸ਼ ਕੋਲੋਂ ਪਰਚੇ ਦਾ ਮੈਟਰ ਲੈਣ ਉਹਦੇ ਘਰ ਚਲੇ ਜਾਂਦਾ... ਫਿਰ ਸਾਰੇ ਮੈਟਰ ਨੂੰ ਕੰਪੋਜ਼ ਕਰਕੇ ਪਰੂਫ਼ ਵੀ ਦੇ ਆਉਂਦਾ। ਉਦੋਂ ਉਹ 478 ਜੇ. ਪੀ. ਨਗਰ ਜਲੰਧਰ ਕਿਰਾਏ ਉੱਤੇ ਰਹਿੰਦਾ ਸੀ। ਕੋਠੀ ਦੇ ਉਪਰਲੇ ਭਾਗ ਵਿਚ ਰਜਨੀਸ਼ ਰਹਿੰਦਾ ਸੀ। ਮੈਂ ਝਟ ਪੌੜੀਆਂ ਚੜ੍ਹ ਕੇ ਉਹਦੇ ਕੋਲ ਚਲੇ ਜਾਂਦਾ ਸਾਂ। ਕਦੇ ਕਦੇ ਉਹ ਵੀ ਆ ਕੇ ਮੈਟਰ ਦੇ ਜਾਂਦਾ। ਮੈਂ ਜਦੋਂ ਜਾਂਦਾ ਤਾਂ ਉਹ ਚਾਹ ਜ਼ਰੂਰ ਪਿਆਉਂਦਾ। ਅਸੀਂ ਗੱਲਾਂ ਕਰਦੇ ਤਾਂ ਟੇਬਲ ਤੇ ਦੋ ਚਾਹ ਦੇ ਕੱਪ ਆ ਜਾਂਦੇ। ਉਨ੍ਹਾਂ ਦਿਨ੍ਹਾਂ ਵਿੱਚ ਮਨਿੰਦਰ ਕਾਂਗ ਨੇ ਇਹ ਗੱਲ ਉਡਾ ਦਿੱਤੀ ਕਿ ਰਜਨੀਸ਼ ਦੇ ਘਰ ਜਦੋਂ ਵੀ ਕੋਈ ਦਲਿਤ ਲੇਖਕ ਜਾਂਦਾ ਏ, ਉਹਨੂੰ ਚਾਹ ਜਾਂ ਪਾਣੀ ਵੱਖਰੇ ਭਾਂਡੇ ਵਿੱਚ ਦਿੰਦਾ ਏ। ਜਲੰਧਰ ਦੇ ਸਹਿਤਕ ਹਲਕਿਆਂ ਵਿੱਚ ਇਹ ਗੱਲ ਅੱਗ ਵਾਂਗ ਫੈਲ ਗਈ। ਇਹ ਗੱਲ ਰਜਨੀਸ਼ ਤੱਕ ਵੀ ਪਹੁੰਚ ਗਈ। ਉਹਦਾ ਮਨ ਦੁਖੀ ਹੋਇਆ। ਉਹਨੇ ਕਾਂਗ ਨੂੰ ਲੰਮੇ ਹੱਥੀ ਵੀ ਲਿਆ। ਇਕ ਦਿਨ

ਰਜਨੀਸ਼ ਮੇਰੇ ਧਰਮਪੁਰੇ ਸਥਿਤ ਦਫ਼ਤਰ ਆ ਕੇ 'ਪ੍ਰਵਚਨ' ਦੀ ਸੈਟਿੰਗ ਕਰਵਾ ਰਿਹਾ ਸੀ। ਮੈਂ ਘਰੋਂ ਦੋ ਪਾਣੀ ਦੇ ਗਿਲਾਸ ਤੇ ਚਾਹ ਲਿਆ ਰੱਖੀ... ਗੱਲਾਂ ਕਾਂਗ ਦੀਆਂ ਚੱਲ ਪਈਆਂ। ਰਜਨੀਸ਼ ਕਹਿਣ ਲੱਗਾ, "ਮਨਿੰਦਰ ਕਹਾਣੀ ਤਾਂ ਚੰਗੀ ਲਿਖ ਲੈਂਦਾ ਏ.. ਪਰ ਵਿਹਾਰ ਦਾ ਬੜਾ ਘਟੀਆਂ ਐ... ਵੇਖ ਨਾ ਮੇਰੇ ਬਾਰੇ ਕਹਿ ਰਿਹਾ ਕਿ ਰਜਨੀਸ਼ ਨੇ ਆਪਣੇ ਘਰ ਦਲਿਤਾਂ ਦੇ ਭਾਂਡੇ ਵੱਖਰੇ ਰੱਖੇ ਹੋਏ ਨੇ... ਤੂੰ ਮੇਰੇ ਘਰ ਕਿੰਨੀ ਵਾਰੀ ਆਇਆ ? ਤੈਨੂੰ ਕਦੀ ਲੱਗਾ ਬਈ ਮੈਂ ਤੈਨੂੰ ਵੱਖਰੇ ਭਾਂਡੇ ਵਿੱਚ ਚਾਹ-ਪਾਣੀ ਦਿੰਦਾ ਹਾਂ। ਇਹੋ ਜਿਹੇ ਬੰਦੇ ਅਸਲ ਵਿਚ ਕੁੰਠਿਤ ਮਾਨਸਿਕਤਾ ਦਾ ਸ਼ਿਕਾਰ ਹਨ। ਆਪਣੀ ਕਿੜ ਕੱਢਣ ਲਈ ਦੂਜੇ ਬੰਦੇ ਨੂੰ ਬਦਨਾਮ ਕਰਦੇ ਨੇ। " ਰਜਨੀਸ਼ ਦੀ ਗੱਲ ਸੱਚੀ ਸੀ। ਮੈਂ ਤਾਂ ਅਨੇਕਾਂ ਵਾਰ ਉਹਦੇ ਘਰ ਗਿਆ ਸੀ। ਬਾਅਦ ਵਿੱਚ ਰਸੀਲਾ ਨਗਰ ਵਾਲੀ ਕੋਠੀ ਵੀ ਜਾਂਦਾ ਰਿਹਾ ਸਾਂ। ਮੈਨੂੰ ਇਕ ਵਾਰੀ ਵੀ ਅਹਿਸਾਸ ਨਹੀਂ ਹੋਇਆ। ਜਦੋਂ ਰਜਨੀਸ਼ ਮੇਰੇ ਕੋਲ ਆਉਂਦਾ ਤਾਂ ਮੈਂ ਨਾਨਕੇ ਘਰੋਂ ਪਾਣੀ ਲੈ ਕੇ ਆਉਂਦਾ। ਅਸੀਂ ਇਕੱਠਾ ਬੈਠ ਕੇ ਦਫ਼ਤਰ ਚਾਹ ਵੀ ਪੀਂਦੇ। ਅਜਿਹੀ ਗੱਲ ਵਿੱਚ ਤਾਂ ਇਕ ਪ੍ਰਤੀਸ਼ਤ ਵੀ ਵਜ਼ਨ ਨਹੀਂ ਸੀ।

ਜਦੋਂ ਕਦੇ ਮੈਂ ਏਧਰ ਓਧਰ ਗਿਆ ਹੁੰਦਾ ਤਾਂ ਰਜਨੀਸ਼ ਮੇਰੇ ਦਫ਼ਤਰ ਆ ਜਾਂਦਾ... ਟਾਇਮ ਪਾਸ ਕਰਨ ਲਈ ਮੇਰੇ ਵੱਡੇ ਮਾਮੇ ਨਾਲ ਗੱਲਾਂ ਕਰਨ ਲੱਗ ਜਾਂਦਾ। ਇਹ ਮਾਮਾ ਰਾਮ ਰਤਨ ਮਾਨਸਿਕ ਰੋਗੀ ਸੀ। ਸਾਰਾ ਦਿਨ ਮੇਰੇ ਦਫ਼ਤਰ ਬਾਹਰ ਪਿਲਕਣ ਹੇਠ ਬੈਠਾ ਆਪੇ ਗੱਲਾਂ ਕਰਦਾ ਰਹਿੰਦਾ। ਜੇ ਕੋਈ ਆ ਜਾਵੇ ਤਾਂ ਉਹਦੇ ਨਾਲ ਜੱਕੜ ਮਾਰਨ ਲੱਗ ਜਾਂਦਾ। ਰਜਨੀਸ਼ ਨਾਲ ਵੀ ਉਹ ਗੱਲਾਂ ਕਰਨ ਲੱਗ ਪੈਂਦਾ ਸੀ..."ਬਾਬੂ ਜੀ! ਆਪਾਂ ਕੋਲ ਸਾਰੀਆਂ ਰਿਪੋਟਾਂ ਪਹੁੰਚ ਜਾਂਦੀਆਂ। ਆਹ ਘੜੀ ਵੇਖਦੇ ਹੋ... ਇਹਦੇ 'ਚ ਵਾਇਰਲੈਸ ਆ... ਏਥੇ ਬੈਠੇ ਨੂੰ ਅਮਰੀਕਾ ਦੀਆਂ ਖ਼ਬਰਾਂ ਪਹੁੰਚ ਜਾਂਦੀਆਂ... ਸੱਦਾਮ ਹੁਸੈਨ ਨਾਲ ਤਾਂ ਮੇਰੀ ਰੋਜ਼ ਗੱਲ ਹੁੰਦੀ ਐ... ਮੇਮਾ ਤਾਂ ਆਪਣੇ ਮਗਰ ਮਗਰ ਫਿਰਦੀਆਂ... ਭਾਵੇਂ ਕੱਲ੍ਹ ਚਾਰ ਲੈ ਆਵਾਂ (ਹੱਸ ਪੈਂਦਾ) ਇਕ ਮੇਮ ਮੈਨੂੰ ਡੁਬੱਈ ਮਿਲੀ... ਕਹਿੰਦੀ ਮੈਂ ਤਾਂ ਤੇਰੇ ਨਾਲ ਈ ਰਹਿਣਾ... ਮੈਂ ਡਰ ਗਿਆ, ਘਰ ਭਾਪੇ ਨੇ ਡਾਂਗ ਚੁੱਕ ਲੈਣੀ ਐ ।" ਮਾਮਾ ਇਸ ਤਰ੍ਹਾਂ ਦੇ ਜੱਕੜ ਮਾਰਦਾ ਰਹਿੰਦਾ। ਰਜਨੀਸ਼ ਸੁਣਦਾ ਰਹਿੰਦਾ। ਜਦੋਂ ਮੈਂ ਆ ਜਾਂਦਾ ਤਾਂ ਕਹਿੰਦਾ, "ਭਗਵੰਤ ਤੇਰਾ ਮਾਮਾ ਤਾਂ ਕਮਾਲ ਦਾ ਬੰਦਾ... ਇਹਦੇ ਕੋਲ ਬੜੀ ਨਾਲਜ ਏ... ਤੂੰ ਜਿਹੜੀ ਕਹਾਣੀ ਲਿਖੀ ਸੀ 'ਕੀੜਾ' ਇਹਦੇ ਉੱਤੇ ਲਿਖੀ ਸੀ। ਵੇਖਣ ਨੂੰ ਐਦਾ ਦਾ ਲੱਗਦਾ ਨ੍ਹੀਂ।"

ਮੈਂ ਕਹਿੰਦਾ, "ਡਾਕਟਰ ਸਾਹਿਬ! ਇਹਦੇ ਕਈ ਰੂਪ ਨੇ। ਹੁਣ ਤਾਂ ਰਹਿ ਗਿਆ... ਨਹੀਂ ਤਾਂ ਪਹਿਲਾਂ ਅਸੀਂ ਪੰਜ-ਪੰਜ ਜਣੇ ਇਹਨੂੰ ਸਾਂਭਦੇ ਹੁੰਦੇ ਸੀ। ਇਹ ਸਾਂਭਿਆ ਨਹੀਂ ਜਾਂਦਾ ਸੀ। ਇਹਦੀ ਘਰਵਾਲੀ... ਸਾਡੀ ਮਾਮੀ ਬਹੁਤ ਖ਼ੂਬਸੂਰਤ ਸੀ। ਉਹ ਜਦੋਂ ਇਹਨੂੰ ਛੱਡ ਕੇ ਗਈ ਤਾਂ ਉਹਦਾ ਹੇਰਵਾ ਲੈ ਬੈਠਾ। ਪਾਗਲਾਂ ਵਾਲੇ ਡਾਕਟਰਾਂ ਦੇ ਬੜੇ ਚੱਕਰ ਕੱਢੇ। ਪਾਗਲਾਂ ਨੂੰ ਸਾਂਭਣਾ ਬਹੁਤ ਔਖਾ...।"

ਰਜਨੀਸ਼ ਨਾਨਕੇ ਘਰ ਦੇ ਸਾਰੇ ਮੁੰਡਿਆਂ ਨੂੰ ਜਾਣਦਾ ਸੀ। ਮਾਮੇ ਦੇ ਮੁੰਡੇ ਗੋਰਖਾ, ਬਿੰਦਰ ਆਦਿ ਬਾਰੇ ਉਹ ਨਾਂ ਲੈ ਕੇ ਪੁੱਛਦਾ ਰਹਿੰਦਾ ਸੀ। ਬਿੰਦਰ ਮੇਰੀ ਗੈਰਹਾਜ਼ਰੀ ਵਿਚ ਮੈਗਜ਼ੀਨ ਦੀ ਸੈਟਿੰਗ ਵੀ ਕਰ ਦਿੰਦਾ ਸੀ। ਦਫ਼ਤਰ ਬੈਠੇ ਅਸੀਂ ਸਾਹਿਤ ਦੀਆਂ, ਸਾਹਿਤਕਾਰਾਂ ਦੀਆਂ ਗੱਲਾਂ ਕਰਦੇ ਰਹਿੰਦੇ ਸੀ।

ਜਦੋਂ ਆਪਣੀ ਲਿਖੀ ਸੰਪਾਦਕੀ ਦੀ ਹੱਥ ਲਿਖਤ ਮੈਨੂੰ ਦਿੰਦਾ ਤਾਂ ਮੈਂ ਵੇਖਦਾ ਕਿ ਉਹਦੀ ਲਿਖਤ ਵਿਚ ਕੋਈ ਵੀ ਸ਼ਬਦ ਕੱਟਿਆ ਨਹੀਂ ਸੀ ਹੁੰਦਾ। ਉਹ ਸਾਫ਼ ਪੇਪਰ ਦੀ ਇੱਕ ਨੁਕਰ ਤੋਂ ਲੈ ਕੇ ਅੰਤਲੀ ਨੁਕਰ ਤੱਕ ਸਾਰੇ ਪੇਜ 'ਤੇ ਲਿਖਦਾ। ਕੋਈ ਵੀ ਹਾਸ਼ੀਆ ਨਹੀਂ ਸੀ ਛੱਡਦਾ। ਉਹਦੇ ਵਿਚਾਰਾਂ ਵਾਂਗ ਉਹਦੀ ਲਿਖਤ ਵੀ ਠੋਸ ਅਤੇ ਭਰਵੀਂ ਹੁੰਦੀ।

ਰਜਨੀਸ਼ ਬਹਾਦਰ ਆਪਣੇ ਸਾਥੀ ਜਸ ਮੰਡ, ਸੁਕੀਰਤ, ਕੁਲਵੰਤ ਸੰਧੂ ਅਤੇ ਹੋਰ ਦੋਸਤਾਂ ਨਾਲ ਰਲ਼ ਕੇ 'ਪ੍ਰਵਚਨ' ਲਈ ਡਲਹੌਜ਼ੀ ਵਿਖੇ ਕਹਾਣੀਆਂ ਗੋਸ਼ਟੀਆਂ ਹਰ ਸਾਲ ਕਰਦਾ ਰਹਿੰਦਾ ਸੀ। ਹਰ ਗੋਸ਼ਟੀ ਵਿੱਚ ਮੈਂ ਜਾਂਦਾ ਸਾਂ। ਇਨ੍ਹਾਂ ਗੋਸ਼ਟੀਆਂ ਵਿੱਚ ਮੈਂ ਅਨੇਕਾਂ ਕਹਾਣੀਆਂ ਪੜ੍ਹੀਆਂ। ਰਜਨੀਸ਼ ਧੱਕੇ ਨਾਲ ਮੇਰੇ ਹੁੱਜਾਂ ਮਾਰ-ਮਾਰ ਕੇ ਮੇਰੇ ਕੋਲੋਂ ਕਹਾਣੀ ਪੂਰੀ ਕਰਵਾ ਲੈਂਦਾ ਸੀ। ਇਕ ਵਾਰ ਰਜਨੀਸ਼ ਨੇ ਮੈਨੂੰ ਪੰਜ ਕੁ ਮਹੀਨੇ ਪਹਿਲਾ ਕਹਿ ਦਿੱਤਾ, "ਮੁੰਡਿਆ! ਆਪਣੀ ਵਧੀਆਂ ਜਿਹੀ ਕਹਾਣੀ ਪੂਰੀ ਕਰ ਲੈ... 'ਪ੍ਰਵਚਨ' ਦੀ ਅਗਲੀ ਗੋਸ਼ਟੀ ਵਿੱਚ ਤੇਰੀ ਕਹਾਣੀ ਵੀ ਹੋਵੇਗੀ।" ਮੈਂ ਭੁੱਲ ਗਿਆ ਅਤੇ ਕੰਮ ਵਿਚ ਐਨਾ ਰੁਝ ਗਿਆ ਕਿ ਕਹਾਣੀ ਕਿਧਰੇ ਦਿਮਾਗ ਦੇ ਖੂੰਜੇ ਪਈ ਰਹੀ। ਅਚਾਨਕ ਰਜਨੀਸ਼ ਦਾ ਫ਼ੋਨ ਆ ਗਿਆ, 'ਮੁੰਡਿਆ! ਕਹਾਣੀ ਭੇਜ ਦੇ ਹੁਣ। ਸਾਰੀਆਂ ਕਹਾਣੀਆਂ ਆ ਗਈਆਂ। ਇਕ ਤੇਰੀ ਰਹਿੰਦੀ ਏ।" ਮੈਂ ਕਿਹਾ , "ਡਾਕਟਰ ਸਾਹਿਬ ਬਸ ਤਿਆਰ ਏ...ਥੋੜ੍ਹਾ ਸਮਾਂ ਦਿਓ।" ਪਰ ਮੈਂ ਤਾਂ ਅਜੇ ਕਹਾਣੀ ਲਿਖੀ ਵੀ ਨਹੀਂ ਸੀ। ਬਸ ਸਾਰੇ ਕੰਮ ਇਕ ਪਾਸੇ ਕਰਕੇ ਕਹਾਣੀ ਬਾਰੇ ਸੋਚਣ ਲੱਗ ਪਿਆ। ਇਕ ਹਫ਼ਤਾ ਕਹਾਣੀ ਦੇ ਪਾਤਰ ਬਾਰੇ ਅਤੇ ਘਟਨਾਵਾਂ ਬਾਰੇ ਸੋਚਦਾ ਰਿਹਾ। ਇਕ ਦਿਨ ਦਫ਼ਤਰ ਬੈਠ ਕੇ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਚਾਰ ਪੰਜ ਬੈਠਕਾਂ ਵਿੱਚ ਕਹਾਣੀ ਪੂਰੀ ਕਰ ਲਈ। ਫਿਰ ਪੰਜ ਸੱਤ ਵਾਰੀ ਪੜ੍ਹੀ। ਕੁਝ ਕੱਟ ਵੱਢ ਕੀਤੀ। ਤੇ ਕੰਪੋਜ਼ ਕਰ ਦਿੱਤੀ। ਉਦੋਂ ਸਾਰੇ ਕਹਾਣੀਕਾਰ ਹੱਥ ਨਾਲ ਲਿਖ ਕੇ ਕਹਾਣੀਆਂ ਭੇਜਦੇ ਸਨ ਤੇ ਰਜਨੀਸ਼ ਮੈਨੂੰ ਸਾਰੀਆਂ ਕਹਾਣੀਆਂ ਕੰਪੋਜ਼ ਕਰਨ ਲਈ ਦੇ ਦਿੰਦਾ ਸੀ। ਜਦੋਂ ਕਹਾਣੀਆਂ ਕੰਪੋਜ਼ ਕਰਕੇ ਰਜਨੀਸ਼ ਨੂੰ ਦੇਣੀਆਂ ਸਨ ਤਾਂ ਐਨ ਮੌਕੇ ਉੱਤੇ ਆਪਣੀ ਕਹਾਣੀ ਲਿਖ ਹੋਈ। ਕੰਪੋਜ਼ ਹੋਈਆਂ ਬਾਕੀ ਕਹਾਣੀਆਂ ਨਾਲ ਆਪਣੀ ਕਹਾਣੀ ਵੀ ਦੇ ਦਿੱਤੀ।

ਡਲਹੌਜ਼ੀ ਕਹਾਣੀ ਗੋਸ਼ਟੀ ਦਾ ਦਿਨ ਆ ਗਿਆ। ਜਲੰਧਰ ਇਕ ਕਾਰ ਵਿੱਚ ਮੈਂ, ਰਜਨੀਸ਼ ਅਤੇ ਕੁਲਵੰਤ ਸੰਧੂ ਜੀ ਸਨ। ਰਸਤੇ ਵਿੱਚ ਸਾਡੇ ਨਾਲ ਡਾ. ਜੋਗਿੰਦਰ ਸਿੰਘ ਰਾਹੀ ਆ ਬੈਠੇ ਸਨ। ਕਾਰ ਕੁਲਵੰਤ ਸੰਧੂ ਚਲਾ ਰਹੇ ਸਨ। ਰਸਤੇ ਵਿਚ ਉਨ੍ਹਾਂ ਬੀਅਰ ਲੈ ਲਈ। ਗੱਲਾਂ ਚੱਲ ਪਈਆਂ ਕਹਾਣੀਆਂ ਦੀਆਂ। ਡਾ. ਰਾਹੀ ਸਾਹਿਬ ਪੰਜਾਬੀ ਕਹਾਣੀ ਬਾਰੇ ਆਪਣੇ ਪ੍ਰਵਚਨ ਕਰਨ ਲੱਗ ਪਏ। ਉਨ੍ਹਾਂ ਦੀਆਂ ਗੱਲਾਂ ਵਿੱਚ ਵਿਦੇਸ਼ੀ ਚਿੰਤਕਾਂ ਦੇ ਵਿਚਾਰ ਅਤੇ ਅੰਗਰੇਜ਼ੀ ਦੇ ਸ਼ਬਦ ਵਧੇਰੇ ਸਨ। ਫਿਰ ਉਨ੍ਹਾਂ ਕਹਾਣੀਆਂ ਬਾਰੇ ਗੱਲਾਂ ਚੱਲ ਪਈਆਂ ਜਿਹੜੀਆਂ ਕਹਾਣੀਆਂ ਪੜ੍ਹੀਆਂ ਜਾਣੀਆਂ ਸਨ। ਰਜਨੀਸ਼ ਨੇ ਮੇਰੀ ਕਹਾਣੀ ਦੀ ਗੱਲ ਤੋਰ ਲਈ... ਜਿਹੜੀ ਪੜ੍ਹੀ ਜਾਣੀ ਸੀ। ਰਾਹੀ ਨੇ ਕੰਨ ਚੁੱਕ ਲਏ। "ਤੂੰ ਏ ਕਾਕਾ! ਰਸੂਲਪੁਰੀ!" ਰਾਹੀ ਨੇ ਮੇਰੇ ਵੱਲ ਵੇਖਿਆ। ਰਜਨੀਸ਼ ਬੋਲਿਆ, "ਡਾਕਟਰ ਸਾਹਿਬ ਏਸ ਮੁੰਡੇ ਨੇ ਦਲਿਤ ਕਹਾਣੀ ਵਿੱਚ ਅਜਿਹੇ ਵਿਸ਼ੇ ਲੈ ਕੇ ਆਂਦੇ ਨੇ ਜੋ ਪਹਿਲਾ ਆਏ ਨਹੀਂ, ਇਹ ਦਲਿਤ ਯਥਾਰਥ ਨੂੰ ਜਟਿਲ ਬਿਰਤਾਂਤ ਰਾਹੀ ਚਿੱਤਰਨ ਵਾਲਾ ਕਥਾਕਾਰ ਏ।" ਡਾਕਟਰ ਰਾਹੀ ਕੁਝ ਨਹੀਂ ਬੋਲਿਆ। ਗੰਭੀਰ ਮੁਦਰਾ

ਵਿਚ, ਚੁੱਪ ਕਰਕੇ ਬੀਅਰ ਪੀਂਦਾ ਰਿਹਾ ਅਤੇ ਸਿਰ ਮਾਰਦਾ ਰਿਹਾ। ਫਿਰ ਮੈਨੂੰ ਕਹਿਣ ਲੱਗਾ, "ਮੈਂ ਤੇਰੀ ਕਹਾਣੀ ਪੜ੍ਹੀ ਏ। ਤੂੰ ਬੁੱਧ ਧਰਮ ਨਾਲ ਸਬੰਧਤ ਜਿਨ੍ਹਾਂ ਥਾਂਵਾਂ ਦਾ ਜ਼ਿਕਰ ਕੀਤਾ ਏ ਕੀ ਤੂੰ ਵੇਖੀਆ ਨੇ ?" ਮੈਂ ਕਿਹਾ, "ਹਾਂ ਜੀ ਕਾਫੀ ਥਾਵਾਂ ਵੇਖੀਆਂ ਨੇ... ਕੁਝ ਨਹੀਂ ਵੀ ਵੇਖੀਆ...ਜੋ ਭਾਰਤ ਤੋਂ ਬਾਹਰ ਨੇ ਉਹ ਨਹੀਂ ਵੇਖੀਆ।" ਫਿਰ ਗੱਲਾਂ ਹੋਰ ਚੱਲ ਪਈਆਂ। ਰਾਹੀ ਨੇ ਮੇਰੀ ਕਹਾਣੀ ਬਾਰੇ ਕੋਈ ਪ੍ਰਤੀਕਰਮ ਨਾ ਕੀਤਾ। ਮੈਂ ਸੋਚਿਆ ਇਹ ਬਾਬਾ ਗੋਸ਼ਟੀ 'ਚ ਕੋਈ ਸੱਪ ਕੱਢੂ। ਗੋਸ਼ਟੀ ਵਿਚ ਇਸ ਕਹਾਣੀ ਉੱਤੇ ਭਰਵੀਂ ਚਰਚਾ ਹੋਈ। ਬਹੁਤਿਆਂ ਨੇ ਇਸ ਵਿਚ ਭਾਸ਼ਾ ਦੀਆਂ ਤਕਨੀਕੀ ਗ਼ਲਤੀਆਂ ਕੱਢਣ 'ਤੇ ਜ਼ੋਰ ਲਾ ਦਿੱਤਾ। ਉਦੋਂ ਡਾਕਟਰ ਰਾਹੀ ਤੇ ਹੈਰਾਨੀ ਹੋਈ ਜਦੋਂ ਉਸ ਨੇ ਕਿਹਾ, "'ਚਮਾਰਲੀ' ਇਹ ਚਮੜਾ ਰੰਗਣ ਦਾ ਹੀ ਕਾਰਖਾਨਾ ਨਹੀਂ, ਸੰਪਰਦਾਇਕਤਾ ਦਾ ਕਾਰਖਾਨਾ ਵੀ ਹੈ। ਇਸ ਵਿਚ ਨਿੱਜੀ ਮੁਫ਼ਾਦ ਸ਼ੋਸ਼ਕ ਦੇ ਹੀ ਨਹੀਂ ਸੋਸ਼ਿਤ ਦੇ ਵੀ ਹੁੰਦੇ ਹਨ। ਇਕ ਇਸ ਕਹਾਣੀ ਵਿਚ ਜੜ੍ਹਾਂ ਦਾ ਮਸਲਾ ਆਇਆ ਹੈ। ਉਹ ਕਿਹੜੀਆਂ ਜੜ੍ਹਾਂ ਹਨ। ਇਹ ਸੰਪਰਦਾਇਕਤਾ ਜੜ੍ਹਾਂ ਹਨ ਜਾਂ ਕੋਈ ਹੋਰ।" ਰਾਹੀ ਨੇ ਹੋਰ ਜਿਹੜੀਆਂ ਧਾਰਨਾਵਾਂ ਦਿੱਤੀਆਂ ਉਹ ਆਪਣੀ ਦ੍ਰਿਸ਼ਟੀ ਨਾਲ ਦਿੱਤੀਆਂ ਕਿ ਜੇ ਕਹਾਣੀ ਇੰਜ ਲਿਖੀ ਜਾਂਦੀ ਤਾਂ ਠੀਕ ਸੀ। ਉਹ ਚਾਹੁੰਦਾ ਸੀ ਕਿ ਇਸ ਵਿੱਚੋਂ ਧਾਰਮਿਕ ਕੱਟੜਤਾ ਉਭਰ ਕੇ ਸਾਹਮਣੇ ਆਵੇ। ਮੈਨੂੰ ਲੱਗਾ ਰਾਹੀ ਇਸ ਕਹਾਣੀ ਦੇ ਪਾਤਰਾਂ ਦੇ ਸਮਾਜਕ ਕਲਚਰ ਤੋਂ ਅਣਜਾਣ ਏ। ਕਹਾਣੀ 'ਚ ਜੋ ਸੀ ਉਸ ਨੂੰ ਰਜਨੀਸ਼ ਨੇ ਫੜਿਆ। ਰਜਨੀਸ਼ ਨੇ ਕਹਾਣੀ ਦੇ ਕਈ ਨੁਕਤਿਆਂ ਤੋਂ ਗੱਲਾਂ ਕੀਤੀਆਂ, " ਏਸ ਕਹਾਣੀ ਦਾ ਪਾਤਰ ਰਾਜਨੀਤਿਕ ਸਥਿਤੀਆਂ ਅਧੀਨ ਬੁੱਧ ਧਰਮ ਆਪਣਾ ਵੀ ਲੈਂਦਾ ਤਾਂ ਵੀ ਉਹ ਗੁਰੂ ਪੂਜਣ ਦੇ ਅਵਚੇਤਨ ਵਿੱਚੋਂ ਬਾਹਰ ਨਹੀਂ ਆ ਸਕਦਾ। ਭਗਵੰਤ ਨੇ ਇਸ ਦੁਬਿਧਾ ਵਿਚ ਫਸੇ ਪਾਤਰ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਉਹ ਬੋਧ ਵਿਹਾਰ ਵਿਚ ਵੀ ਰਵਿਦਾਸ ਦਾ ਚਿੱਤਰ ਰੱਖਦਾ ਹੈ। ਦੁਬਿਧਾ ਵਿਚ ਫਸਿਆ ਪਾਤਰ ਪਾਣੀ ਪੀ ਕੇ ਸਹਿਜ ਹੋਣ ਦੀ ਕੋਸ਼ਿਸ ਕਰਦਾ ਹੈ। ਅਸਲ ਵਿਚ ਉਹ ਸਹਿਜ ਨਹੀਂ ਹੁੰਦਾ। ਇਸ ਸਮੱਸਿਆ ਸਮੁੱਚੀ ਦਲਿਤ ਰਾਜਨੀਤੀ ਦੀ ਵੀ ਬਣੀ ਹੋਈ ਹੈ। ਇਹ ਜਿਹੜੇ ਧਰਮ ਪਰਿਵਰਤਨ ਅਤੇ ਜੀਵਨ ਦੇ ਵਿਹਾਰ ਦੇ ਸੰਕਟ ਹਨ। ਇਹ ਕਹਾਣੀ ਇਹਨਾਂ ਸੰਕਟਾਂ ਦੇ ਪੈਟਰਨ ਉਤੇ ਢਲੀ ਹੋਈ ਹੈ। ਇਹਨਾਂ ਕਾਰਨਾਂ ਕਰਕੇ ਹੀ ਇਹ ਕਹਾਣੀ ਮੈਨੂੰ ਬਾਕੀ ਕਹਾਣੀਆਂ ਤੋਂ ਵੱਖਰੀ ਲਗਦੀ ਹੈ। ਬਹਿਸ ਵਿਚ ਵਾਰ-ਵਾਰ ਮਸਲਾ 'ਜੜ੍ਹਾਂ ਦੀ ਤਲਾਸ਼' ਦਾ ਆਉਂਦਾ। ਇਹ ਮਸਲਾ ਕਹਾਣੀ ਵਿਚ ਹੈ ਹੀ ਨਹੀਂ। ਮਸਲਾ ਜੜ੍ਹਾਂ ਤੋਂ ਟੁੱਟਣ ਅਤੇ ਨਵਾਂ ਅਪਣਾਉਣ ਦੇ ਦਵੰਦ ਵਿਚ ਹੈ, ਕਹਾਣੀ ਦਾ ਅੰਤ ਇਥੇ ਬਹੁਤ ਸਪਸ਼ਟ ਹੈ। ਰਵਿਦਾਸ ਦੀ ਤਸਵੀਰ ਦਾ ਨਿਕਲਣਾ ਅਤੇ ਪਾਣੀ ਪੀ ਕੇ ਸਹਿਜ ਹੋਣ ਦੀ ਕੋਸ਼ਿਸ਼ ਕਰਨਾ। ਇਹ ਸਾਰਾ ਵਿਹਾਰ ਦਵੰਦ ਦਾ ਪ੍ਰਤੀਕ ਹੈ।" ਬਹਿਸ ਵਿਚ ਡਾਕਟਰ ਰਾਹੀ ਦੀਆਂ ਪ੍ਰਸੰਗ ਤੋਂ ਬਾਹਰ ਵਾਲੀਆਂ ਗੱਲਾਂ ਅਤੇ ਬਾਕੀਆਂ ਦੀਆਂ ਵਿਅਕਰਣਕ ਗ਼ਲਤੀਆਂ ਕੱਢਣ ਵੱਲ ਧਿਆਨ ਤੋਂ ਉਲਟ ਰਜਨੀਸ਼ ਨੇ ਕਹਾਣੀ ਦੀ ਮੂਲ ਸੁਰ ਨੂੰ ਤਰਕ ਨਾਲ ਸਹੀ ਦਿਸ਼ਾ ਵਿਚ ਫੜਿਆ। ਰਜਨੀਸ਼ ਨੂੰ ਕਹਾਣੀ ਦੀਆਂ ਖ਼ੂਬੀਆਂ ਦਾ ਪਤਾ ਸੀ। ਛਪਣ ਤੋਂ ਬਾਅਦ ਇਸ ਕਹਾਣੀ ਉਤੇ ਬਹੁਤ ਚਰਚਾ ਹੋਈ। 'ਪ੍ਰਵਚਨ' ਵਿੱਚ ਚਿੱਠੀਆਂ ਰਾਹੀਂ ਲੰਮਾਂ ਸੰਵਾਦ ਚੱਲਿਆ। ਇਸ ਕਹਾਣੀ ਨੇ ਬਤੌਰ ਕਹਾਣੀਕਾਰ ਮੇਰੀ ਪਛਾਣ ਗੂੜ੍ਹੀ ਕੀਤੀ। ਰਜਨੀਸ਼ ਦੇ ਯਤਨਾ ਨਾਲ ਇਹ ਕਹਾਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ

ਅੰਮ੍ਰਿਤਸਰ ਦੇ ਐਮ. ਏ. ਦੇ ਸਲੇਬਸ ਵਿਚ ਲੱਗੀ। ਇਹ ਸਾਰਾ ਕੁਝ ਰਜਨੀਸ਼ ਬਹਾਦਰ ਕਰਕੇ ਹੋਇਆ ਮੈਂ ਮੰਨਦਾ ਹਾਂ। ਇਸ ਕਹਾਣੀ ਦਾ ਨਾਂ 'ਜੜ੍ਹਾਂ' ਸੀ। ਮੈਂ ਇਥੇ ਇਹ ਗੱਲ ਠੋਸ ਤਰੀਕੇ ਨਾਲ ਕਹਿਣੀ ਚਾਹੁੰਦਾ ਹਾਂ ਕਿ ਰਜਨੀਸ਼ ਨੂੰ ਚੰਗੀ ਰਚਨਾ ਦੀ ਪਛਾਣ ਸੀ। ਉਹ ਕਿਸੇ ਦੇ ਮਗਰ ਲੱਗ ਕੇ ਕਿਸੇ ਵੀ ਕਹਾਣੀ ਦੀ ਤਰੀਫ਼ ਜਾਂ ਨਿੰਦਿਆ ਨਹੀਂ ਸੀ ਕਰਦਾ। ਉਹਦੇ ਕੋਲ ਰਚਨਾ ਨੂੰ ਪਰਖਣ ਦੀ ਤਿੱਖੀ ਤੇ ਮੌਲਿਕ ਦ੍ਰਿਸ਼ਟੀ ਸੀ। ਉਹ ਚੰਗੀ ਰਚਨਾ ਨਾਲ ਇਕ ਧਿਰ ਬਣ ਕੇ ਖੜਨ ਵਾਲਾ ਅਜਿਹਾ ਆਲੋਚਕ ਸੀ ਜਿਹੜਾ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ। ਆਪਣੇ ਠੋਸ ਸਿਧਾਂਤਕ ਨਜ਼ਰੀਏ ਨਾਲ ਰਚਨਾ ਵਿੱਚੋਂ ਸਦੀਵੀਂ ਰਹਿਣ ਵਾਲੇ ਤੱਤ ਕੱਢ ਲੈਂਦਾ ਸੀ।

ਇਸੇ ਤਰ੍ਹਾਂ 'ਆਦਿ ਡੰਕਾ' ਕਹਾਣੀ ਵੀ 'ਪ੍ਰਵਚਨ' ਦੀ ਗੋਸ਼ਟੀ ਰਾਹੀ ਪ੍ਰਸਿੱਧ ਹੋਈ। ਜਦੋਂ ਕਹਾਣੀ ਦੀ ਬਹਿਸ ਸ਼ੁਰੂ ਕਰਦਿਆਂ ਸੁਕੀਰਤ ਨੇ ਖੜੇ ਹੋ ਕੇ ਮੈਨੂੰ ਜੱਫੀ ਵਿਚ ਲਿਆ ਸੀ। ਮੈਂ ਹੈਰਾਨ ਤੇ ਪ੍ਰੇਸ਼ਾਨ ਹੋ ਗਿਆ ਸੀ ਇਹ ਕੀ ਹੋ ਰਿਹਾ ਸੀ। ਇਸ ਕਹਾਣੀ ਦੀ ਐਨੀ ਤਰੀਫ਼ ਹੋਈ ਕਿ ਰੱਜ ਆ ਗਿਆ। ਬਾਅਦ ਵਿਚ ਇਹ ਕਹਾਣੀਆਂ 'ਮਰਨ ਰੁੱਤ' ਕਿਤਾਬ ਛਪੀਆਂ। ਇਸ ਕਿਤਾਬ ਉੱਤੇ ਰਜਨੀਸ਼ ਨੇ 'ਪ੍ਰਵਚਨ' ਵਿਚ ਲੰਮਾ ਵੀਹ ਪੇਜ ਦਾ ਲੇਖ ਲਿਖਿਆ। 2010 ਵਿਚ ਜਸ ਮੰਡ, ਰਜਨੀਸ਼ ਬਹਾਦਰ ਸਿੰਘ ਤੇ 'ਨਵਾਂ ਜ਼ਮਾਨਾਂ' ਨੇ 'ਮਰਨ ਰੁੱਤ' ਨੂੰ ਬੇਹਤਰ ਪੁਸਤਕ ਦੇ ਤੌਰ ਤੇ 'ਬੀਬੀ ਸਵਰਨ ਕੌਰ ਯਾਦਗਾਰੀ ਪੁਰਸਕਾਰ' ਦਿੱਤਾ। ਇਹਦੇ ਪਿੱਛੇ ਮੈਂ ਅਹਿਮ ਯੋਗਦਾਨ ਰਜਨੀਸ਼ ਬਹਾਦਰ ਦਾ ਮੰਨਦਾ ਹਾਂ। ਕਿਉਂਕਿ ਉਸ ਨੇ ਇਸ ਕਿਤਾਬ ਵਿਚਲੀਆਂ ਕਹਾਣੀਆਂ ਦੀ ਚਰਚਾ ਭਰਵੇਂ ਰੂਪ ਵਿਚ ਕਿਸੇ ਨਾਲ ਕਿਸੇ ਪਲੇਟਫ਼ਾਰਮ ਉੱਤੇ ਕੀਤੀ ਸੀ। ਭਾਵੇਂ ਕਿ ਇਸ ਦੀ ਚੋਣ ਇਕ ਸਿਸਟਮ ਨਾਲ ਹੋਈ ਸੀ।

ਜਦੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਯੁਵਾ ਕਥਾਕਾਰ ਐਵਾਰਡ ਦੀ ਚੋਣ ਕਰਨੀ ਸੀ ਤਾਂ ਡਾ. ਸੁਖਦੇਵ ਸਿੰਘ ਸਿਰਸਾ ਨੇ ਰਜਨੀਸ਼ ਬਹਾਦਰ ਨੂੰ ਪੁੱਛਿਆ ਕਿ ਭਗਵੰਤ ਰਸੂਲਪੁਰੀ ਕਿਹੋ ਜਿਹਾ ਕਹਾਣੀਕਾਰ ਏ ? ਅਸੀਂ ਜੇ ਉਸ ਦੀ ਚੋਣ ਕਰ ਲਈਏ ਤਾਂ ਠੀਕ ਰਹੇਗਾ। ਰਜਨੀਸ਼ ਨੇ ਮੈਨੂੰ ਫ਼ੋਨ ਕੀਤਾ ਕਿ ਆਪਣੀ ਉਮਰ ਦੱਸ। ਮੈਂ ਦੱਸ ਦਿੱਤੀ। ਮੈਂ ਸਮਝਦਾ ਹਾਂ ਕਿ ਇਹ ਇਨਾਮ ਵੀ ਮੈਨੂੰ ਰਜਨੀਸ਼ ਬਹਾਦਰ ਕਰਕੇ ਮਿਲਿਆ ਸੀ।

ਰਜਨੀਸ਼ ਬਹਾਦਰ ਹਮੇਸ਼ਾਂ ਮੇਰੇ ਨਾਲ ਧਿਰ ਬਣ ਕੇ ਖੜਦਾ ਰਿਹਾ। ਉਨ੍ਹਾਂ ਦਿਨ੍ਹਾਂ ਵਿੱਚ ਕੈਨੇਡਾ ਅਜਾਇਬ ਸਿੰਘ ਚੱਠਾ ਵਿਸ਼ਵ ਪੰਜਾਬੀ ਕਾਨਫਰੰਸ ਕਰਵਾ ਰਿਹਾ ਸੀ। ਰਜਨੀਸ਼ ਦਾ ਚੱਠਾ ਯਾਰ ਸੀ। ਮੈਂ ਰਜਨੀਸ਼ ਨੂੰ ਕਿਹਾ ਕਿ ਡਾਕਟਰ ਸਾਹਿਬ ਮੈਂ ਵੀ ਕਾਨਫਰੰਸ ਉੱਤੇ ਜਾਣਾ ਚਾਹੁੰਦਾ ਹਾਂ। ਜਲੰਧਰ ਜਦੋਂ ਚੱਠਾ ਆਇਆ ਤਾਂ ਰਜਨੀਸ਼ ਨੇ ਚੱਠੇ ਨੂੰ ਕਿਹਾ ਕਿ ਇਸ ਮੁੰਡੇ ਨੂੰ ਕਾਨਫਰੰਸ 'ਤੇ ਲੈ ਕੇ ਜਾਣਾ ਏ। "ਤੂੰ ਸਮਝ ਕਿ ਮੈਂ ਹਾਂ।" ਚੱਠਾ ਨੇ ਸਤਿ-ਬਚਨ ਕਿਹਾ, ਅਜਾਇਬ ਹੁਰਾਂ ਸਾਰੇ ਪੇਪਰ ਭੇਜ ਦਿੱਤੇ। ਮੈਂ ਪੇਪਰ ਵਰਕ ਕਰਕੇ ਫਾਇਲ ਤਿਆਰ ਕਰ ਲਈ ਤੇ ਮੇਰਾ ਦਸ ਸਾਲ ਦਾ ਕੈਨੇਡਾ ਦਾ ਵੀਜ਼ਾ ਲੱਗ ਗਿਆ। ਮੈਂ ਰਜਨੀਸ਼ ਦਾ ਧੰਨਵਾਦ ਕੀਤਾ।

ਰਜਨੀਸ਼ ਬਹਾਦਰ ਨੂੰ ਪੰਜਾਬੀ ਦਲਿਤ ਕਹਾਣੀ ਉੱਤੇ ਕੰਮ ਕਰਨ ਲਈ ਯੂ. ਜੀ. ਸੀ. ਦਾ ਇਕ ਪ੍ਰੋਜੈਕਟ 2013-14 ਵਿਚ ਮਿਲ ਗਿਆ। ਇਸ ਪ੍ਰੋਜੈਕਟ ਲਈ ਰਜਨੀਸ਼ ਮੇਰੇ ਨਾਲ ਸਲਾਹ ਕਰਦਾ ਰਹਿੰਦਾ। ਮੈਂ ਆਪਣੀ ਨਿੱਜੀ ਲਾਇਬਰੇਰੀ ਵਿੱਚੋਂ ਅਨੇਕਾਂ ਕਿਤਾਬਾਂ ਦਿੱਤੀਆਂ। ਜਿਹੜੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਨਾ ਸੀ ਉਸ ਦੀ ਚੋਣ ਰਜਨੀਸ਼ ਨੇ ਮੇਰੀ ਸਲਾਹ

ਨਾਲ ਰਲ਼ ਕੇ ਕੀਤੀ। ਉਹ ਚੰਗੀ ਗੱਲ ਨੂੰ ਝੱਟ ਸਵੀਕਾਰ ਕਰ ਲੈਂਦਾ ਸੀ। ਪੰਜਾਬ ਦੇ ਦਲਿਤਾਂ ਦੀ ਸਥਿਤੀ ਅਤੇ ਅੱਗੋਂ ਉਨ੍ਹਾਂ ਦੀਆਂ ਉਪ ਜਾਤਾਂ ਨੂੰ ਸਮਝਣ ਲਈ ਅਸੀਂ ਕਿੰਨਾਂ ਕਿੰਨਾਂ ਚਿਰ ਵਿਚਾਰ ਚਰਚਾ ਕਰਦੇ ਰਹਿੰਦੇ। ਉਸ ਨੇ ਦਲਿਤ, ਗ਼ੈਰ ਦਲਿਤ ਲੇਖਕਾਂ ਦੀ ਪਛਾਣ ਤੇ ਨਿਸ਼ਾਨਦੇਹੀ ਕਰਨ ਲਈ ਵੀ ਮੇਰੀ ਸਹਾਇਤਾ ਲਈ। ਦਲਿਤ ਲੇਖਕ ਦੇ ਜਾਤੀ ਪਿਛੋਕੜ ਅਤੇ ਉਸ ਦੀਆਂ ਕਹਾਣੀਆਂ ਦੇ ਵਿਸ਼ੇ ਵਸਤੂ ਬਾਰੇ ਵੀ ਗੱਲਾਂ ਹੁੰਦੀਆਂ। ਰਜਨੀਸ਼ ਜਦੋਂ ਇਸ ਪ੍ਰੋਜੈਕਟ ਦਾ ਇਕ ਚੈਪਟਰ ਤਿਆਰ ਕਰਦਾ ਤਾਂ ਮੈਨੂੰ ਕੰਪੋਜ਼ ਕਰਨ ਲਈ ਦਿੰਦਾ ਹੋਇਆ ਕਹਿੰਦਾ, "ਭਗਵੰਤ ! ਇਹ ਸਾਰਾ ਮੈਟਰ ਤੂੰ ਕੰਪਿਊਟਰ ਵਿੱਚ ਸਾਂਭ ਕੇ ਰੱਖੀ... ਆਪਾਂ ਬਾਅਦ ਵਿਚ ਇਸ ਦੀ ਕਿਤਾਬ ਤਿਆਰ ਕਰਨੀ ਐ ਤੇ ਤੂੰ ਆਪਣੇ ਪ੍ਰਕਾਸ਼ਨ 'ਪਰਵਾਜ਼ ਪ੍ਰਕਾਸ਼ਨ' ਰਾਹੀਂ ਛਾਪਣੀ ਐ।" ਬਾਅਦ ਵਿੱਚ ਇਹ ਸਾਰਾ ਮੈਟਰ ਤਰਤੀਬ ਵਿੱਚ ਤਿਆਰ ਕਰਕੇ 'ਪੰਜਾਬੀ ਦਲਿਤ ਕਹਾਣੀ-ਅਧਾਰ ਤੇ ਅਧਿਐਨ' ਨਾਂ ਹੇਠ 'ਪਰਵਾਜ਼ ਪ੍ਰਕਾਸ਼ਨ' ਦੇ ਬੈਨਰ ਹੇਠ ਕਿਤਾਬੀ ਰੂਪ ਵਿਚ ਛਾਪਿਆ ਗਿਆ ਅਤੇ ਇਸ ਦਾ ਟਾਇਟਲ ਡਿਜ਼ਾਇਨ ਸੁਖਵੰਤ ਨੇ ਕੀਤਾ ਸੀ। ਇਸ ਕਿਤਾਬ ਦੀ ਬਹੁਤ ਚਰਚਾ ਹੋਈ। ਪੰਜਾਬੀ ਦਲਿਤ ਕਹਾਣੀ ਉੱਤੇ ਅਜਿਹਾ ਕਾਰਜ ਪਹਿਲਾਂ ਕਦੀ ਹੋਇਆ ਨਹੀਂ ਸੀ। ਰਜਨੀਸ਼ ਨੇ ਇਸ ਕਿਤਾਬ ਵਿੱਚ ਮਹਾਜਨੀ, ਕਿਸਾਨੀ, ਗ਼ੈਰ ਸਵਰਨ, ਦਲਿਤ ਪਿਛੋਕੜ ਵਾਲੇ ਲੇਖਕਾਂ ਦੀਆਂ ਦਲਿਤ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਕਿ ਕਿਵੇਂ ਉਨ੍ਹਾਂ ਦਾ ਜਾਤੀ ਅਵਚੇਤਨ ਦਲਿਤ ਵਿਸ਼ਿਆ ਨਾਲ ਸਬੰਧਤ ਲਿਖੀਆਂ ਕਹਾਣੀਆਂ ਵਿਚ ਕਾਰਜਸ਼ੀਲ ਰਹਿੰਦਾ ਏ। ਇਹ ਬਰੀਕ ਨੁਕਤੇ ਇਸ ਕਿਤਾਬ ਵਿੱਚ ਡਿਸਕਸ ਕੀਤੇ ਗਏ ਸਨ।

ਚੰਡੀਗੜ੍ਹ ਇਕ ਸੈਮੀਨਾਰ ਉੱਤੇ ਇਕ ਸੈਸ਼ਨ ਕਹਾਣੀ ਉੱਤੇ ਸੀ। ਪਹਿਲਾ ਪੇਪਰ ਡਾ. ਬਲਦੇਵ ਸਿੰਘ ਧਾਲੀਵਾਲ ਨੇ ਪੜ੍ਹਨਾ ਸੀ। ਉਸ ਨੇ ਕੁਝ ਕਹਾਣੀਆਂ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ। ਕਈ ਕਹਾਣੀਆਂ ਦੀ ਨੁਕਤਾਚੀਨੀ ਵੀ ਕੀਤੀ। ਕਈਆਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ। ਅਗਲਾ ਪੇਪਰ ਰਜਨੀਸ਼ ਬਹਾਦਰ ਨੇ ਪੜ੍ਹਨਾ ਸੀ। ਉਹ ਆਪਣਾ ਪੇਪਰ ਲਿਖਤੀ ਰੂਪ ਵਿੱਚ ਲੈ ਕੇ ਗਿਆ ਸੀ। ਉਹ ਧਾਲੀਵਾਲ ਤੋਂ ਕਿਸੇ ਗੱਲੋਂ ਖਿੱਝ ਗਿਆ, ਉਸ ਨੇ ਆਪਣਾ ਪੇਪਰ ਇਕ ਪਾਸੇ ਰੱਖਿਆ ਅਤੇ ਧਾਲੀਵਾਲ ਨੇ ਜਿਨ੍ਹਾਂ ਕਹਾਣੀਕਾਰਾਂ ਅਤੇ ਕਹਾਣੀਆਂ ਦੀ ਆਲੋਚਨਾ ਕੀਤੀ ਸੀ। ਰਜਨੀਸ਼ ਨੇ ਉਨ੍ਹਾਂ ਕਹਾਣੀਆਂ ਵਿੱਚੋਂ ਚੰਗੀ ਕਹਾਣੀ ਦੇ ਗੁਣ ਆਪਣੀ ਸਿਧਾਂਤਕ ਪਹੁੰਚ ਨਾਲ ਕੱਢਣੇ ਸ਼ੁਰੂ ਕਰ ਦਿੱਤੇ। ਹਾਲ ਵਿੱਚ ਬੈਠੇ ਸਾਹਿਤਕਾਰ ਤੇ ਲੇਖਕ ਹੈਰਾਨ ਰਹਿ ਗਏ। ਧਾਲੀਵਾਲ ਦੇ ਪੜ੍ਹੇ ਹੋਏ ਪੇਪਰ ਦੇ ਸਮਾਨਅੰਤਰ ਆਪਣਾ ਵੱਖਰਾ ਪੜ੍ਹ ਦਿੱਤਾ ਉਹ ਵੀ ਮੂੰਹ ਜ਼ੁਬਾਨੀ। ਉਸ ਨੇ 'ਕੱਲੀ-'ਕੱਲੀ ਕਹਾਣੀ ਦਾ ਜ਼ਿਕਰ ਕੀਤਾ ਜਿਹੜੀਆਂ ਧਾਲੀਵਾਲ ਨੇ ਰੱਦ ਕਰ ਦਿੱਤੀਆਂ ਸਨ। ਉਸ ਨੂੰ ਹਰ ਕਹਾਣੀ ਪੋਟਿਆ ਤੇ ਯਾਦ ਸੀ। ਉਸ ਦੇ ਪਾਤਰਾਂ ਦੇ ਵਿਹਾਰ ਦਾ ਵਰਣਨ ਕੀਤਾ ਅਤੇ ਕਹਾਣੀਕਾਰ ਦੀ ਸਿਧਾਂਤਕ ਪਹੁੰਚ ਬਾਰੇ ਗੱਲਾਂ ਕੀਤੀਆਂ। ਉਹ ਜਦੋਂ ਵੀ ਬੋਲਦਾ ਸੀ ਠੋਸ ਸ਼ਬਦਾਂ ਨਾਲ ਆਪਣਾ ਬੱਝਵਾ ਪ੍ਰਭਾਵ ਪਾਉਂਦਾ ਸੀ। ਤਰਤੀਬ ਵਿੱਚ ਬੋਲਦਾ ਸੀ। ਮੈਂ ਕਦੇ ਕਦੇ ਸੋਚਦਾ ਹੁੰਦਾ ਸਾਂ ਇਹ ਬੰਦੇ ਦਾ ਦਿਮਾਗ ਕਾਹਦਾ ਬਣਿਆ ਹੋਇਆ ਏ। ਉਹਨੂੰ ਸੈਕੜੇ ਚੰਗੀਆਂ-ਮਾੜੀਆਂ ਕਹਾਣੀਆਂ ਚੇਤੇ ਹਨ। ਅਨੇਕਾਂ ਨਾਵਲਾਂ ਬਾਰੇ ਗੱਲਾਂ ਚੇਤੇ ਸਨ। ਉਹ ਫ਼ਿਕਰਿਆ ਵਿੱਚ ਸ਼ਬਦ ਇੰਜ ਚਿਣਦਾ ਸੀ ਕਿ ਜੇਕਰ ਕੋਈ ਵੀ ਸ਼ਬਦ ਏਧਰ ਹੋ ਜਾਵੇ ਜਾਂ ਫ਼ਿਕਰੇ ਦਾ ਪ੍ਰਭਾਵ ਮਾਰਿਆ ਜਾਵੇ। ਉਸ ਦੇ ਪੇਪਰ

ਉੱਤੇ ਲਿਖੇ ਸ਼ਬਦਾਂ ਅਤੇ ਸਟੇਜ ਉੱਤੇ ਬੋਲੇ ਸ਼ਬਦਾਂ ਦੀ ਸ਼ੈਲੀ ਵਿਚ ਬਹੁਤ ਸਮਾਨਤਾ ਹੁੰਦੀ ਸੀ। ਉਹ ਫ਼ਿਕਰੇ ਦਾ ਪ੍ਰਭਾਵ ਮਰਨ ਨਹੀਂ ਸੀ ਦਿੰਦਾ। ਕਈ ਵਾਰ ਉਹ ਆਪਣਾ ਫ਼ਿਕਰਾ ਤੇਜ਼ਾਬ ਨਾਲ ਲਬੇੜ ਕੇ ਅਜਿਹਾ ਟਿਕਾਣੇ ਉੱਤੇ ਮਾਰਦਾ ਕਿ ਲੇਖਕ ਕਈ ਸਾਲ ਖ਼ਾਜ ਕਰਦਾ ਰਹਿੰਦਾ। ਇਸੇ ਕਰਕੇ ਕਈ ਲੇਖਕ ਉਹਨੂੰ 'ਕਠੋਰ ਆਲੋਚਕ' ਵੀ ਕਹਿ ਦਿੰਦੇ ਸਨ। ਉਹ ਆਪਣੀ ਆਲੋਚਨਾ ਵਿੱਚ ਬੜੀ ਸਪੱਸ਼ਟ ਪਹੁੰਚ ਬਣਾਈ ਰੱਖਦਾ ਸੀ। ਜਿਸ ਰਚਨਾ ਨਾਲ ਖੜਦਾ ਸੀ, ਡੋਲਦਾ ਨਹੀਂ ਸੀ।

ਜਿਵੇਂ ਬਲਬੀਰ ਪਰਵਾਨੇ ਨੂੰ ਬਤੌਰ ਨਾਵਲਕਾਰ ਸਥਾਪਤ ਕਰਨ ਵਿਚ ਰਜਨੀਸ਼ ਬਹਾਦਰ ਦਾ ਅਹਿਮ ਯੋਗਦਾਨ ਰਿਹਾ, ਉਂਞ ਹੀ ਮੈਨੂੰ ਬਤੌਰ ਕਹਾਣੀਕਾਰ ਸਥਾਪਤ ਕਰਨ ਵਿਚ ਰਜਨੀਸ਼ ਬਹਾਦਰ ਦਾ ਅਹਿਮ ਯੋਗਦਾਨ ਰਿਹਾ ਹੈ। ਉਹ ਅਕਸਰ ਚਾਰ ਲੇਖਕਾਂ ਵਿੱਚ ਬੈਠਾ ਕਹਿ ਵੀ ਦਿੰਦਾ ਸੀ ਕਿ ਤੁਹਾਡੀ ਰਚਨਾ ਵਿਚ ਦਮ ਹੈ ਤਾਂ ਹੀ ਮੈਂ ਤੁਹਾਡੀ ਰਚਨਾ ਬਾਰੇ ਬੋਲਣ ਤੇ ਲਿਖਣ ਲਈ ਮਜਬੂਰ ਹੋ ਜਾਂਦਾ ਹਾਂ। ਪੰਜਾਬੀ ਦੀ ਬਹੁਤੀ ਆਲੋਚਨਾ ਮੂੰਹ ਤੇ ਦੋਸਤੀਆਂ ਵੇਖ ਕੇ ਕੀਤੀ ਜਾਂਦੀ ਏ। ਪਰ ਮੈਂ ਰਚਨਾ ਵੇਖਦਾ ਹਾਂ। ਦੋਸਤੀਆਂ ਉਹਦੇ ਨਾਲ ਬੱਸ ਜੁੜ ਜਾਂਦੀਆਂ ਹਨ।

'ਨਵਾਂ ਜ਼ਮਾਨਾਂ' ਵਿੱਚ ਕਹਾਣੀ ਸਰਵੇਖਣ ਰਾਹੀਂ ਜਿਹੜੀਆਂ ਦਸ ਕਹਾਣੀਆਂ ਚੁਣੀਆਂ ਜਾਂਦੀਆਂ ਉਨ੍ਹਾਂ ਨੂੰ ਹਰ ਸਾਲ ਰਜਨੀਸ਼ ਬਹਾਦਰ ਇਕ ਕਿਤਾਬ ਵਿਚ ਸੰਪਾਦਤ ਕਰਦਾ। ਉਸ ਨੇ ਮਨਿੰਦਰ ਕਾਂਗ ਦੀ ਕਹਾਣੀ 'ਕੁੱਤੀ ਵਿਹੜਾ' ਇਕ ਕਿਤਾਬ 'ਕੁੱਤੀ ਵਿਹੜਾ ਤੇ ਹੋਰ ਕਹਾਣੀਆਂ' 2009 ਵਿਚ ਸੰਪਾਦਤ ਕਰ ਲਈ। ਇਹ ਕਹਾਣੀ ਪਹਿਲੇ ਨੰਬਰ ਤੇ ਆਈ ਸੀ। ਉਸ ਕਹਾਣੀ ਉੱਤੇ ਲੁਧਿਆਣੇ ਦੀ ਕਿਸੇ ਵਾਲਮੀਕੀ ਸਭਾ ਦੇ ਪ੍ਰਧਾਨ ਨੇ ਕੇਸ ਕਰ ਦਿੱਤਾ ਕਿ ਇਸ ਕਹਾਣੀ ਵਿੱਚ ਵਾਲਮੀਕੀ ਭਾਈਚਾਰੇ ਦੀ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਕਹਾਣੀ ਦਾ ਲੇਖਕ ਤਾਂ ਵਿਛੋੜਾ ਦੇ ਗਿਆ, ਗੱਲ ਸੰਪਾਦਕ ਅਤੇ ਪ੍ਰਕਾਸ਼ਕ ਉੱਤੇ ਆ ਗਈ। ਰਜਨੀਸ਼ ਹੁਰੀਂ ਉਸ ਬੰਦੇ ਨੂੰ ਲੁਧਿਆਣੇ ਮਿਲੇ ਵੀ। ਗੱਲ ਲੈਣ-ਦੇਣ ਤੇ ਨਿਬੜਦੀ ਸੀ। ਉਹ ਲੀਡਰ ਲੱਖਾਂ ਵਿੱਚ ਸੌਦਾ ਕਰ ਰਿਹਾ ਸੀ ਤੇ ਰਜਨੀਸ਼ ਨੇ ਕੇਸ ਲੜਨ ਦਾ ਫ਼ੈਸਲਾ ਕਰ ਲਿਆ ਸੀ। ਇਸ ਗੱਲ ਨੂੰ ਲੈ ਕੇ ਰਜਨੀਸ਼ ਪ੍ਰੇਸ਼ਾਨ ਰਹਿਣ ਲੱਗਾ ਸੀ। ਉਸ ਨੇ ਦਲਿਤ ਕਹਾਣੀ ਉੱਤੇ ਬਹੁਤ ਗੰਭੀਰਤਾ ਨਾਲ ਕੰਮ ਕੀਤਾ ਸੀ। ਗਾਹੇ ਬਗਾਹੇ ਉਹ ਦਲਿਤ ਕਹਾਣੀ ਨੂੰ ਪ੍ਰਮੁੱਖਤਾ ਨਾਲ ਉਭਾਰਦਾ ਵੀ ਸੀ। ਫਿਰ ਉਹ ਦਲਿਤ ਲੀਡਰਾ ਦੇ ਖਿਲਾਫ਼ ਅਕਸਰ ਬੋਲਣ ਲੱਗ ਪਿਆ। ਵਿਚੇ ਸਾਨੂੰ ਵੀ ਬੁਰਾ ਭਲਾ ਕਹਿ ਦਿੰਦਾ। ਉਹਦਾ ਗੁੱਸਾ ਜਾਇਜ਼ ਸੀ ਪਰ ਹਰ ਇਕ ਨੂੰ ਇਕੋ ਰੱਸੇ ਨਾਲ ਬੰਨ੍ਹਣਾ ਠੀਕ ਨਹੀਂ ਸੀ ਲੱਗਦਾ। ਇਕ ਦਿਨ ਰਜਨੀਸ਼ ਮੈਨੂੰ ਕਹਿਣ ਲੱਗਾ, "ਯਾਰ ਭਗਵੰਤ ! ਤੁਹਾਡੇ ਭਾਈਚਾਰੇ ਦੇ ਲੀਡਰ ਲੋਕ ਕਿਸ ਤਰ੍ਹਾਂ ਦੇ ਬੰਦੇ ਨੇ। ਇਹ ਲੋਕ ਕੀ ਕਰ ਰਹੇ ਨੇ। ਯਾਰ ਇਨ੍ਹਾਂ ਨੂੰ ਸਮਝਾਓ ! ਇਸ ਤਰ੍ਹਾਂ ਤੁਹਾਡੇ ਬਾਰੇ ਕੌਣ ਖੁੱਲ੍ਹ ਕੇ ਗੱਲ ਕਰੇਗਾ। ਮੈਂ ਤਾਂ ਦਲਿਤਾਂ ਬਾਰੇ ਗੱਲ ਕਰਨੀ ਬੰਦ ਕਰ ਦਿੱਤੀ ਐ। ਮੈਨੂੰ ਕੀ ਲੋੜ ਪਈ ਐ ਬਲ਼ਦੀ ਵਿਚ ਬੂਥਾ ਦੇਣ ਦੀ।" ਰਜਨੀਸ਼ ਕੱਟੜ ਕਿਸਮ ਦੇ ਦਲਿਤ ਲੀਡਰਾਂ ਦਾ ਗੁੱਸਾ ਸਾਡੇ ਉੱਤੇ ਕੱਢਣ ਲੱਗ ਪਿਆ ਸੀ। ਮੈਂ ਅਕਸਰ ਇਸ ਮਸਲੇ ਨੂੰ ਲੈ ਕੇ ਰਜਨੀਸ਼ ਦੇ ਹੱਕ ਵਿਚ ਖੜਦਾ ਸਾਂ। ਅਸੀਂ ਨਿੱਜੀ ਤੌਰ ਤੇ ਰਜਨੀਸ਼ ਨਾਲ ਖੜੇ ਸਾਂ। ਪਰ ਦਲਿਤ ਜਾਤੀਆਂ ਦੇ ਲੀਡਰਾਂ ਨੂੰ ਕੌਣ ਸਮਝਾਵੇ, ਜਿਹੜੇ ਐਸ. ਸੀ.-ਬੀ. ਸੀ. ਐਕਟ ਦੀ ਦੁਰਵਰਤੋ ਕਰ ਰਹੇ ਸਨ। ਪਰ ਏਥੇ ਰਜਨੀਸ਼ ਨੇ ਸਟੈਂਡ ਲਿਆ ਲਿਆ। ਬਈ ਲੈ ਦੇ

ਕੇ ਸਮਝੌਤਾ ਨਹੀਂ ਕਰਨਾ, ਕੇਸ ਲੜਨਾ ਏ। ਉਸ ਨੇ ਤਿੰਨ ਚਾਰ ਸਾਲ ਕੇਸ ਲੜਿਆ। ਅਖੀਰ ਰਜਨੀਸ਼ ਹੁਰਾਂ ਦੇ ਹੱਕ ਵਿੱਚ ਕੇਸ ਦਾ ਫ਼ੈਸਲਾ ਹੋ ਗਿਆ। ਪਰ ਤਿੰਨ ਚਾਰ ਸਾਲ ਰਜਨੀਸ਼ ਨੇ ਸਫ਼ਰ ਜ਼ਰੂਰ ਕੀਤਾ ਉਹ ਡੋਲਿਆ ਨਹੀਂ।

ਜਦੋਂ ਰਜਨੀਸ਼ ਨੇ 'ਪ੍ਰਵਚਨ' ਕੇਸਰ ਕੋਲੋਂ ਛਪਵਾਉਣਾ ਸ਼ੁਰੂ ਕੀਤਾ ਤਾਂ ਸਾਡਾ ਮਿਲਣਾ ਘਟ ਗਿਆ। ਵਿਚ ਨੂੰ ਮੈਂ ਵੀ ਤਿੰਨ-ਚਾਰ ਮਹੀਨੇ ਕੈਨੇਡਾ ਚਲੇ ਜਾਂਦਾ। ਅਕਸਰ 'ਨਵਾਂ ਜ਼ਮਾਨਾਂ' ਦੇ ਬਲਬੀਰ ਪਰਵਾਨਾ ਦੇ ਕੈਬਿਨ ਵਿੱਚ ਰਜਨੀਸ਼ ਮਿਲ ਪੈਂਦਾ। ਪੰਜ ਸੱਤ ਲੇਖਕ ਕੱਠੇ ਹੋ ਜਾਂਦੇ। ਕਦੇ ਕਦੇ ਤਸਕੀਨ ਵੀ ਹੁੰਦਾ। ਤਸਕੀਨ ਤੇ ਰਜਨੀਸ਼ ਦੇ ਕਿਸੇ ਸਿਧਾਂਤਕ ਮਸਲੇ ਉੱਤੇ ਸਿੰਗ ਫਸ ਜਾਂਦੀ। ਫਿਰ ਦੋਵੇਂ ਆਪਣਾ ਆਪਣਾ ਤਰਕ ਦਿੰਦੇ, ਤਿੱਖੀਆਂ ਬਹਿਸਾ ਕਰਦੇ, ਹਾਰਦਾ ਕੋਈ ਵੀ ਨਾ। ਅਸੀਂ ਸਾਰੇ ਦਰਸ਼ਕ ਬਣ ਜਾਂਦੇ। ਉਨ੍ਹਾਂ ਬਹਿਸਾਂ ਵਿੱਚੋਂ ਬਹੁਤ ਕੁਝ ਸਿੱਖਣ ਨੂੰ ਮਿਲ ਜਾਂਦਾ। ਸਮਾਜ ਅਤੇ ਸਾਹਿਤ ਨੂੰ ਸਮਝਣ ਲਈ ਦਿਮਾਗ ਵਿਚ ਜੋ ਜਾਲ਼ੇ ਲੱਗ ਜਾਂਦੇ ਸਨ ਉਹ ਲੱਥ ਜਾਂਦੇ। ਅਕਸਰ ਵੇਖਦੇ ਸਾਂ ਕਿ ਜੇ ਕਰ ਰਜਨੀਸ਼ ਨੇ ਕਿਸੇ ਠੀਕ-ਗ਼ਲਤ ਮਸਲੇ ਤੇ ਸਟੈਂਡ ਲੈ ਲਿਆ ਤਾਂ ਉਹ ਉਸ ਤੇ ਕਾਇਮ ਰਹਿੰਦਾ ਸੀ। ਪਿੱਛੇ ਨਹੀਂ ਸੀ ਹੱਟਦਾ। ਹਾਲ ਤਸਕੀਨ ਦਾ ਇਹੀ ਸੀ।

ਪਤਨੀ ਦੇ ਵਿਛੋੜੇ ਨੇ ਉਸ ਨੂੰ ਇਕੱਲਾ ਜਿਹਾ ਕਰ ਦਿੱਤਾ। ਮੁੜ ਵਿਆਹ ਦਾ ਤਾਂ ਉਹਨੇ ਵਰਕਾ ਈ ਪਾੜ ਦਿੱਤਾ ਸੀ। ਉਂਜ ਉਹਦੀਆਂ ਗੱਲਬਾਤ ਕਰਨ ਵਾਲੀਆਂ ਸਹੇਲੀਆਂ ਜ਼ਰੂਰ ਸਨ। ਉਹਦਾ ਖਾਣ-ਪੀਣ ਦਾ ਕੋਈ ਸਮਾਂ ਨਾ ਰਿਹਾ। ਰਸ਼ੀਲਾ ਨਗਰ ਵਿਚ ਉਸ ਨੇ ਆਪਣੀ ਕੋਠੀ ਬਣਾ ਲਈ ਸੀ। ਉਸ ਕੋਠੀ ਵਿਚ ਮੈਂ ਅਕਸਰ ਜਾਂਦਾ ਰਹਿੰਦਾ ਸੀ। ਉਹਦੇ ਘਰ ਦੀ ਸਾਫ਼ ਸਫ਼ਾਈ ਕਰਨ ਲਈ ਇਕ ਅਧਖੜ ਔਰਤ ਆਉਂਦੀ ਸੀ। ਉਹ ਘਰ ਸਾਫ਼ ਕਰ ਜਾਂਦੀ ਸੀ ਅਤੇ ਉਹਦੇ ਲਈ ਰੋਟੀ ਬਣਾ ਜਾਂਦੀ ਸੀ। ਕਈ ਵਾਰ ਉਹ ਸਵੇਰ ਦੀ ਬਣੀ ਰੋਟੀ ਸ਼ਾਮ ਨੂੰ ਵੀ ਖਾ ਲੈਂਦਾ ਸੀ। ਰਾਹੁਲ ਉਰਫ਼ ਸ਼ੈਂਕੀ ਪੜ੍ਹ ਕੇ ਦੂਰ ਕਿਤੇ ਨੌਕਰੀ ਲੱਗ ਗਿਆ ਸੀ। ਉਹਦੇ ਕੋਲ ਉਹਦੀ ਬੇਟੀ ਸਾਰਾ ਸੀ। ਉਹ ਵੀ ਉਸ ਨੇ ਕਿਸੇ ਹੋਸਟਲ ਪਾ ਦਿੱਤੀ ਸੀ। ਜਦੋਂ ਕਦੇ ਮੈਂ ਉਹਦੇ ਘਰ ਜਾਂਦਾ ਤਾਂ ਥਾਂ-ਥਾਂ ਕਿਤਾਬਾਂ ਪਈਆਂ ਹੁੰਦੀਆਂ ਸਨ। ਡਾਇਨਿੰਗ ਟੇਬਲ ਕਿਤਾਬਾਂ ਨਾਲ ਭਰਿਆ ਰਹਿੰਦਾ ਸੀ। ਲੌਬੀ ਦੇ ਤਖਤਪੋਸ਼ ਉੱਤੇ ਵੀ ਕਿਤਾਬਾਂ ਖਿੱਲਰੀਆਂ ਰਹਿੰਦੀਆਂ ਸਨ। ਸੋਫ਼ੇ ਉੱਤੇ ਅਕਸਰ ਹੀ ਕੋਈ ਕਿਤਾਬ ਟੇਡੀ ਜਾਂ ਅੱਧ ਖੁੱਲ੍ਹੀ ਦਿਸ ਪੈਂਦੀ। ਉਹ ਅਕਸਰ ਹੀ ਕਹਿ ਦਿੰਦਾ, "ਭਗਵੰਤ ਹੁਣ ਤਾਂ ਮੇਨ ਕੰਮ ਪੜ੍ਹਨਾ ਤੇ ਲਿਖਣਾ ਹੈ। ਮੈਂ ਪਰਚੇ ਦੇ ਹਰ ਅੰਕ ਵਿੱਚ ਇਕ ਨਾਵਲ ਜਾਂ ਕਹਾਣੀ ਸੰਗ੍ਰਹਿ ਤੇ ਲੇਖ ਲਿਖਦਾ ਹਾਂ। ਇਨ੍ਹਾਂ ਲੇਖਾਂ ਦੀ ਬਾਅਦ ਵਿਚ ਇਕ ਆਲੋਚਨਾ ਦੀ ਕਿਤਾਬ ਬਣ ਜਾਣੀ ਏ। ਮੈਂ ਕਿਤਾਬ ਨੂੰ ਮੁੱਖ ਰੱਖ ਕੇ ਕੰਮ ਕਰਦਾ ਹਾਂ। ਹਰ ਲੇਖ ਪੰਦਰਾਂ-ਵੀਹ ਪੰਨਿਆਂ ਦਾ ਹੁੰਦਾ ਏ। ਦਸ ਲੇਖਾਂ ਦੀ 150 ਪੰਨਿਆਂ ਦੀ ਕਿਤਾਬ ਬਣ ਜਾਣੀ ਏ। ਵੀਹ ਪੇਜ ਦੀ ਭੂਮਿਕਾ ਹੋ ਜਾਣੀ ਏ।" ਇੰਜ ਉਹ ਹਰ ਕੰਮ ਇਕ ਪ੍ਰੋਜੈਕਟ ਬਣਾ ਕੇ ਕਰਦਾ ਸੀ। ਰਜਨੀਸ਼ ਜਿਹੜੀਆਂ 'ਪ੍ਰਵਚਨ' ਦੀਆਂ ਸੰਪਾਦਕੀਆਂ ਲਿਖਦਾ ਸੀ ਉਹ ਵੀ ਭਵਿੱਖ ਵਿਚ ਕਿਤਾਬ ਦਾ ਸੋਚ ਕੇ ਲਿਖਦਾ ਸੀ। ਕਹਾਣੀ ਦੇ ਪਾਤਰਾਂ ਬਾਰੇ ਉਸ ਨੇ ਬਹੁਤ ਮੁੱਲਵਾਨ ਸੰਪਾਦਕੀਆਂ ਲਿਖੀਆਂ ਸਨ। ਜਿਨ੍ਹਾਂ ਨੂੰ ਬਾਅਦ ਵਿੱਚ 'ਪੰਜਾਬੀ ਕਹਾਣੀ ਦੇ ਪਾਤਰ-ਵਿਧੀ ਤੇ ਵਿਚਾਰ' ਨਾਂ ਵਾਲੀ ਕਿਤਾਬ ਵਿਚ ਵਰਤ ਲਿਆ ਸੀ। ਕਹਾਣੀ ਦੇ ਪਾਤਰਾਂ ਬਾਰੇ

ਪਹਿਲਾਂ ਨਿੱਠ ਕੇ ਅਜਿਹਾ ਕੰਮ ਨਹੀਂ ਹੋਇਆ ਸੀ।

ਸਾਲ 2010 ਦਾ ਜੁਲਾਈ-ਅਗਸਤ ਦਾ ਸਮਾਂ ਹੋਵੇਗਾ, ਜਦੋਂ ਸਵਰਨ ਚੰਦਨ ਆਪਣੇ ਨਵੇਂ ਨਾਵਲ 'ਸਮਾਂ' ਦਾ ਖਰੜਾ ਲੈ ਕੇ ਆ ਰਜਨੀਸ਼ ਦੇ ਘਰ ਆ ਗਿਆ ਸੀ। ਉਹ ਨਾਵਲ ਨੂੰ ਫਾਇਨਲ ਕਰਕੇ ਸਤੀਸ਼ ਗੁਲਾਟੀ ਨੂੰ ਛਪਣ ਲਈ ਦੇ ਦੇਣਾ ਚਾਹੁੰਦਾ ਸੀ। ਰਜਨੀਸ਼ ਹੁਰਾਂ ਨੇ ਨਾਵਲ ਦੀ ਕੰਪੋਜ਼ਿੰਗ ਦੀ ਜਿੰਮੇਵਾਰੀ ਮੇਰੀ ਲਗਾ ਦਿੱਤੀ ਸੀ। ਮੈਂ 'ਪ੍ਰਵਚਨ' ਵੀ ਤਿਆਰ ਕਰਦਾ ਸਾਂ ਤੇ ਮੇਰਾ ਰਜਨੀਸ਼ ਦੇ ਘਰ ਆਣਾ ਜਾਣਾ ਲੱਗਾ ਰਹਿੰਦਾ ਸੀ। ਮੈਂ ਪੰਜਾਹ ਸੱਠ ਪੇਜ਼ ਕੰਪੋਜ਼ ਕਰਦਾ ਤਾਂ ਰਜਨੀਸ਼ ਦੇ ਘਰ ਵੱਲ ਮੋਟਰਸਾਇਕਲ ਚੁੱਕ ਕੇ ਤੁਰ ਪੈਂਦਾ। ਉੱਥੇ ਹੀ ਸਵਰਨ ਚੰਦਨ ਰੁਕਿਆ ਹੋਇਆ ਸੀ। ਰਜਨੀਸ਼ ਘਰ ਦੇ ਕਿਸੇ ਕੰਮ ਲੱਗਾ ਹੁੰਦਾ ਮੈਂ ਤੇ ਸਵਰਨ ਚੰਦਨ ਬੈਠਕ ਵਿੱਚ ਬੈਠ ਕੇ ਗੱਲਾਂ ਕਰਨ ਲੱਗ ਪੈਂਦੇ। ਕੁਝ ਚਿਰ ਬਾਅਦ ਰਜਨੀਸ਼ ਚਾਹ ਦੇ ਤਿੰਨ ਕੱਪ ਲੈ ਕੇ ਆ ਗਿਆ। ਮੈਂ ਕਹਿਣ ਲੱਗਾ, "ਡਾਕਟਰ ਸਾਹਿਬ ਭਾਜੀ ਸਵਰਨ ਚੰਦਨ ਦਾ ਕੋਈ ਸਮਾਗਮ ਈ ਕਰਵਾ ਛੱਡਣਾ ਸੀ।" ਚਾਹ ਦੀਆਂ ਚੁਸਕੀਆਂ ਲੈਂਦਾ ਰਜਨੀਸ਼ ਬੋਲਿਆ, "ਵੇਖ ਭਗਵੰਤ! ਮੈਂ ਇਹ ਕੰਮ ਤਾਂ ਕਰਦਾ ਨਹੀਂ... ਚੰਦਨ ਨੂੰ ਮੈਂ ਆਏ ਨੂੰ ਕਹਿ ਦਿੱਤਾ ਸੀ ਬਈ ਵੇਖ ਤੂੰ ਮੇਰੇ ਘਰ ਭਾਵੇਂ ਦਸ ਦਿਨ ਰਹਿ ਭਾਵੇਂ ਪੰਦਰਾਂ ਵੀਹ ਦਿਨ ਰਹਿ... ਤੈਨੂੰ ਰੋਟੀ ਉਹੋ ਜਿਹੀ ਮਿਲੂ ਜਿਹੋ ਜਿਹੀ ਮੈਂ ਖਾਂਦਾ। ਜੇ ਤੂੰ ਦਾਰੂ ਪੀਣੀ ਆ ਤਾਂ ਆਪਣੀ ਲੈ ਆ। ਜੇ ਤੂੰ ਕਹੇ ਬਈ ਮੈਂ ਤੇਰਾ ਦੇਸ਼ ਭਗਤ ਹਾਲ ਜਾਂ ਡੀ. ਏ. ਵੀ ਕਾਲਜ ਰੂਬਰੂ ਕਰਵਾ ਦਿਆਂ ਜਾਂ ਕਹੇ ਬਈ ਮੈਨੂੰ ਅੱਜ ਅੰਮ੍ਰਿਤਸਰ ਯੂਨਵਰਸਿਟੀ ਸੈਮੀਨਾਰ ਤੇ ਲੈ ਜਾ ਜਾਂ ਚੰਡੀਗੜ੍ਹ ਲੈ ਜਾ ਇਹ ਕੰਮ ਮੇਰੇ ਤੋਂ ਨ੍ਹੀਂ ਹੋਣਾ। ਜਿਵੇਂ ਅੱਜ ਕੱਲ ਪਰਵਾਸੀ ਲੇਖਕਾਂ ਨੂੰ ਝੋਲੀ ਚੁੱਕ ਏਅਰਪੋਰਟ ਤੋਂ ਚੁੱਕ ਲੈਂਦੇ ਨੇ। ਉਨ੍ਹਾਂ ਦੇ ਥਾਂ-ਥਾਂ ਰੂ ਬ ਰੂ ਕਰਵਾਉਂਦੇ ਨੇ। ਉਨ੍ਹਾਂ ਦਾ ਖਾਂਦੇ ਨੇ.... ਜਦੋਂ ਪਰਵਾਸੀ ਲੇਖਕ ਜਹਾਜੇ ਚੜ੍ਹਦਾ ਏ ਤਾਂ ਉਹਨੂੰ ਛੱਜ 'ਚ ਪਾ ਕੇ ਛੱਟਦੇ ਨੇ... ਉਹਦੀ ਨਿੰਦਿਆ ਕਰਨ ਲੱਗ ਪੈਂਦੇ ਨੇ...ਇਹ ਕੰਮ ਮੇਰੇ ਕੋਲੋਂ ਨਹੀਂ ਹੋਣਾ।"

ਸਵਰਨ ਚੰਦਨ ਰਜਨੀਸ਼ ਦੀ ਗੱਲ ਸੁਣ ਖੁੱਲ੍ਹ ਕੇ ਹੱਸ ਪੈਂਦਾ, "ਬਈ ਏਸ ਗੱਲੋਂ ਰਜਨੀਸ਼ ਕੋਰਾ ਬੰਦਾ ਐ.. ਸਵਰਨ ਚੰਦਨ ਤਾਂ ਉਂਜ ਈ ਵੱਡਾ ਨਾਵਲਕਾਰ ਐ... 'ਕੰਜਕਾਂ' ਵਾਲਾ...ਪੰਜਾਹ ਸਾਲ ਤੱਕ ਕੋਈ ਪਰਵਾਸੀ 'ਕੰਜਕਾਂ' ਵਰਗਾ ਐਪਿਕ ਨਾਵਲ ਨ੍ਹੀਂ ਲਿਖ ਸਕਦਾ...(ਮੇਰੇ ਵੱਲ ਮੂੰਹ ਕਰਕੇ)... ਭਗਵੰਤ ਤੂੰ ਵੇਖੀਂ ਆਹ 'ਸਮਾਂ' ਨਾਵਲ ਵਿੱਚ ਮੈਂ ਦਿੱਲੀ ਦਰਬਾਰ ਦੇ ਥੰਮਾਂ ਦੀ ਐਹੀ ਤੇਹੀ ਫੇਰ ਦਿੱਤੀ ਐ... ਹੱਥ ਲਾ ਲਾ ਵੇਖਣਗੇ... ਬਸ ਅਗਲੀਆਂ ਪਿਛਲੀਆਂ ਕਸਰਾਂ ਕੱਢ ਦਿੱਤੀਆਂ... ਤੂੰ ਭਲਾ ਸਾਰਾ ਪੜ੍ਹ ਲਿਆ... ਬਣੀ ਗੱਲ ?" ਸਵਰਨ ਚੰਦਨ ਕਦੇ ਮੇਰੇ ਵੱਲ ਕਦੇ ਰਜਨੀਸ਼ ਵੱਲ ਵੇਖਦਾ ਬੋਲਦਾ ਏ।

"ਵੇਖ ਚੰਦਨ! ਮੈਂ ਏਸ ਨਾਵਲ ਦੀ ਤਾਂ ਈ ਗੱਲ ਕਰੂ ਜੇ ਇਹ ਨਾਵਲ ਹੋਇਆ... ਨਹੀਂ ਕੋਈ ਲਿਹਾਜ਼ ਨਹੀਂ.... ਠੀਕ ਐ ਤੂੰ 'ਪ੍ਰਵਚਨ' 'ਤੇ ਪੈਸੇ ਲਾਉਂਦਾ ਏ... ਪਰ ਮੇਰੇ ਸਾਹਮਣੇ ਤੇਰੀ ਇਹ ਰਚਨਾ ਹੋਵੇਗੀ। ਜੋ ਮੇਰੇ ਮਨ ਵਿਚ ਆਇਆ ਲਿਖੂੰ।" ਰਜਨੀਸ਼ ਸਪੱਸ਼ਟ ਤੇ ਠੋਸ ਜਵਾਬ ਦਿੰਦਾ ਏ।

ਸਵਰਨ ਚੰਦਨ, ਖੱਚਰਾ ਹੱਸਦਾ ਬੋਲਿਆ ਸੀ, "ਇਹ ਕਾਮਰੇਡ ਵੀ ਲੱਕੜ ਦੇ ਹੁੰਦੇ ਐ... ਗੱਲ ਸੁਣ ਰਜਨੀਸ਼! ਸਵਰਨ ਚੰਦਨ ਨੂੰ ਫਹੁੜੀਆਂ ਦੀ ਲੋੜ ਨਹੀਂ... 'ਕੰਜਕਾਂ' ਵਰਗਾ

ਨਾਵਲ ਅਜੇ ਤੱਕ ਕਿਸੇ ਕੋਲੋਂ ਲਿਖ ਨਹੀਂ ਹੋਇਆ। ਮੈਨੂੰ ਯਕੀਨ ਸੀ ਏਹ ਨਾਵਲ ਸਾਹਿਤ ਅਕੈਡਮੀ ਐਵਾਰਡ ਦੇ ਹਾਣ ਦਾ ਐ... ਪਰ ਨੂਰ ਗਰੁੱਪ ਮੇਰੇ ਖ਼ਿਲਾਫ਼ ਸੀ... ਉਨ੍ਹਾਂ ਮੈਨੂੰ ਖੂੰਜੇ ਲਾਈ ਰੱਖਿਆ। ਮੈਂ ਖਿੱਝ ਕੇ 'ਸਾਹਿਤਕ ਸੂਰਜ' ਬੰਦ ਕਰਕੇ ਦਿੱਲੀ ਦੇ ਫਲੈਟ ਨੂੰ ਜਿੰਦਾ ਲਗਾ ਕੇ ਇੰਗਲੈਂਡ ਚਲੇ ਗਿਆ... ਏਸ ਖਿੱਝ ਵਿਚੋਂ 'ਸਮਾਂ' ਨਿਕਲਿਆ।" ਸਵਰਨ ਚੰਦਨ ਦੇ ਅੰਦਰਲਾ ਦਰਦ ਬਾਹਰ ਆ ਗਿਆ ਸੀ।

ਘਰ ਵਿਚ ਚੰਦਨ ਤੇ ਰਜਨੀਸ਼ ਦੋਵੇਂ 'ਛੜੇ' ਸਨ। ਕੰਮ ਵਾਲੀ ਬੇਬੇ ਉਨ੍ਹਾਂ ਲਈ ਰੋਟੀ ਪਾਣੀ ਬਣਾ ਜਾਂਦੀ। ਰਜਨੀਸ਼ ਕਾਲਜ ਪੜ੍ਹਾਉਣ ਚਲੇ ਜਾਂਦਾ ਤੇ ਚੰਦਨ 'ਸਮਾਂ' ਦੇ ਪਰੂਫ਼ ਪੜ੍ਹਨ ਬੈਠ ਜਾਂਦਾ। ਕਦੇ ਮੈਨੂੰ ਹਾਕ ਮਾਰ ਲੈਂਦਾ। ਮੈਂ ਉਹਨੂੰ ਮੋਟਰਸਾਇਕਲ ਉੱਤੇ ਬਿਠਾ ਕੇ ਦਫ਼ਤਰ ਲੈ ਆਉਂਦਾ ਕਦੇ ਅਸੀਂ ਜਲੰਧਰ ਜਾਂ ਨਵਾਂ ਜ਼ਮਾਨਾਂ ਦਾ ਗੇੜਾ ਮਾਰ ਆਉਂਦੇ। ਮੈਂ ਅਕਸਰ ਕਹਿੰਦਾ, "ਭਾਜੀ ਮੈਂ ਵੀ ਕਿਹਾ ਕਰਨਾ ਕਦੇ ਮੇਰੇ ਮੋਟਰ ਸਾਇਕਲ ਮਗਰ 'ਕੰਜਕਾਂ' ਵਰਗੇ ਸ਼ਾਹਕਾਰ ਨਾਵਲ ਨੂੰ ਲਿਖਣ ਵਾਲਾ ਚੰਦਨ ਵੀ ਬੈਠਦਾ ਹੁੰਦਾ ਸੀ।" ਚੰਦਨ ਤੇ ਮੈਂ ਉੱਚੀ ਉੱਚੀ ਹੱਸ ਪੈਂਦੇ।

ਰਜਨੀਸ਼ ਪਰਵਾਸੀ ਲੇਖਕਾਂ ਨੂੰ ਮੋਢਿਆ 'ਤੇ ਚੁੱਕੀ ਨਹੀਂ ਸੀ ਫਿਰਦਾ। ਨਾ ਹੀ ਸਾਈਆਂ ਲਾਉਂਦਾ ਸੀ। ਇਕ ਵਾਰ ਦਰਸ਼ਨ ਧੀਰ ਜਲੰਧਰ ਆ ਗਿਆ। ਰਜਨੀਸ਼ ਉਸ ਨੂੰ ਦੇਸ਼ ਭਗਤ ਯਾਦਗਾਰੀ ਹਾਲ ਵਿੱਚ ਮਿਲਣ ਗਿਆ। ਉਸ ਨੂੰ 'ਪ੍ਰਵਚਨ' ਦਾ ਚੰਦਾ ਦਿੰਦਾ ਬੋਲਿਆ, "ਯਾਰ! ਆਹ ਨਾਵਲ ਛਪਿਆ ਹੈ। ਇਹਦੇ ਬਾਰੇ ਆਪ ਵਧੀਆਂ ਜਿਹਾ ਲੇਖ ਲਿਖ ਦਈਂ। ਨਾਲੇ 'ਨਵਾਂ ਜ਼ਮਾਨਾਂ' ਵਿੱਚ ਸਲਾਨਾ ਨਾਵਲਾਂ ਦੇ ਲੇਖੇ ਜੋਖੇ ਵਿਚ ਇਹਦਾ ਚੱਜ ਨਾਲ ਜ਼ਿਕਰ ਕਰ ਦੇਵੀਂ। " ਰਜਨੀਸ਼ ਝੱਟ ਬੋਲ ਪਿਆ, "ਵੇਖ ਧੀਰ! ਆਹ ਚੰਦੇ ਦਾ ਤੈਨੂੰ ਪਰਚਾ ਭੇਜੀ ਜਾਣਾ... ਹੁਣ ਤੂੰ ਇਹ ਆਸ ਨਾ ਰੱਖੀ ਬਈ ਤੂੰ ਸੌ ਪੌਂਡ ਦੇ ਦਿੱਤਾ ਤਾਂ ਮੈਂ ਤੇਰੇ ਬਾਰੇ ਲੇਖ ਵੀ ਲਿਖੂੰਗਾ। ਇਹ ਨਹੀਂ ਹੋਣਾ।" ਫਿਰ 'ਨਵਾਂ ਜ਼ਮਾਨਾਂ' ਵਿਚ ਛਪਦੇ ਸਾਲਾਨਾ ਲੇਖ ਵਿੱਚ ਰਜਨੀਸ਼ ਨੇ ਧੀਰ ਦੇ ਨਾਵਲ 'ਸਲਤਨਤ' ਦੀ ਛਿੱਲ ਲਾਹ ਦਿੱਤੀ ਸੀ।

ਦਰਸ਼ਨ ਧੀਰ ਨੇ ਆਪਣੇ ਨਾਵਲ ਉੱਤੇ ਗੋਸ਼ਟੀ ਆਪਣੀ ਜੇਬ ਵਿੱਚੋਂ ਪੈਸੇ ਖਰਚ ਕੇ ਕੀਤੀ। ਸ਼ਾਮ ਨੂੰ ਜਲੰਧਰੀਆਂ ਨੂੰ ਮੁਰਗੇ ਦੀਆਂ ਲੱਤਾਂ ਨਾਲ ਦਾਰੂ ਵੀ ਪਿਆਈ। ਪੰਦਰਾਂ-ਵੀਹ ਜਣੇ ਸੀ। ਸਾਰੇ ਦਾਰੂ ਪੀਂਦੇ ਗੱਪਾਂ ਮਾਰਦੇ ਤੇ ਧੀਰ ਦੇ ਨਾਵਲਾਂ ਦੀਆਂ ਤਰੀਫ਼ਾਂ ਕਰਦੇ ਰਹੇ। ਗੋਸ਼ਟੀ ਦੀਆਂ ਗੱਲਾਂ ਕਰਦਿਆਂ ਰਾਤ ਕਾਫੀ ਉੱਤਰ ਆਈ। ਰਜਨੀਸ਼ ਤਾਂ ਪਹਿਲਾਂ ਹੀ ਚਲੇ ਗਿਆ ਸੀ। ਬਿੱਲ ਆ ਗਿਆ, ਧੀਰ ਕਹਿੰਦਾ, "ਯਾਰ ਮੱਖਣ! ਰਜਨੀਸ਼ ਤਾਂ ਚਲੇ ਗਿਆ, ਉਹਨੇ ਬਿੱਲ ਦੇਣਾ ਸੀ।" ਚਲੋ ਬਿੱਲ ਮੱਖਣ ਨੇ ਦੇ ਦਿੱਤਾ। ਦਰਸ਼ਨ ਧੀਰ ਨੂੰ ਕੋਈ ਸੱਜਣ ਰਜਨੀਸ਼ ਦੇ ਘਰ ਛੱਡ ਆਇਆ। ਉੱਥੇ ਉਸ ਨੇ ਰਾਤ ਰੁਕਣਾ ਸੀ। ਦੂਜੇ ਦਿਨ ਮੱਖਣ ਮਾਨ, ਰਜਨੀਸ਼ ਦੇ ਘਰ ਰਾਤੀਂ ਦਿੱਤੇ ਬਿੱਲ ਦੇ ਪੈਸੇ ਲੈਣ ਚਲੇ ਗਿਆ। ਮੱਖਣ ਕੋਲੋਂ ਬਿੱਲ ਫੜ ਕੇ ਧੀਰ ਨੇ ਰਜਨੀਸ਼ ਵੱਲ ਕਰ ਦਿੱਤਾ, "ਬਈ ਤੂੰ ਪੈਸੇ ਦੇ।" ਰਜਨੀਸ਼ ਨੇ ਟਕੇ ਵਰਗਾ ਜੁਆਬ ਦੇ ਦਿੱਤਾ, "ਵੇਖ ਧੀਰ! ਪਾਰਟੀ ਤੂੰ ਦਿੱਤੀ ਐ...ਤੇਰੀ ਗੋਸ਼ਟੀ ਤੇ ਸਾਰੇ ਆਏ ਐ... ਤੇਰੇ ਮਹਿਮਾਨ ਐ... ਮੈਂ ਕਿਓਂ ਬਿੱਲ ਦੇਵਾਂ... ਮੈਂ ਪਰਵਾਸੀ ਲੇਖਕਾਂ ਦੀ ਸੇਵਾ ਕਰਨ ਵਾਲਾ ਨਹੀਂ।" ਧੀਰ ਅਣਮੰਨੇ ਜਿਹੇ ਮਨ ਨਾਲ ਪੈਸੇ ਦਿੰਦਾ ਕਹਿਣ ਲੱਗਾ, "ਚੰਗਾ ਬੰਦਾ ਐ

ਬਈ... ਡਾਕਟਰ ਰਜਨੀਸ਼! ਨਾਲੇ ਗੋਸ਼ਟੀ ਵਿੱਚ ਮੇਰੇ ਨਾਵਲ ਦੇ ਖਿਲਾਫ਼ ਬੋਲਿਆ... ਹੁਣ ਬਿੱਲ ਵੀ ਨਹੀਂ ਦਿੰਦਾ।"

ਜੂਨ, 2015 ਵਿਚ ਮੈਂ ਕੈਨੇਡਾ ਗਿਆ ਤਾਂ ਰਜਨੀਸ਼ ਆਪਣਾ ਪਰਚਾ 'ਪ੍ਰਵਚਨ' ਕੇਸਰ ਕੋਲੋਂ ਤਿਆਰ ਕਰਵਾਉਣ ਲੱਗ ਪਿਆ। ਮੈਂ ਆਪੇ ਹੀ ਕਹਿ ਦਿੱਤਾ ਕਿ ਤੁਸੀਂ ਹੁਣ ਪਰਚਾ ਤਿਆਰ ਕਰਨ ਦਾ ਪ੍ਰਬੰਧ ਕਰ ਲੈਣਾ। ਮੈਂ ਵੀ ਚਾਹੁੰਦਾ ਸੀ ਕਿ ਰਜਨੀਸ਼ ਹੁਣ ਪਰਚਾ ਕਿਸੇ ਹੋਰ ਥਾਂ ਤੋਂ ਤਿਆਰ ਕਰਵਾ ਲਿਆ ਕਰੇ। ਕਈ ਸਾਲ 'ਪ੍ਰਵਚਨ' ਮੈਂ ਛਾਪਦਾ, ਟਿਕਟਾਂ ਤੇ ਐਡਰੈੱਸ ਲਾਉਂਦਾ ਤੇ ਪੋਸਟ ਕਰਦਾ ਰਿਹਾ। ਪੈਸੇ ਦੇਣ ਦੇ ਮਾਮਲੇ ਵਿਚ ਰਜਨੀਸ਼ ਕੋਰਾ ਸੀ। ਮੈਂ ਜਿੰਨਾ ਬਿੱਲ ਬਣਾ ਦਿੰਦਾ, ਉਹ ਬਿਨਾਂ ਕੋਈ ਗੱਲ ਕਰੇ ਪੈਸੇ ਮੈਨੂੰ ਦੇ ਦਿੰਦਾ। ਮੈਂ ਵੀ ਉਹਦਾ ਵਿਸ਼ਵਾਸ ਕਦੇ ਤੋੜਿਆ ਨਾ, ਵਾਧੂ ਪੈਸੇ ਲੈਣ ਦਾ ਲਾਲਚ ਕਦੇ ਨਾ ਕੀਤਾ। ਬਾਅਦ ਵਿਚ ਸਾਡਾ ਮਿਲਣਾ ਘੱਟਣ ਲੱਗ ਪਿਆ। ਕਿਤੇ ਕਿਤੇ ਜਲੰਧਰ ਜਾਂ ਨਵਾਂ ਜ਼ਮਾਨਾਂ ਵਿੱਚ ਬਲਬੀਰ ਪਰਵਾਨਾ ਦੇ ਕੈਬਨ ਜਾਂ ਫਿਰ ਸੁਕੀਰਤ, ਜਸ ਮੰਡ ਦੇ ਕੈਬਿਨ ਵਿਚ ਰਜਨੀਸ਼ ਮਿਲ ਪੈਂਦਾ। ਚਾਹ ਆ ਜਾਂਦੀ ਅਤੇ ਸਾਹਿਤ ਦੀਆਂ ਗੱਲਾਂ ਹੋਣ ਲੱਗ ਪੈਂਦੀਆਂ। ਰਜਨੀਸ਼ ਦਾ ਇਹ ਸੁਭਾਅ ਪੱਕਦਾ ਜਾ ਰਿਹਾ ਸੀ ਕਿ ਉਹ ਜਿਹਦੇ ਖ਼ਿਲਾਫ਼ ਹੋ ਜਾਂਦਾ ਸੀ, ਉਹਨੂੰ ਵਲ਼ ਪਾ ਕੇ ਰਗੜਾ ਲਾਉਂਦਾ ਸੀ। ਰਗੜਾ ਲਾਉਣ ਲਈ ਉਹਦੇ ਕੋਲ ਬੜੇ ਤਰਕ ਹੁੰਦੇ ਸਨ। ਫਿਰ ਉਸ ਸੱਜਣ ਦੇ ਖ਼ਿਲਾਫ਼ ਵਾਕਾਂ ਵਿੱਚ ਸ਼ਬਦ ਘਰੋੜ-ਘਰੋੜ ਕੇ ਅਤੇ ਚਿਣ-ਚਿਣ ਕੇ ਵਰਤਦਾ ਸੀ। ਕਈ ਸਰੋਤੇ ਉਹਦੀਆਂ ਗੱਲਾਂ ਸੁਣ ਸਵਾਦ ਲੈਂਦੇ। ਕਈ ਦੁੱਖੀ ਹੋ ਕੇ ਵਿਸ ਘੋਲ਼ਦੇ ਰਹਿੰਦੇ।

ਇਕ ਸਮਾਂ ਆਇਆ ਸਵਰਨ ਚੰਦਨ 'ਪ੍ਰਵਚਨ' ਦੀ ਆਰਥਿਕ ਸਹਾਇਤਾ ਕਰਨ ਤੋਂ ਹੱਥ ਪਿੱਛੇ ਖਿੱਚਣ ਲੱਗ ਪਿਆ। ਪਰ ਰਜਨੀਸ਼ ਡਟਿਆ ਰਿਹਾ। ਉਸ ਨੇ 'ਪ੍ਰਵਚਨ' ਛਾਪਣ ਤੇ ਸੰਪਾਦਤ ਕਰਨ ਦਾ ਪ੍ਰਬੰਧ ਕਰ ਲਿਆ ਤੇ ਪਰ ਚੰਦਨ ਦਾ ਨਾਂ 'ਮੁੱਖ ਸੰਪਾਦਕ' ਦੇ ਤੌਰ ਤੇ ਚਿਪਕਾਈ ਰੱਖਿਆ।

ਜਦੋਂ ਮੇਰੀ ਕਿਤਾਬ 'ਮਰਨ ਰੁੱਤ' ਨੂੰ ਨਵਾਂ ਜ਼ਮਾਨਾਂ ਅਤੇ ਜਸ ਮੰਡ ਹੁਰੀਂ ਸਾਲ ਦੀ ਬੇਹਤਰ ਕਿਤਾਬ ਦਾ ਇਨਾਮ ਦੇਣ ਦਾ ਐਲਾਨ ਕੀਤਾ ਤਾਂ ਮੈਨੂੰ ਲੱਗਾ ਕਿ ਰਜਨੀਸ਼ ਦਾ ਇਸ ਇਨਾਮ ਦੇਣ ਵਿੱਚ ਅਹਿਮ ਰੋਲ ਹੈ। ਜਦੋਂ ਬੱਸ ਸਟੈਂਡ ਸਮਾਗਮ ਰੱਖਿਆ ਗਿਆ ਤਾਂ ਮੱਖਣ ਮਾਨ ਤੇ ਕਾਲੀ ਨੇ ਉਸੇ ਦਿਨ ਸੇਖੋਂ ਗਰੈਂਡ 'ਜਗਤਾਰ' ਦੇ ਨਾਂ ਤੇ ਐਵਾਰਡ ਦੇਣ ਵਾਲਾ ਵੱਖਰਾ ਸਮਾਗਮ ਰੱਖ ਲਿਆ। ਇਸ ਗੱਲ ਦਾ ਜਦੋਂ ਰਜਨੀਸ਼ ਨੂੰ ਪਤਾ ਲੱਗਾ ਤਾਂ ਉਹ ਮੈਨੂੰ ਕਹਿਣ ਲੱਗਾ, "ਭਗਵੰਤ ਆਹ ਤੇਰੇ ਦੋਸਤਾਂ ਨੇ ਤੇਰੇ ਖ਼ਿਲਾਫ਼ ਤੇ ਵਿਰੋਧ ਵਿਚ ਆਪਣਾ ਸਮਾਗਮ ਰੱਖ ਲਿਆ। ਤੂੰ ਕਿਹਾ ਨ੍ਹੀਂ ਇਨ੍ਹਾਂ ਨੂੰ... ਮੈਨੂੰ ਲਗਦਾ ਇਹ ਤੇਰੇ ਤੋਂ ਖ਼ਾਰ ਖਾਂਦੇ ਐ।" ਮੈਂ ਹੱਸ ਪਿਆ। ਖ਼ੈਰ ਉਸ ਸਮਾਗਮ ਵਿਚ ਰਜਨੀਸ਼ ਨੇ ਮੈਨੂੰ ਇਕ ਕਹਾਣੀਕਾਰ ਤੌਰ ਤੇ ਸਥਾਪਤ ਕਰਨ ਲਈ ਸਿਧਾਂਤਕ ਨਜ਼ਰੀਏ ਤੋਂ ਕਿਤਾਬ ਵਿਚ ਸ਼ਾਮਿਲ ਕਹਾਣੀਆਂ ਦਾ ਜਿਕਰ ਕੀਤਾ। ਜਗਵਿੰਦਰ ਜੋਧੇ ਕੋਲੋਂ ਰਜਨੀਸ਼ ਨੇ ਪਰਚਾ ਲਿਖਵਾ ਕੇ ਉੱਥੇ ਪੜ੍ਹਾਇਆ।

ਜਦੋਂ ਡੀ. ਏ. ਵੀ. ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦਾ ਰਜਨੀਸ਼ ਮੁਖੀ ਬਣਿਆ ਤਾਂ ਵਿਭਾਗ ਦੇ ਅਧਿਆਪਕ ਉਹਦੇ ਨਾਲ ਖ਼ਾਰ ਖਾਣ ਲੱਗ ਪਏ। ਉਹ ਅਕਸਰ ਕਹਿੰਦਾ, "ਇਹ ਪੰਜਾਬੀ ਦੇ ਡੇੜ-ਡੇੜ ਲੱਖ ਰੁਪਏ ਤਨਖਾਹਾਂ ਲੈਣ ਵਾਲੇ ਪ੍ਰੋਫੈਸਰ ਪੰਜਾਹ ਰੁਪਏ ਦਾ

ਇਕ ਮੈਗਜ਼ੀਨ ਖਰੀਦ ਕੇ ਨਹੀਂ ਪੜ੍ਹਦੇ.... ਕਿਤਾਬਾਂ ਤਾਂ ਦੂਰ ਦੀ ਗੱਲ ਐ... ਡਿਪਾਰਟਮੈਂਟ ਵਿੱਚ ਸਾਹਿਤ ਦੀਆਂ ਗੱਲਾਂ ਕਰਨ ਦੀ ਬਜਾਏ ਪ੍ਰਾਪਟੀ ਡੀਲਰੀ ਦੀਆਂ ਗੱਲਾਂ ਕਰਦੇ ਨੇ।" ਉਦੋਂ ਕੁ ਜਗਵਿੰਦਰ ਜੋਧੇ ਨੂੰ ਰਜਨੀਸ਼ ਵਿਭਾਗ ਵਿਚ ਲੈ ਆਇਆ। ਜਗਵਿੰਦਰ ਜੋਧਾ ਉਹਦਾ ਬੜਾ ਸਤਿਕਾਰ ਕਰਦਾ ਸੀ। ਫਿਰ ਦੋਹਾਂ ਵਿਚ ਦੂਰੀਆਂ ਪੈ ਗਈਆਂ। ਪਤਾ ਨਹੀਂ ਕਿਹੜੀ ਘੁੰਡੀ ਸੀ। ਇਕ ਵਾਰ ਮੈਂ ਬਲਬੀਰ ਪਰਵਾਨਾ ਦੇ ਨਾਵਲ ਉੱਤੇ ਜਗਵਿੰਦਰ ਜੋਧਾ ਨੂੰ ਆਪਣੇ ਪਰਚੇ 'ਕਹਾਣੀ ਧਾਰਾ' ਲਈ ਆਲੋਚਨਾ ਲੇਖ ਲਿਖਣ ਦੀ ਬੇਨਤੀ ਕੀਤੀ। ਜੋਧੇ ਨੇ ਲੇਖ ਤਾਂ ਪਰਵਾਨਾ ਦੇ ਨਾਵਲ ਉੱਤੇ ਲਿਖਣਾ ਸੀ, ਪਰ ਉਹਨੇ ਸ਼ੁਰੂ ਵਿੱਚ ਜਿਹੜਾ ਇਕ ਪੈਰਾਂ ਲਿਖਿਆ ਉਹ ਐਵੇਂ ਰਜਨੀਸ਼ ਦੇ ਖਿਲਾਫ਼ ਲਿਖ ਦਿੱਤਾ। ਉਹਦੇ ਨਸ਼ਤਰ ਤਿੱਖੇ ਸਨ ਜਿਸ ਨੂੰ ਪੜ੍ਹ ਕੇ ਰਜਨੀਸ਼ ਦੁਖੀ ਹੋ ਗਿਆ। ਜੋਧੇ ਖਿਲਾਫ਼ ਤਾਂ ਭੜਾਸ ਕੱਢਣੀ ਹੀ ਸੀ ਮੇਰੇ ਖਿਲਾਫ਼ ਵੀ ਹੋ ਗਿਆ। ਮੈਨੂੰ ਕਹਿਣ ਲੱਗਾ, "ਤੂੰ ਬਹੁਤ ਮੂਰਖ ਐ... ਤੂੰ ਕੀ ਵੇਖ ਕੇ ਜੋਧੇ ਦਾ ਲੇਖ ਲਾ ਦਿੱਤਾ... ਕਾਹਦਾ ਐਡੀਟਰ ਐ... ਤੈਨੂੰ ਪਤਾ ਨਹੀਂ ਤੇਰਾ ਪਰਚਾ ਲੋਕੀ ਆਪਣੀਆਂ ਕਿੜਾਂ ਕੱਢਣ ਲਈ ਵਰਤ ਰਹੇ ਨੇ।" ਲਉ ਜੀ ਰਜਨੀਸ਼ ਮੇਰੇ ਤਾਂ ਹੱਥ ਧੋ ਕੇ ਪਿੱਛੇ ਈ ਪੈ ਗਿਆ। ਉਹਨੇ ਮੇਰਾ ਜ਼ਿਕਰ ਕਰਨਾ ਘੱਟ ਕਰ ਦਿੱਤਾ। ਰਜਨੀਸ਼ ਜਦੋਂ ਵੀ ਕਿਤੇ ਕਹਾਣੀ ਬਾਰੇ ਬੋਲਦਾ ਮੇਰੀ 'ਛਿੱਲ' ਲਾਹੁਣ ਲੱਗ ਪਿਆ। ਰਜਨੀਸ਼ ਇਸੇ ਤਰ੍ਹਾਂ ਹੀ ਕਰਦਾ ਸੀ। ਇਹ ਉਹਦਾ ਸੁਭਾਅ ਬਣ ਗਿਆ ਸੀ। ਜਿਹਦੇ ਖ਼ਿਲਾਫ਼ ਹੋ ਜਾਂਦਾ ਫਿਰ ਜਦੋਂ ਮੌਕਾ ਮਿਲਦਾ ਉਹਦਾ ਲਿਹਾਜ਼ ਨਹੀਂ ਸੀ ਕਰਦਾ। ਠਾਹ-ਠਾਹ ਸ਼ਬਦਾਂ ਦੇ ਵਾਰ ਕਰਦਾ। ਪ੍ਰੀਤ ਨਗਰ ਸੁਕੀਰਤ ਹੁਰਾਂ ਦੇ ਸਮਾਗਮ ਵਿੱਚ ਮੇਰੀ ਕਹਾਣੀ 'ਛਣ ਛਣ' ਖ਼ਿਲਾਫ਼ ਮਿੱਥ ਕੇ ਬੋਲਿਆ। ਬਿਨਾ ਤਰਕ ਤੋਂ ਉਸ ਨੇ ਤਰਕ ਉਸਾਰ ਲਿਆ। ਮੈਨੂੰ ਤਾਂ ਰਜਨੀਸ਼ ਦਾ ਪਤਾ ਸੀ। ਜਦੋਂ ਮੇਰਾ ਨਾਵਲ ਆਇਆ, ਮੈਂ ਉਹਨੂੰ ਨਾਵਲ ਦਿੱਤਾ, ਮੈਨੂੰ ਕਹਿਣ ਲੱਗਾ, "ਮੈਨੂੰ ਕੋਈ ਕਹਿੰਦਾ ਇਹ ਨਾਵਲ ਤਾਂ ਫ਼ਜ਼ੂਲ ਐ। ਮੈਂ ਤਾਂ ਫ਼ਜ਼ੂਲ ਚੀਜਾਂ ਪੜ੍ਹਦਾ ਨ੍ਹੀਂ... ਹਾਂ ਕੁਲਵੰਤ ਕੋਲੋਂ ਚਾਰ ਲਾਇਨਾ ਦਾ ਰੀਵਿਊ ਕਰਵਾ ਦਊਂ।" ਮੈਂ ਰਜਨੀਸ਼ ਦੀ ਗੱਲ ਸੁਣ ਕੇ ਹੱਸ ਪਿਆ, "ਡਾਕਟਰ ਸਾਹਿਬ! ਇਹ ਮੇਰਾ ਪਹਿਲਾ ਨਾਵਲ ਐ... ਵਧੀਆ ਨਾਵਲ ਤਾਂ ਮੈਂ ਅਗਲਾ ਲਿਖੂ!"

ਉਦੋਂ ਰਜਨੀਸ਼ ਬਿਮਾਰੀ ਨਾਲ ਲੜ ਰਿਹਾ ਸੀ। ਉਹਦੇ ਹਾਰਟ ਦੀ ਸਮੱਸਿਆ ਵਧ ਰਹੀ ਸੀ। ਦਸੀਂ-ਪੰਦਰੀਂ ਦਿਨੀਂ ਡਾਕਟਰ ਦੇ ਚੈਕਅੱਪ ਕਰਵਾਉਣ ਜਾਂਦਾ ਸੀ। ਦਵਾਈ ਦੀ ਮਾਤਰਾ ਵੱਧ ਗਈ ਸੀ। ਚਿਹਰੇ ਤੋਂ ਵੀ ਕਮਜ਼ੋਰ ਲੱਗਣ ਲੱਗ ਪਿਆ ਸੀ। ਕਦੇ ਕਦੇ ਦਾਹੜੀ ਵੀ ਰੱਖ ਲੈਂਦਾ ਸੀ। ਉਹਦੀ ਤੋਰ ਵਿਚ ਬਿਮਾਰੀ ਦੇ ਲੱਛਣ ਵੱਧਣ ਲੱਗ ਪਏ ਸਨ। ਪਰ ਉਹਦੇ ਬੋਲਾਂ ਵਿਚ ਗੜਕਾ ਪਹਿਲਾਂ ਵਾਂਗ ਸੀ। ਉਹਦਾ ਦਿਮਾਗ਼ ਪਹਿਲਾਂ ਵਾਗ ਚਲਦਾ ਸੀ। ਪੜ੍ਹਨਾ ਉਹਨੇ ਸੀਮਤ ਕਰ ਦਿੱਤਾ ਸੀ। ਦੋ-ਤਿਨ ਸਾਲ ਮੇਰੀ ਕਹਾਣੀ ਨੂੰ ਨਿੰਦਦਾ ਰਿਹਾ। ਆਖਰੀ ਸਮੇਂ ਉਹਦਾ ਗੁੱਸਾ ਘੱਟਣ ਲੱਗ ਪਿਆ। ਕਦੇ ਕਦੇ ਮੈਂ ਉਹਨੂੰ ਫ਼ੋਨ ਕਰ ਲੈਂਦਾ ਸੀ। ਮੈਂ ਉਹਦੀ ਅਵਸਥਾ ਨੂੰ ਸਮਝਦਾ ਸੀ। ਉਹ ਮੇਰੇ ਨਾਲ ਫ਼ੋਨ ਤੇ ਪਹਿਲਾਂ ਵੀ ਅੱਧਾ-ਅੱਧਾ ਘੰਟਾ ਗੱਲਾਂ ਕਰਦਾ ਰਹਿੰਦਾ ਸੀ... ਫ਼ੋਨ ਤੇ ਲੰਮੀ ਗੱਲਬਾਤ ਕਰਨਾ ਉਹਨੇ ਬੰਦ ਨਾ ਕੀਤੀ।

ਜਦੋਂ ਰਜਨੀਸ਼ ਨੂੰ ਹਾਰਟ ਦੀ ਸਮੱਸਿਆ ਆਈ ਤਾਂ ਉਹਦੇ ਡਾਕਟਰਾਂ ਦੇ ਚੱਕਰ ਵੱਧ ਗਏ। ਹਾਰਟ ਦੀ ਇਕ ਸਰਜਰੀ ਨਾਲ ਉਹਦੇ ਵਿਚ ਕਾਫ਼ੀ ਤਬਦੀਲੀ ਆਉਣ ਲੱਗ ਪਈ।

ਉਹਦਾ ਸਮਾਗਮਾਂ ਵਿਚ ਆਉਣਾ ਜਾਣਾ ਘੱਟਣ ਲੱਗ ਪਿਆ। ਜਦੋਂ ਵੀ ਤਿੰਨ ਚਾਰ ਮਹੀਨੇ ਬਾਅਦ ਮਿਲਦਾ ਤਾਂ ਮੈਨੂੰ ਉਹ ਪਹਿਲਾਂ ਨਾਲੋਂ ਲਿੱਸਾ ਹੋ ਗਿਆ ਲੱਗਦਾ। ਕਰੋਨਾ ਦੇ ਦੌਰ ਵਿਚ ਉਹ ਜ਼ਿਆਦਾ ਸਿਹਤ ਪੱਖੋਂ ਰਹਿ ਗਿਆ। ਦੋਸਤਾਂ ਕੋਲੋਂ ਪਤਾ ਲੱਗਦਾ ਕਿ ਰਜਨੀਸ਼ ਬਿਮਾਰ ਐ। ਕਦੇ ਪਤਾ ਲੱਗਦਾ ਕਿ ਹਸਪਤਾਲ ਦਾਖਲ ਐ। ਪਰ ਬਿਮਾਰੀ ਦੀ ਪਰਵਾਹ ਕੀਤੇ ਬਗੈਰ ਉਹ ਪੜ੍ਹਦਾ ਲਿਖਦਾ ਰਿਹਾ। ਇਸ ਦੌਰਾਨ ਉਸ ਦੀ ਇਕ ਆਲੋਚਨਾ ਦੀ ਕਿਤਾਬ ਛਪੀ ਜਿਹੜੀ ਪੰਜਾਬੀ ਨਾਵਲ ਬਾਰੇ ਸੀ। ਕਿਤਾਬ ਵੇਖ ਕੇ ਉਹ ਖਿੱਝ ਗਿਆ। ਪ੍ਰਕਾਸ਼ਨ ਨੇ ਉਸ ਦੇ ਹਰ ਲੇਖ ਦੇ ਅੰਤ ਵਿਚਲੇ ਹਵਾਲੇ ਉਡਾ ਦਿੱਤੇ ਸਨ।

ਬਿਮਾਰੀ ਦੀ ਹਾਲਤ ਵਿਚ ਉਹ 'ਪ੍ਰਵਚਨ'-86 ਵਾਂ ਅੰਕ ਤਿਆਰ ਕਰ ਰਿਹਾ ਸੀ। ਇਹ ਕਹਾਣੀ ਗੋਸ਼ਟੀ ਅੰਕ ਸੀ। ਉਸ ਦੀ ਸੰਪਾਦਕੀ ਉਸ ਨੇ ਕਹਾਣੀ ਬਾਰੇ ਲਿਖਣੀ ਸੀ। ਸੰਪਾਦਕੀ ਲਿਖਦਿਆ ਉਸ ਨੇ ਮੈਨੂੰ ਦੋ ਵਾਰ ਫ਼ੋਨ ਕੀਤਾ। ਉਹ ਚੰਗੇ ਕਹਾਣੀਕਾਰਾਂ ਦਾ ਜ਼ਿਕਰ ਸੰਪਾਦਕੀ ਵਿਚ ਕਰ ਰਿਹਾ ਸੀ। ਉਹ ਸੋਚਦਾ ਕਿ ਕੋਈ ਚੰਗੀ ਕਹਾਣੀ ਲਿਖਣ ਵਾਲਾ ਰਹਿ ਨਾ ਜਾਵੇ। ਉਹ ਮੇਰੇ ਨਾਲ ਅਨੇਕਾਂ ਕਹਾਣੀਆਂ ਦਾ ਜ਼ਿਕਰ ਕਰਦਾ ਅਤੇ ਉਨ੍ਹਾਂ ਦੀਆਂ ਚਰਚਿਤ ਕਹਾਣੀਆਂ ਦਾ ਹਵਾਲਾ ਦਿੰਦਾ। ਪੰਜਾਬੀ ਕਹਾਣੀ ਦੇ ਕੁਝ ਨਾਂ ਮੈਂ ਚੇਤੇ ਕਰਵਾਏ ਜਿਨ੍ਹਾਂ ਦਾ ਉਹ ਚੇਤਾ ਭੁੱਲੀ ਬੈਠਾ ਸੀ। ਇਹ ਪਤਾ ਨਹੀਂ ਸੀ ਕਿ ਜਨਵਰੀ-ਮਾਰਚ, 2022 ਅੰਕ ਉਹਦੀ ਸੰਪਾਦਨਾ ਹੇਠ ਨਿਕਲਿਆ ਅੰਤਮ ਅੰਕ ਹੋਵੇਗਾ। ਪਰਚਾ ਪ੍ਰੈਸ ਵਿੱਚ ਸੀ ਕਿ ਉਹ ਸਾਨੂੰ ਵਿਛੋੜਾ ਦੇ ਗਿਆ। ਜਦੋਂ ਮੈਨੂੰ ਖ਼ਬਰ ਦਾ ਪਤਾ ਲੱਗਾ ਤਾਂ ਮੈਂ ਸੁੰਨ ਹੋ ਗਿਆ। ਇਹ ਸਮੇਂ ਦਾ ਚੱਕਰ ਸੀ ਕਿ ਜਿਸ ਪਰਚੇ ਦੇ ਟਾਇਟਲ ਉੱਤੇ ਉਸ ਨੇ ਹੋਰ ਲੇਖਕਾਂ ਦੀਆਂ ਫੋਟੋਆਂ ਲਗਾ ਦਿੱਤੀਆਂ ਸਨ ਉਸੇ ਪਰਚਾ ਦੇ ਟਾਇਟਲ ਉੱਤੇ ਸਮੇਂ ਨੇ ਉਹ ਫੋਟੋਆਂ ਚੁੱਕ ਕੇ ਉਸ ਦੀ ਆਪਣੀ ਫੋਟੋ ਲੱਗਾ ਦੇਣੀ ਏ ਅਤੇ ਥੱਲੇ ਲਿਖਿਆ ਜਾਣਾ... 6 ਸਤੰਬਰ 1957 ਤੋਂ 15 ਫਰਵਰੀ 2022...।

ਆਪਣੇ ਅਸੂਲਾਂ ਨਾਲ ਅੜਨ ਵਾਲਾ ਜ਼ਿੱਦ, ਜ਼ਿੱਦ ਕੇ ਬਹਿਸਾਂ ਕਰਨ ਵਾਲਾ ਰਜਨੀਸ਼ ਤੁਰ ਗਿਆ ਏ... ਪਰ ਉਸ ਦੀਆਂ ਲਿਖਤਾਂ... ਕਿਤਾਬਾਂ ਸਾਡੇ ਕੋਲ ਹਨ। ਉਹ ਆਪਣੀਆਂ ਲਿਖਤਾਂ ਰਾਹੀਂ ਸਦਾ ਸਾਡੇ ਚੇਤਿਆਂ ਵਿੱਚ ਵਸਦਾ ਰਹੇਗਾ। ਮੇਰੀ ਨਿੱਜੀ ਲਾਇਬ੍ਰੇਰੀ ਵਿੱਚ 'ਪ੍ਰਵਚਨ' ਦੇ ਸਾਰੇ ਅੰਕ ਸਾਂਭੇ ਪਏ ਨੇ। ਕਦੇ ਕਦੇ ਕੱਢ ਕੇ ਮੈਂ ਰਜਨੀਸ਼ ਦੀਆਂ ਸੰਪਾਦਕੀਆਂ ਜਾਂ ਗੋਸ਼ਟੀਆਂ ਵਿਚਲੇ ਵਾਕ ਪੜ੍ਹਨ ਲੱਗ ਪੈਂਦਾ ਹਾਂ। ਆਖਰੀ ਪੰਨੇ ਉੱਤੇ ਉਸ ਦੇ ਲਿਖੇ ਕਾਲਮ 'ਸਾਹਿਤ ਵਿਚ ਪ੍ਰਦੂਸ਼ਣ' ... ਦੀਆਂ ਪੰਜ ਸੱਤ ਕਿਸ਼ਤਾਂ ਬੈਠਾ-ਬੈਠਾ ਪੜ੍ਹ ਜਾਂਦਾ ਹਾਂ। ਉਹਦੀ ਕੋਈ ਵੀ ਕਿਤਾਬ ਕੱਢ ਕੇ ਉਹਦੇ ਵਰਕੇ ਫਰੋਲਣ ਲੱਗ ਪੈਂਦਾ ਹਾਂ ਤਾਂ ਅਹਿਸਾਸ ਹੁੰਦਾ ਏ ਕਿ ਉਹ ਏਥੇ ਕਿਤੇ ਬਹੁਤ ਨੇੜੇ ਬੈਠਾ ਆਪਣੇ ਬੇਬਾਕ 'ਪ੍ਰਵਚਨ' ਕਰ ਰਿਹਾ ਏ ਜਾਂ ਲਿਖ ਰਿਹਾ ਏ।

***

# ਤੁਰ ਗਿਆ ਮੇਰਾ ਮਿੱਤਰ ਰਜਨੀਸ਼ ਬਹਾਦਰ

**-ਸੰਤੋਖ ਧਾਲੀਵਾਲ**

ਰਜਨੀਸ਼ ਨੂੰ ਮੈਂ ਪਹਿਲੀ ਬਾਰ ਵੁਲਵਰਹੈਂਪਟਨ ਸਵਰਨ ਚੰਦਨ ਦੀ ਅਣਥੱਕ ਮਿਹਨਤ ਨਾਲ ਕਰਵਾਈ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਤੇ ਮਿਲਿਆ ਸਾਂ। ਬਰੀਕ ਜਿਹਾ ਬੰਦਾ ਤੇ ਐਡਾ ਵੱਡਾ ਨਾਂ, ਮੈਂ ਆਪਣਾ ਹਾਸਾ ਮਸਾਂ ਰੋਕ ਸਕਿਆ ਸਾਂ, ਜਦੋਂ ਸਵਰਨ ਨੇ ਸਾਡੀ ਜਾਣ ਪਛਾਣ ਕਰਵਾਈ। ਸ਼ਾਮ ਅਸਾਂ ਇਕੱਠਿਆਂ ਹੀ ਬਿਤਾਈ। ਇਹ ਪਹਿਲੀ ਵਾਰ ਸੀ ਜਦੋਂ ਮੈਂ ਪੰਜਾਬੀ ਦੇ ਵੱਡੇ ਲਿਖਾਰੀਆਂ ਨੂੰ ਮਿਲਿਆਂ ਸਾਂ। ਮੈਂ ਥੋੜ੍ਹਾ ਕੁ ਲਿਖ ਰਿਹਾ ਸਾਂ ਪਰ ਮੈਂ ਕਦੇ ਵੀ ਕਿਸੇ ਵੀ ਪੰਜਾਬੀ ਲਿਖਾਰੀ ਨੂੰ ਮਿਲਿਆ ਨਹੀਂ ਸਾਂ, ਭਾਵੇਂ ਮੈਂ ਲੱਗ-ਭੱਗ ਹਰ ਇੱਕ ਦੋਂਹ ਸਾਲਾਂ ਬਾਅਦ ਪੰਜਾਬ ਗੇੜਾ ਮਾਰਦਾ ਰਿਹਾ ਸਾਂ। ਕਾਨਫਰੰਸ ਤੋਂ ਬਾਅਦ ਇੰਗਲੈਂਡ 'ਚ ਹੀ ਇੱਕ ਦੋਂਹ ਹੋਰ ਫੰਕਸ਼ਨਜ਼ ਤੇ ਉਸ ਨੂੰ ਮਿਲਣ ਦਾ ਮੌਕਾ ਮਿਲਿਆ। ਖਿਆਲਾਂ ਦੀ ਨੇੜਤਾ ਵਧੀ। ਤੇ ਟੈਲੀਫੂਨ ਤੇ ਗੱਲ-ਬਾਤ ਹੋਣੀ ਸ਼ੁਰੂ ਹੋਈ। ਇੰਗਲੈਂਡ ਦੇ ਏਸੇ ਦੌਰੇ ਵੇਲੇ ਉਹਦੇ ਤੇ ਸਵਰਨ ਵਿਚਕਾਰ 'ਪ੍ਰਵਚਨ' ਤ੍ਰੈ-ਮਾਸਿਕ ਦੀ ਵਿਉਂਤ ਬਣਾਈ ਗਈ ਸੀ। ਤੇ ਫੇਰ ਛੇਤੀਂ ਹੀ 'ਪ੍ਰਵਚਨ' ਸ਼ੁਰੂ ਕਰ ਦਿੱਤਾ ਗਿਆ। ਮੇਰੇ ਨਾਲ ਸਵਰਨ ਨੇ ਗੱਲ ਜ਼ਰੂਰ ਕੀਤੀ ਪਰ ਮੇਰਾ ਇਸ 'ਚ ਕੋਈ ਰੋਲ ਨਹੀਂ ਸੀ ਪਰ ਸਵਰਨ ਨੇ ਮੈਥੋਂ ਇਸ ਲਈ ਚੰਦਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਸੂਲ ਕਰ ਲਿਆ।

ਦੂਸਰੀ ਵਾਰ ਰਜਨੀਸ਼ ਬਹੁਤ ਸਾਰੇ ਸਾਹਿਤਕਾਰਾਂ ਨਾਲ ਡਾ. ਕਰਨੈਲ ਦੀ ਲੈਸਟਰ ਵਿਖੇ ਕਰਵਾਈ ਵਿਸ਼ਵ ਪੰਜਾਬੀ ਕਾਨਫਰੰਸ ਤੇ ਆਇਆ। ਕਾਨਫਰੰਸ ਮੁੱਕਣ ਮਗਰੋਂ ਉਹ ਮੇਰੇ ਕੋਲ ਵਰਿਆਮ ਸਿੰਘ ਸੰਧੂ ਨਾਲ ਤਿੰਨ ਚਾਰ ਦਿਨ ਰਿਹਾ। ਇਹ ਤਿੰਨ ਚਾਰ ਦਿਨ ਮੇਰੀ ਤੇ ਰਜਨੀਸ਼ ਦੀ ਨੇੜਤਾ ਦਾ ਮੁੱਢ ਬੱਨਣ ਵਾਲੇ ਸਨ।

ਕੁੱਝ ਸਮਾਂ 'ਪ੍ਰਵਚਨ' ਦੀ ਮਾਇਕ ਸਹਾਇਤਾ ਬਾਅਦ ਸਵਰਨ ਬਾਹਾਂ ਖੜੀਆਂ ਕਰ ਗਿਆ। ਰਜਨੀਸ਼ ਨੇ ਬਾਹਰੋਂ ਮਾਇਕ ਸਹਾਇਤਾ ਬਿਨਾ ਪਰਚਾ ਚਾਲੂ ਰੱਖਣ ਦੀ ਮੁਸ਼ਕਲ ਦੀ ਗੱਲ ਕੀਤੀ ਤੇ ਪਰਚਾ ਬੰਦ ਕਰਨ ਦਾ ਇਸ਼ਾਰਾ ਵੀ ਕਰ ਦਿੱਤਾ। ਭਾਵੇਂ ਮਾਇਕ ਤੌਰ ਤੇ ਮੈਂ ਵੀ ਕੋਈ ਬਹੁਤਾ ਤਕੜਾ ਤੇ ਨਹੀ ਸਾਂ ਪਰ ਤਾਂ ਵੀ ਮੈਂ ਉਸਨੂੰ ਪਰਚੇ ਦੀ ਵੱਧ ਤੋਂ ਵੱਧ ਮਦਦ ਕਰਨ ਦੀ ਪੇਸ਼ਕਸ਼ ਕੀਤੀ ਕਿ ਪਰਚਾ ਬੰਦ ਨਾ ਕੀਤਾ ਜਾਵੇ। ਕੁੱਝ ਉਸਦੇ ਪੰਜਾਬੀ ਖ਼ਾਸ ਕਰਕੇ ਜਲੰਧਰ ਤੇ 'ਨਵਾਂ ਜ਼ਮਾਨਾ' ਦੇ ਮਿਤਰਾਂ ਨੇ ਵੀ ਮੇਰੇ ਵਾਂਗਰ ਉਸਨੂੰ ਪਰਚੇ ਦੀ ਮਦਦ ਕਰਨ ਦੀ ਪੇਸ਼ਕਸ਼ ਕੀਤੀ ਤੇ ਤੇ ਸਾਥ ਦਿੱਤਾ। ਏਸੇ ਕਰਕੇ ਹੀ ਸ਼ਾਇਦ 'ਪ੍ਰਵਚਨ' ਹੁਣ ਤੱਕ ਪਾਠਕਾਂ ਤੱਕ ਪਹੁੰਚਦਾ ਰਿਹਾ ਹੈ। ਉਸਨੇ ਮੇਰੇ ਕਹਿਣ ਤੋਂ ਬਿਨਾ ਹੀ ਮੇਰਾ ਨਾਂ ਵੀ ਪਰਚੇ ਨਾਲ ਜੋੜ ਲਿਆ ਜਿਸ ਲਈ ਮੈਂ ਉਸਨੂੰ ਕਿਸੇ ਵੱਡੇ ਸਾਹਿਤਕਾਰ ਦਾ ਨਾਂ ਮੇਰੀ ਥਾਂ ਜੋੜਨ ਲਈ ਜ਼ੋਰ ਦਿੱਤਾ ਪਰ ਉਹ ਨਾ ਮੰਨਿਆ। ਉਸਦੇ ਤੁਰ ਜਾਣ ਮਗਰੋਂ ਹੁਣ ਉਸਦੇ ਪੰਜਾਬ ਰਹਿੰਦੇ ਦੋਸਤਾਂ ਨੇ ਪਰਚਾ ਚਾਲੂ ਰੱਖਣ ਲਈ ਹੰਭਲਾ ਮਾਰਨਾ ਚਾਹਿਆ ਹੈ, ਇਹ ਇੱਕ ਚੰਗੀ ਖ਼ਬਰ ਹੈ। ਇਹ ਸਾਡੀ ਸਾਰਿਆਂ ਦੀ ਰਜਨੀਸ਼ ਨੂੰ ਸੱਭ ਤੋਂ ਅਹਿਮ ਸ਼ਰਧਾਂਜਲੀ ਹੋਵੇਗੀ।


ਮੈਂ ਕੁਝ ਵਲੈਤੀ ਮਿੱਤਰਾਂ ਨਾਲ ਗੱਲ ਕੀਤੀ ਤੇ ਮੈਂਬਰ ਬਣਾਏ। ਮੈਨੂੰ ਕਿਸੇ ਨੇ ਵੀ ਨਾਂਹ ਨਹੀਂ ਸੀ ਕੀਤੀ। ਮੈਂ ਸਾਰੇ ਵਲੈਤੀ ਦੋਸਤਾਂ ਦਾ ਧੰਨਵਾਦ ਕਈ ਵੇਰ ਕਰ ਚੁੱਕਿਆ ਹਾਂ।

ਮੈਨੂੰ ਉਸਨੇ ਸਦਾ ਹੀ ਹੱਲਾ-ਸ਼ੇਰੀ ਦਿੰਦਿਆਂ ਸਦਾ ਹੀ ਲਿਖਦੇ ਰਹਿਣ ਲਈ ਪ੍ਰੇਰਿਆ। 'ਮੈਂ ਹੋਇਆ ਪਰਦੇਸੀ' ਮੇਰੇ ਆਰਟੀਕਲਾਂ ਦੀ ਉਹ ਕਿਤਾਬ ਛਪਵਾਉਣ ਲਈ ਬਹੁਤ ਜ਼ੋਰ ਦਿੰਦਾ ਰਿਹਾ। ਮੇਰਾ ਘੌਲੀ ਸੁਭਾ ਸਦਾ ਹੀ ਇਸ ਪ੍ਰੌਜੈਕਟ ਨੂੰ ਪਿੱਛੇ ਪਾਉਂਦਾ ਰਿਹਾ। ਜਿਸ ਬਾਰੇ ਸੋਚ ਕੇ ਮੈਂ ਹੁਣ ਦੁਖੀ ਹੋ ਰਿਹਾ ਹਾਂ। ਉਸਦੇ ਅਣਗਾਹੇ ਪੈਂਡਿਆਂ ਤੇ ਤੁਰ ਜਾਣ ਬਾਅਦ ਮੈਂ ਬਹੁਤ ਇਕੱਲਾ ਮਹਿਸੂਸਦਾ ਹਾਂ। ਇੰਝ ਲਗਦਾ ਹੈ ਕਿ ਮੇਰਾ ਪੰਜਾਬ ਨਾਲੋਂ ਰਿਸ਼ਤਾ ਹੀ ਟੁੱਟ ਗਿਆ ਹੈ। ਮੈਨੂੰ ਤਾਂ ਕਿਸੇ ਨੇ ਉਸਦੀ ਮੌਤ ਬਾਰੇ ਵੀ ਖ਼ਬਰ ਤੱਕ ਨਾ ਦਿੱਤੀ। ਇੱਕ ਰਿਸ਼ਤੇਦਾਰ ਤੋਂ ਪਤਾ ਲੱਗਾ ਤੇ ਮੈਂ ਬੇ-ਹੱਦ ਕਲਪਿਆ। ਮੈਂ ਖੁਦ ਬਲਬੀਰ ਪਰਵਾਨਾ, ਜੱਸ ਮੰਡ, ਕੁਲਵੰਤ ਸਿੰਘ ਸੰਧੂ ਨਾਲ ਸੰਪਰਕ ਕੀਤਾ, ਇਹ ਜਾਨਣ ਲਈ ਕਿ ਕੀ ਇਹ ਖ਼ਬਰ ਸੱਚੀ ਹੈ?

ਮੌਤ ਦੀ ਖ਼ਬਰ ਝੂਠੀ ਘੱਟ ਹੀ ਹੁੰਦੀ ਹੈ!

***


**ਵਿਆਸ ਭੱਟ ਦੀ ਆਤਮ ਕਥਾ, ਲੇਖਕ ਮਨਮੋਹਣ ਬਾਵਾ**



# ਰਜਨੀਸ਼ ਬਹਾਦਰ ਸਿੰਘ ਉਰਫ਼ ਸ਼ਾਹੀਨ

**-ਜਨਮੀਤ**

*ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ, ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ*
*ਤੂੰ ਸ਼ਾਹੀਂ ਹੈਂ ਪਰਵਾਜ਼ ਹੈ ਕਾਮ ਤੇਰਾ, ਤੇਰੇ ਸਾਮਨੇ ਆਸਮਾਂ ਔਰ ਭੀ ਹੈਂ।*

ਸ਼ਾਇਦ ਗ਼ਾਲਿਬ ਦੇ ਕਿਸੇ ਵੀ ਸ਼ੇਅਰ ਨਾਲੋਂ ਇਕਬਾਲ ਦਾ ਇਹ ਸ਼ੇਅਰ ਵਧੇਰੇ ਕੋਟ ਕੀਤਾ ਜਾਂਦਾ ਹੈ। ਸੋਚਦਾ ਹਾਂ ਕਿ ਇਕਬਾਲ ਦੇ ਤੁਸੱਵਰ ਵਿਚ ਕਿਹੋ ਜਿਹਾ ਇਨਸਾਨ ਹੋਵੇਗਾ, ਜਿਸਨੂੰ ਉਹ ਬਾਜ਼ ਨਾਲ ਤੁਲਨਾ ਕੇ ਅਮਰ ਕਰ ਗਿਆ। ਮੈਨੂੰ ਲਗਦਾ ਹੈ ਕਿ ਇਹ ਕੋਈ ਪੰਜਾਬੀ ਕਿਰਦਾਰ ਹੀ ਹੋ ਸਕਦਾ ਹੈ ਤੇ ਬਹੁਤ ਸਾਰੇ ਪੰਜਾਬੀਆਂ ਤੇ ਇਹ ਤੁਲਨਾ ਮੈਨੂੰ ਢੁਕਦੀ ਹੀ ਜਾਪਦੀ ਹੈ। ਰਜਨੀਸ਼ ਬਹਾਦਰ ਅਜਿਹਾ ਹੀ ਇਕ ਸ਼ਾਹੀਨ ਸੀ।

ਮੇਰੀ ਉਸ ਨਾਲ ਪਹਿਲੀ ਮੁਲਾਕਾਤ ਜੰਮੂ ਦੇ ਇਕ ਦਾਰੂਖਾਨੇ ਵਿਚ ਹੋਈ। ਅਸੀਂ ਦੋਵੇਂ ਤੇ ਤੀਜਾ ਮੱਖਣ ਸਿੰਘ। ਜਿਉਂ-ਜਿਉਂ ਪੈੱਗ ਮੁੱਕਦੇ ਗਏ ਅਸੀਂ ਖੁੱਲ੍ਹਦੇ ਗਏ। ਦਰਅਸਲ ਅਸੀਂ ਤਿੰਨੋਂ ਜੰਮੂ ਯੂਨੀਵਰਸਿਟੀ ਵਿੱਚ ਲੈਕਚਰਾਰ ਦੀ ਪੋਸਟ ਲਈ ਇੰਟਰਵਿਊ ਦੇਣ ਲਈ ਗਏ ਸਾਂ ਤੇ ਬਾਅਦ ਵਿਚ ਸ਼ਾਮ ਰੰਗੀਨ ਕਰ ਰਹੇ ਸਾਂ। ਪਤਾ ਲੱਗਿਆ ਕਿ ਰਜਨੀਸ਼ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਕਰਕੇ ਪੀ.ਐਚ.ਡੀ. ਕਰਨ ਲਈ ਜੰਮੂ ਯੂਨੀਵਰਸਿਟੀ ਆ ਗਿਆ ਸੀ; ਜਿਵੇਂ ਕੋਈ ਪੰਜਾਬ ਯੂਨੀਵਰਸਿਟੀ ਤੋਂ ਐਮ.ਏ. ਕਰਕੇ ਕੁਰਕੁਸ਼ੇਤਰ ਚਲਿਆ ਜਾਵੇ। ਮੈਂ ਆਪਣੇ ਆਪ ਨੂੰ ਪੰਜਾਬ ਯੂਨੀਵਰਸਿਟੀ ਦੇ ਆਲ੍ਹਾ ਹੋਣ ਦੀ ਮਾਨਸਿਕਤਾ ਤੋਂ ਕਦੇ ਵੀ ਮੁਕਤ ਨਹੀਂ ਕਰ ਸਕਿਆ। ਇਸ ਲਈ ਇਹ ਇਵੇਂ ਹੀ ਸੀ ਜਿਵੇਂ ਪੰਜਾਬ ਯੂਨੀਵਰਸਿਟੀ 'ਲਾਅ' ਵਿਚ ਦਾਖਲਾ ਨਾ ਮਿਲਣ ਤੇ ਕੋਈ ਭੁਪਾਲ ਚਲਿਆ ਜਾਵੇ। ਗੱਲਾਂ ਕੁਝ ਸਾਹਿਤ ਵੱਲ ਮੁੜੀਆਂ ਤਾਂ ਮੇਰੀ ਗ਼ਲਤਫ਼ਹਿਮੀ ਦੂਰ ਹੋ ਗਈ। ਮੱਖਣ ਨੇ ਤਾਂ ਮੌਨ ਧਾਰੀ ਰੱਖਿਆ ਪਰ ਰਜਨੀਸ਼ ਵਿੱਚੋਂ ਮੈਨੂੰ ਇਕ ਅਤਿ ਗੰਭੀਰ ਤੇ ਜ਼ਹੀਨ ਸਕਾਲਰ ਨਜ਼ਰ ਆਇਆ। ਪਰ ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ 'ਜ਼ਹੀਨ' ਪੰਜਾਬੀ ਸਾਹਿਤਕ ਜਗਤ ਵਿਚ ਤੇ ਜ਼ਿੰਦਗੀ ਵਿਚ ਸ਼ਾਹੀਨ ਬਣ ਜਾਵੇਗਾ।

ਜੰਮੂ ਯੂਨੀਵਰਸਿਟੀ ਦਾ ਉਹ ਹੀਰੋ ਸੀ, ਸਭ ਤੋਂ ਉੱਚੇ ਕੱਦ ਦਾ ਵਿਦਿਆਰਥੀ ਨੇਤਾ ਤੇ ਸਾਹਿਤਕ ਹਲਕਿਆਂ ਵਿੱਚ ਬੁੱਧੀਜੀਵੀ।

ਡੀ.ਏ.ਵੀ. ਕਾਲਜ ਜਲੰਧਰ ਦੇ ਪੰਜਾਬੀ ਵਿਭਾਗ ਦਾ ਉਹ ਮੁਖੀ ਸੀ। ਪੰਜਾਬੀ ਥਿਏਟਰ ਉੱਤੇ ਇਕ ਸੈਮੀਨਾਰ ਵਿੱਚ ਮੈਨੂੰ ਕੁੰਜੀਵਤ ਭਾਸ਼ਣ ਦੇਣ ਲਈ ਬੁਲਾਇਆ ਗਿਆ। ਅਜਮੇਰ ਔਲਖ ਪ੍ਰਧਾਨਗੀ ਕਰ ਰਿਹਾ ਸੀ। ਜਦੋਂ ਸੈਕਟਰੀ ਨੇ ਸਟੇਜ ਤੋਂ ਮੇਰਾ ਬਾਇਓਡਾਟਾ ਬੋਲਿਆ ਤਾਂ ਅਜਮੇਰ ਔਲਖ ਮੇਰੇ ਕੰਨ ਵਿਚ ਫੁਸਫੁਸਾਇਆ, "ਇਹਨੂੰ ਇਹ ਨਹੀਂ ਪਤਾ ਕਿ ਤੂੰ ਮੈਨੂੰ ਪੁੱਛੇ ਬਿਨਾਂ ਮੇਰਾ ਨਾਟਕ 'ਇਕ ਰਮਾਇਣ ਹੋਰ' ਮੁਸਲਿਮ ਯੂਨੀਵਰਸਿਟੀ ਅਲੀਗੜ੍ਹ ਦੇ ਕੈਨੇਡੀ ਹਾਲ ਵਿਚ ਖੇਡਿਆ ਸੀ। ਜੇ ਇਹ ਉਹ ਵੀ ਦੱਸ ਦਿੰਦਾ ਤਾਂ ਸਾਡੀ ਬੱਲੇ-ਬੱਲੇ ਹੋ ਜਾਣੀ ਸੀ। ਖੈਰ! ਸੈਮੀਨਾਰ ਬਹੁਤ ਹੀ ਹਿੱਟ ਰਿਹਾ ਕਿਉਂਕਿ ਅੰਤ ਵਿਚ ਰਜਨੀਸ਼ ਨੇ ਥਿਏਟਰ ਦੀ ਸਾਹਿਤਕਤਾ ਬਾਰੇ ਅਜਿਹੀਆਂ ਗੱਲਾਂ ਕੀਤੀਆਂ ਕਿ ਸਮਾਂ ਬੱਝ ਗਿਆ ਜਾਪਿਆ।

ਚਿਲਚਿਲਾਉਂਦੀ ਧੁੱਪ ਵਿਚ ਮੈਂ ਜਲੰਧਰ ਦੀ ਇਕ ਛਾਂ-ਵਿਹੂਣੀ ਸੜਕ ਉੱਤੇ ਗੱਡੀ 'ਚ ਜਾ ਰਿਹਾ ਸੀ। ਸਾਹਮਣਿਓਂ ਰੈਡੀਮੇਡ ਪੈਂਟਾਂ ਸ਼ਰਟਾਂ ਅਤੇ ਰੰਗ-ਬਿਰੰਗੇ ਸੂਟ ਪਹਿਨੀ ਕੋਈ ਡੇਢ ਸੌ ਦਾ ਕਾਫਲਾ ਆਉਂਦਾ ਦਿਸਿਆ। ਮੈਂ ਗੱਡੀ ਇਕ ਪਾਸੇ ਲਾ ਲਈ। ਇਕ ਅੱਧਖੜ ਸਾਈਕਲ ਉੱਤੇ ਅੱਧਖੜ ਲਾਊਡ ਸਪੀਕਰ ਬੰਨ੍ਹੀ ਸਾਈਕਲ ਦੇ ਸੱਜੇ ਖੱਬੇ ਦੋ ਅਧਖੜ ਵਿਅਕਤੀ ਜ਼ਿੰਦਾਬਾਦ-ਮੁਰਦਾਬਾਦ ਕਰ ਰਹੇ ਸਨ ਤੇ ਪਿੱਛੇ ਹਜੂਮ ਇਕ ਹੱਥ ਨਾਲ ਪਸੀਨਾ ਪੂੰਝਦਾ ਤੇ ਦੂਜੇ ਹੱਥ ਨਾਲ ਬਾਂਹਾ ਉਲਾਰਦਾ ਫਾਲੋ ਕਰ ਰਿਹਾ ਸੀ। ਇੱਕ ਸੀ ਵੀ.ਕੇ. ਤਿਵਾੜੀ ਤੇ ਦੂਜਾ ਰਜਨੀਸ਼ ਬਹਾਦਰ। ਇਹ ਪੀ.ਸੀ.ਸੀ. ਟੀ.ਯੂ. ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦਾ ਵਿੰਗ ਸੀ। ਮੈਂ ਗੱਡੀ ਦੇ ਕਾਲੇ ਸ਼ੀਸ਼ਿਆਂ ਵਿੱਚੋਂ ਤਕਰੀਬਨ ਸਾਰੇ ਹੀ ਜਾਣਕਾਰਾਂ ਨੂੰ ਲੰਘਦਾ ਦੇਖਦਾ ਰਿਹਾ ਤੇ ਸ਼ਰਮਿੰਦਾ ਹੁੰਦਾ ਰਿਹਾ ਕਿ ਮੈਂ ਇਸ ਭਾਈਚਾਰੇ 'ਚੋਂ ਹੁੰਦਿਆਂ ਹੋਇਆ ਵੀ ਕਦੇ ਇਸ ਦਾ ਮੈਂਬਰ ਹੀ ਨਹੀਂ ਬਣਿਆ। ਮੈਨੂੰ ਯਕੀਨ ਹੋ ਗਿਆ ਕਿ ਰਜਨੀਸ਼ ਸ਼ਾਹੀਨ ਹੈ ਜੋ ਅਰਬ ਦੇਸ਼ਾਂ ਵਰਗੀ ਪੈਂਦੀ ਗਰਮੀ ਵਿਚ ਵੀ ਉਡਾਰੀਆਂ ਮਾਰ-ਮਾਰ ਅਗਵਾਈ ਕਰ ਰਿਹਾ ਸੀ।

ਮੈਂ ਅਮਿਤੋਜ ਦੀ ਕਿਤਾਬ 'ਖਾਲੀ ਤਰਕਸ਼' ਦੀ ਸੰਪਾਦਨਾ ਕੀਤੀ ਤਾਂ ਰਿਲੀਜ਼ ਸਮਾਗਮ ਜੋ ਕਿ ਜਲੰਧਰ ਵਿਚ ਹੋਣਾ ਸੀ, ਮੈਨੂੰ ਕਿਤਾਬ ਉੱਤੇ ਬੋਲਣ ਲਈ ਰਜਨੀਸ਼ ਤੋਂ ਯੋਗ ਕੋਈ ਹੋਰ ਨਜ਼ਰ ਨਾ ਆਇਆ। ਮੈਨੂੰ ਨਹੀਂ ਸੀ ਪਤਾ ਕਿ ਉਸਦੀ ਵਿਸ਼ੇਸ਼ ਦਿਲਚਸਪੀ ਤੇ ਪਕੜ ਗਲਪ ਉੱਤੇ ਹੈ। ਉਹ ਵੀਹ ਕੁ ਮਿੰਟ ਬੋਲਿਆ। ਪ੍ਰਧਾਨਗੀ ਭਾਸ਼ਣ ਵਿਚ ਪਾਤਰ ਨੇ ਉਸ ਬਾਰੇ ਜੋ ਕਿਹਾ ਉਹ ਮੇਰੇ ਲਈ ਹੈਰਾਨ ਕਰਨ ਵਾਲਾ ਸੀ ਕਿਉਂਕਿ ਪਾਤਰ ਦੇ ਮੂੰਹੋਂ ਕਿਸੇ ਆਲੋਚਕ ਦੀ ਏਨੀ ਭਰਪੂਰ ਤਾਰੀਫ਼ ਮੈਂ ਕਦੇ ਸੁਣੀ ਨਹੀਂ ਸੀ। ਇਸ ਸਮਾਗਮ ਤੋਂ ਬਾਅਦ ਅਸੀਂ ਇਕ ਦੂਜੇ ਦੇ ਬਹੁਤ ਕਰੀਬ ਆ ਗਏ। ਰਜਨੀਸ਼ ਦੀ ਪ੍ਰਤੀਬੱਧਤਾ ਦੇ ਬਾਰੇ ਇੰਨਾ ਹੀ ਕਹਾਂਗੇ ਕਿ ਮੈਨੂੰ ਉਸਦੀ ਕਹਿਣੀ ਤੇ ਕਰਨੀ ਵਿਚਕਾਰ ਕਦੇ ਕੋਈ ਫ਼ਰਕ ਨਹੀਂ ਲੱਗਿਆ। ਭਾਵੇਂ ਉਹ ਕਮਿਊਨਿਸਟ ਪਾਰਟੀ ਦਾ ਆਗੂ ਸੀ, ਕੇਂਦਰੀ ਲੇਖਕ ਸਭਾ ਦਾ ਜਨਰਲ ਸਕੱਤਰ ਸੀ ਤੇ ਇਕ ਉੱਤਮ ਦਰਜੇ ਦਾ ਅਧਿਆਪਕ ਸੀ। ਉਸਨੇ ਸਾਰੀਆਂ ਜ਼ਿੰਮੇਵਾਰੀਆਂ ਇਕ ਕਮਰਯੋਗੀ ਵਾਂਗ ਨਿਭਾਈਆਂ। ਸਪੱਸ਼ਟਵਾਦੀ ਇੰਨਾ ਸੀ ਕਿ ਪੰਜਾਬੀ ਸਾਹਿਤਕ ਹਲਕਿਆਂ ਦੇ ਤਥਾਕਥਿਤ ਧੁਰੰਤਰ ਵੀ ਉਸ ਤੋਂ ਤ੍ਰਹਿੰਦੇ ਸਨ। ਇਕ ਵਾਰ ਅਜਿਹੀ ਹੀ ਇਕ ਸਾਹਿਤਕ ਗੁੱਟਬਾਜ਼ੀਆਂ ਨਾਲ ਸਬੰਧਿਤ ਇਕ ਮਿੱਤਰ ਨੇ ਉਸ ਨੂੰ ਫੋਨ ਕੀਤਾ, "ਕਾਮਰੇਡ, ਤੂੰ ਸਾਡੇ ਈ ਖ਼ਿਲਾਫ਼ ਲਿਖ ਦਿੱਤਾ? ਅਸੀਂ ਤੇਰਾ ਫਲਾਨੀ-ਫਲਾਨੀ ਸੰਸਥਾ ਵਿਚ ਫਲ੍ਹਾਨੇ ਅਹੁਦੇ ਲਈ ਨਾਂ ਪੁਆਇਆ। ਰਜਨੀਸ਼ ਅੱਗੋਂ ਭੜਕ ਪਿਆ, "ਮੈਂ ਤੁਹਾਨੂੰ ਕਦੇ ਕਿਹਾ ਸੀ ਕਿ ਮੇਰਾ ਨਾਂ ਕਿਸੇ ਅਹੁਦੇ ਲਈ ਪੁਆਉ", ਤੇ ਉਸਨੇ ਫੋਨ ਰੱਖ ਦਿੱਤਾ। ਫੋਨ ਫਿਰ ਵੱਜ ਉੱਠਿਆ। ਆਵਾਜ਼ ਗਿੜਗਿੜਾਹਟ 'ਚ ਬਦਲ ਚੁੱਕੀ ਸੀ, "ਯਾਰ! ਗੁੱਸਾ ਕਰ ਗਿਆਂ, ਮੈਂ ਤਾਂ ਇਹੋ ਚਾਹੁੰਦਾ ਸੀ ਕਿ ਜਦੋਂ ਅਸੀਂ ਤੇਰੇ ਖ਼ਿਲਾਫ਼ ਨਹੀਂ ਲਿਖਦੇ, ਤੂੰ ਵੀ ਸਾਡੇ ਖ਼ਿਲਾਫ਼ ਨਾ ਲਿਖਿਆ ਕਰ।" ਰਜਨੀਸ਼ ਨੇ ਫਿਰ ਫੋਨ ਬੰਦ ਕਰ ਦਿੱਤਾ। ਮੈਂ ਕਹਿਣਾ ਤਾਂ ਨਹੀਂ ਚਾਹੁੰਦਾ ਕਿਉਂਕਿ ਗੱਲ ਜ਼ਾਤ ਉੱਤੇ ਆ ਗਈ ਸਮਝੀ ਜਾਵੇਗੀ ਪਰ ਮੈਨੂੰ ਲੱਗਦਾ ਹੈ ਕਿ ਰਾਜਪੂਤੀ ਖ਼ੂਨ ਉਸ ਵਿਚੋਂ ਬੁੜ੍ਹਕ ਹੀ ਪੈਂਦਾ ਸੀ।

ਸਪਸ਼ਟ ਕਰ ਦਿਆਂ ਕਿ ਸਰਮਾਏਦਾਰੀ ਤੇ ਪ੍ਰੋਲੇਤਾਰੀ ਜਮਾਤ ਵਾਂਗੂ ਸਾਹਿਤ ਵਿਚ ਵੀ ਦੋ ਜਮਾਤਾਂ ਜਾਤਾਂ ਹੁੰਦੀਆਂ ਹਨ। ਸੱਚੀ ਸੁੱਚੀ ਗੱਲ ਕਰਨ ਵਾਲੇ ਬੌਧਿਕ ਲੋਕਾਂ ਦੀ ਉੱਚ ਜਾਤ

ਅਤੇ ਅਤਿ ਨੀਵੀਂ, ਸੁਆਰਥੀ, ਲਾਲਚੀ ਅਤੇ ਸਾਜ਼ਿਸੀ ਸਾਹਿਤਕਾਰਾਂ ਦੀ ਉੱਚ ਕੋਟੀ ਦੀ ਨੀਚ ਜਾਤ। ਰਜਨੀਸ਼ ਪਹਿਲੀ ਜਾਤ ਦੀ ਤਰਜ਼ਮਾਨੀ ਕਰਨ ਵਾਲੇ ਹਿਰਾਵਲ ਦਸਤੇ ਦਾ ਮੋਢੀ ਸੀ।

ਦੋ ਦਹਾਕੇ 'ਪ੍ਰਵਚਨ' ਦੇ ਸੰਪਾਦਕ ਵੱਜੋਂ ਜੋ ਭੂਮਿਕਾ ਉਸਨੇ ਨਿਭਾਈ ਇਹ ਤਾਂ ਅਦਾਰਾ 'ਪ੍ਰਵਚਨ' ਨਾਲ ਪੱਕੇ ਤੌਰ 'ਤੇ ਜੁੜੇ ਹੋਏ ਰੰਗ-ਰੰਗੀਲੇ, ਲੇਕਿਨ ਅਤਿ ਗੰਭੀਰ ਪਰਿਵਾਰਕ ਮੈਂਬਰ ਹੀ ਜਾਣਦੇ ਹਨ। ਪਰ ਮੈਂ ਇੰਨਾ ਕਹਿ ਸਕਦਾ ਹਾਂ ਕਿ ਇਸ ਦੌਰਾਨ ਉਸਦਾ ਚਿੰਤਨ ਏਨਾ ਪਰਿਪੱਕ ਹੋ ਚੁੱਕਾ ਸੀ ਤੇ ਉਸ ਵਿਚ ਏਨੀ ਸਪੱਸ਼ਟਤਾ ਆ ਚੁੱਕੀ ਸੀ ਜਿੰਨੀ ਪੰਜਾਬੀ ਸਾਹਿਤ ਜਗਤ ਦੇ ਵਰਤਮਾਨ ਸਮੇਂ ਵਿਚ ਕਿਸੇ ਨੂੰ ਹਾਸਿਲ ਨਹੀਂ। ਕਈ ਵਾਰ ਇੱਕ-ਇੱਕ ਘੰਟਾ ਲਗਾਤਾਰ ਫੋਨ ਉੱਤੇ ਉਸ ਨਾਲ ਕਿਸੇ ਮੁੱਦੇ ਉੱਤੇ ਗੱਲ ਹੁੰਦੀ ਤਾਂ ਸਾਰਾ ਦਿਨ ਨਸ਼ਾ ਚੜ੍ਹਿਆ ਰਹਿੰਦਾ। ਅੱਜ ਸਾਡਾ 'ਸ਼ਾਹੀਨ' ਸਦਾ ਲਈ ਪ੍ਰਵਾਜ਼ ਭਰ ਗਿਆ ਹੈ ਤੇ ਪਿੱਛੇ ਇਕ ਅਜਿਹਾ ਖਾਲੀਪਣ ਛੱਡ ਗਿਆ ਹੈ ਜਿਸਦਾ ਭਰਨਾ ਨਾਮੁਮਕਿਨ ਹੈ।

***

## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। -ਰਜਨੀਸ਼ ਬਹਾਦਰ ਸਿੰਘ

# ਰਜਨੀਸ਼ ਬਹਾਦਰ ਸਿੰਘ ਨੂੰ ਯਾਦ ਕਰਦਿਆਂ

-ਮਨਮੋਹਨ ਬਾਵਾ

ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਰਜਨੀਸ਼ ਬਹਾਦਰ ਸਿੰਘ ਦਾ ਸਾਡੇ ਸਾਰਿਆਂ ਤੋਂ ਹਮੇਸ਼ਾ ਲਈ ਇਸ ਤਰ੍ਹਾਂ ਵਿਛੜ ਜਾਣਾ ਇਕ ਦੁਖਦਾਈ ਘਟਨਾ ਹੈ ਅਤੇ ਪੰਜਾਬੀ ਸਾਹਿਤ ਲਈ ਇਕ ਬਹੁਤ ਵੱਡਾ ਘਾਟਾ ਹੈ। ਰਜਨੀਸ਼ ਨੂੰ ਯਾਦ ਕਰਦਿਆਂ ਗਾਲਿਬ ਦਾ ਇਕ ਸ਼ੇਅਰ ਯਾਦ ਆਉਂਦਾ ਹੈ:

ਹੈਂ ਔਰ ਭੀ ਦੁਨੀਆਂ ਮੇਂ ਸੁਖਨਵਰ ਬਹੁਤ ਅੱਛੇ
ਕਹਿਤੇ ਹੈਂ ਕਿ ਗਾਲਿਬ ਕਾ ਹੈ ਅੰਦਾਜ਼-ਏ-ਬਿਆਂ ਔਰ

ਰਜਨੀਸ਼ ਆਪਣੇ ਆਪ ਵਿਚ ਵਿਲੱਖਣ ਸੀ।

ਰਜਨੀਸ਼ ਨਾਲ ਮੇਰੀ ਪਹਿਲੀ ਮੁਲਾਕਾਤ ਕੁਝ ਨਾਟਕੀ ਜਿਹੀ ਸੀ, ਜਿਸਦਾ ਪਰਿਣਾਮ ਕੁਝ ਨਾਂਹ-ਪੱਖੀ ਵੀ ਹੋ ਸਕਦਾ ਸੀ।ਹੋਇਆ ਕੁਝ ਇਸ ਤਰ੍ਹਾਂ ਕਿ ਪੈਂਤੀ ਕੁ ਸਾਲ ਪਹਿਲਾਂ ਜਦ ਮੇਰੀ ਮੁਲਾਕਾਤ ਰਜਨੀਸ਼ ਨਾਲ ਲੁਧਿਆਣਾ ਵਿਚ ਹਰ ਸਾਲ ਹੋ ਰਹੀ ਪੰਜਾਬੀ ਸਾਹਿਤ ਸਭਾ ਦੀ ਇਕੱਤਰਤਾ ਵਿਚ ਹੋਈ ਤਾਂ ਉਸ ਤੋਂ ਪਹਿਲਾਂ ਮੇਰੀਆਂ ਕਹਾਣੀਆਂ ਦਾ ਪਹਿਲਾ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕਿਆ ਸੀ। ਉਸ ਵਿਚ ਛਪੀ ਇਕ ਕਹਾਣੀ ਬਾਰੇ ਰਜਨੀਸ਼ ਨੇ ਤਿੱਖੀ ਜਿਹੀ ਟਿੱਪਣੀ ਕੀਤੀ ਸੀ। ਜਿਸ ਤਰ੍ਹਾਂ ਸਾਫਗੋਈ ਦੀ ਉਸਦੀ ਆਦਤ ਹੈ, ਰਜਨੀਸ਼ ਨਾ ਤਾਂ ਬੇ-ਮਤਲਬ ਕਿਸੇ ਦੀ ਤਾਰੀਫ਼ ਕਰਦਾ ਸੀ ਅਤੇ ਨਾ ਹੀ ਬੁਰਾਈ। ਪਹਿਲਾਂ ਤਾਂ ਮੈਨੂੰ ਕੁਝ ਗੁੱਸਾ ਆਇਆ। ਫੇਰ ਕੁਝ ਚੁੱਪ ਰਹਿੰਦਿਆਂ ਸੋਚਿਆ ਕਿ ਟਿੱਪਣੀ ਤਾਂ ਉਸਦੀ ਠੀਕ ਹੀ ਹੈ...।

ਇਹ ਤੋਂ ਬਾਅਦ ਗਾਹੇ, ਬਗਾਹੇ, ਲੁਧਿਆਣਾ ਦੇ ਹਰ ਸਾਲ ਹੋ ਰਹੇ ਸਾਹਿਤਕ ਸਮਾਗਮਾਂ ਜਾਂ ਕਿਤੇ ਹੋਰ ਮੁਲਾਕਾਤਾਂ ਹੁੰਦੀਆਂ ਰਹੀਆਂ। ਪਰ ਜ਼ਿਆਦਾ ਨੇੜਤਾ ਉਦੋਂ ਵਧੀ ਜਦੋਂ ਜਸ ਮੰਡ, ਸੁਕੀਰਤ ਅਤੇ ਰਜਨੀਸ਼ ਨੇ ਮਿਲ ਕੇ ਡਲਹੌਜ਼ੀ ਵਿਚ ਸਾਹਿਤਕ ਗੋਸ਼ਟੀਆਂ ਸ਼ੁਰੂ ਕੀਤੀਆਂ। ਉਨ੍ਹਾਂ ਗੋਸ਼ਟੀਆਂ ਵਿਚ ਹਰ ਕੋਈ ਆਪਣੇ ਵਿਚਾਰ ਪੇਸ਼ ਕਰਦਾ ਅਤੇ ਗੋਸ਼ਟੀ ਵਿਚ ਵਿਚਾਰਾਂ ਨੂੰ ਸਮ-ਅਪ ਅਕਸਰ ਰਜਨੀਸ਼ ਕਰਦਾ।

ਜਿਵੇਂ ਕਿ ਮੈਂ ਆਪਣੀ ਸੀਮਤ ਸਮਝ ਅਨੁਸਾਰ ਸਮਝਦਾ ਹਾਂ ਕਿ ਸਾਹਿਤ ਦੀ ਸ਼ੈਲੀ ਵਿਗਿਆਨਕ ਵਿਵੇਚਨ ਲਈ ਭਾਸ਼ਾ ਅਤੇ ਵਿਚਾਰਧਾਰਾ ਦਾ ਅਧਿਐਨ ਬਹੁਤ ਮਹੱਤਵਪੂਰਨ ਹੈ। ਰਜਨੀਸ਼ ਇਸ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਸ ਦੀਆਂ ਸੰਪਾਦਕੀਆਂ ਵਿਚ ਤਰੱਕੀਪਸੰਦ ਵਿਚਾਰਧਾਰਾ ਨੂੰ ਵੇਖਿਆ ਜਾ ਸਕਦਾ ਹੈ। ਇਥੇ ਮੇਰੇ ਇਹ ਕੁਝ ਲਿਖਣ ਦਾ ਭਾਵ ਇਹ ਹੈ ਕਿ ਸਧਾਰਨ ਪਰਚਿਆਂ ਦੀਆਂ ਸੰਪਾਦਕੀਆਂ ਤੋਂ ਉਲਟ ਰਜਨੀਸ਼ ਦੀਆਂ ਸੰਪਾਦਕੀਆਂ ਵਿਚ ਐਵੇਂ ਇਧਰ ਉਧਰ ਦੀ ਚੋਪੜਾ-ਚੋਪੜੀ ਨਹੀਂ ਸੀ ਹੁੰਦੀ।

ਰਜਨੀਸ਼ ਦੁਆਰਾ ਸੰਪਾਦਿਤ 'ਪ੍ਰਵਚਨ', ਜੋ ਪੰਜਾਬੀ ਦੇ ਤਿਮਾਹੀ ਰਸਾਲਿਆਂ ਵਿਚ ਇਕ ਸਿਰਕੱਢ ਪਤ੍ਰਿਕਾ ਗਿਣੀ ਜਾਂਦੀ ਹੈ। ਹਰ ਪੰਜਾਬੀ ਲੇਖਕ ਦੀ ਦਿਲੀ ਇੱਛਾ ਹੁੰਦੀ ਕਿ ਉਸਦੀ ਰਚਨਾ 'ਪ੍ਰਵਚਨ' ਵਿਚ ਪ੍ਰਕਾਸ਼ਿਤ ਹੋਵੇ। ਜੇ ਰਜਨੀਸ਼ ਦੀਆਂ ਕੁਝ ਚੋਣਵੀਆਂ ਸੰਪਾਦਕੀਆਂ ਨੂੰ ਇਕੱਠਾ ਕਰ ਕੇ ਪੁਸਤਕ ਰੂਪ ਦੇ ਦਿੱਤਾ ਜਾਵੇ ਤਾਂ ਇਹ ਇਕ ਚੰਗਾ ਸਾਹਿਤਕ ਕਰਮ ਹੋਵੇਗਾ।

ਰਜਨੀਸ਼ ਆਪਣੇ ਆਪ ਵਿਚ ਇਕ ਥੰਮ੍ਹ, ਇਕ ਸੰਸਥਾ ਵਾਂਗ ਸੀ, ਜਿਸ ਨਾਲ ਪੰਜਾਬ ਦੇ ਬਹੁਤ ਸਾਰੇ ਲੇਖਕ ਅਤੇ ਪਾਠਕ ਬੱਝੇ ਹੋਏ ਸਨ। ਉਹ ਕੇਵਲ ਮੇਰੇ ਲਈ ਹੀ ਨਹੀਂ, ਕਈ ਹੋਰ ਨਵੇਂ ਅਤੇ ਪੁਰਾਣੇ ਲੇਖਕਾਂ ਲਈ ਰਹਿਨੁਮਾਈ ਵਾਲਾ ਕੰਮ ਵੀ ਕਰਦਾ ਸੀ। ਇਸ ਵੇਲੇ ਮੇਰੇ ਸਾਹਮਣੇ 'ਪ੍ਰਵਚਨ' ਦਾ ਅਕਤੂਬਰ-ਦਸੰਬਰ 2019 ਵਾਲਾ ਅੰਕ ਪਿਆ ਹੋਇਆ ਹੈ। ਇਸਨੂੰ ਫਰੋਲਦਿਆਂ ਹੀ ਪਤਾ ਲਗਦਾ ਹੈ ਕਿ ਰਜਨੀਸ਼ ਅਤੇ 'ਪ੍ਰਵਚਨ' ਦਾ ਦਾਇਰਾ ਕੇਵਲ ਕਹਾਣੀ ਜਾਂ ਕਵਿਤਾ ਤੱਕ ਹੀ ਮਹਿਦੂਦ ਨਹੀਂ ਰਹਿੰਦਾ, ਬਲਕਿ ਬਹੁਤ ਖੁੱਲ੍ਹਾ ਹੈ। ਪੰਜਾਬੀ ਕਹਾਣੀ ਚਿੰਤਨ, ਪੰਜਾਬੀ ਨਾਟਕ, ਨਾਵਲ, ਗਾਇਕੀ, ਸ਼ਾਇਰੀ, ਲੋਕਧਾਰਾ, ਪੱਤਰਕਾਰੀ ਅਤੇ ਅਨੁਵਾਦਾਂ ਅਤੇ ਸਿਨੇਮਾ ਬਾਰੇ ਵੀ ਨਾਮਵਰ ਲੇਖਕਾਂ ਦੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਸਨ।

ਮੈਨੂੰ ਯਾਦ ਨਹੀਂ ਕਿ ਰਜਨੀਸ਼ ਨੇ ਪੰਜਾਬੀ ਸਾਹਿਤ ਦੀਆਂ ਕਿਨ੍ਹਾਂ-ਕਿਨ੍ਹਾਂ ਵਿਧਾਵਾਂ ਬਾਰੇ ਪੁਸਤਕਾਂ ਲਿਖੀਆਂ, ਪਰ ਪੰਜਾਬੀ ਕਹਾਣੀ ਬਾਰੇ ਪ੍ਰਕਾਸ਼ਿਤ ਪੁਸਤਕ ਦਾ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਇਸ ਪੁਸਤਕ ਵਿਚ ਰਜਨੀਸ਼ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉੱਤੇ ਕੇਂਦਰਤ ਕਰਦਿਆਂ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕਰਦਿਆਂ ਕਹਾਣੀ ਵਿਧਾ ਦੀਆਂ ਵੱਖ-ਵੱਖ ਧਾਰਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਰਜਨੀਸ਼ ਬਹਾਦਰ ਬਾਰੇ ਇਕ ਛੋਟੀ ਜਿਹੀ, ਪਰ ਮਹੱਤਵਪੂਰਨ ਗੱਲ, ਜਿਸ ਬਾਰੇ ਮੈਨੂੰ ਆਪਣੇ ਸਾਂਝੇ ਦੋਸਤ ਜਸ ਮੰਡ ਦੁਆਰਾ ਹੀ ਪਤਾ ਲੱਗੀ ਸੀ। ਕੁਝ ਵਰ੍ਹੇ ਪਹਿਲਾਂ ਰਜਨੀਸ਼ ਕਾਫ਼ੀ ਬਿਮਾਰ ਹੋ ਗਿਆ, ਜਿਸਦਾ ਸੰਬੰਧ ਦਿਲ ਦੀ ਬਿਮਾਰੀ ਨਾਲ ਸੀ। ਜਦੋਂ ਰਜਨੀਸ਼ ਆਪਣੇ ਡਾਕਟਰ ਕੋਲ ਗਿਆ ਤਾਂ ਡਾਕਟਰ ਨੇ ਪੂਰੀ ਚੈਕਅਪ ਕਰਨ ਤੋਂ ਬਾਅਦ ਉਸਨੂੰ ਦਵਾਈਆਂ ਦੇਂਦਿਆਂ ਆਪਣੀ ਸਿਹਤ ਬਾਰੇ ਸਾਵਧਾਨੀ ਵਰਤਣ ਲਈ ਕੁਝ ਹਦਾਇਤਾਂ ਦਿੱਤੀਆਂ। ਡਾਕਟਰ ਨੇ ਆਪਣੀ ਚਿੰਤਾ ਪ੍ਰਗਟ ਕਰਦਿਆਂ ਜਸ ਮੰਡ ਨੂੰ ਆਖਿਆ ਕਿ ਇਸਦੇ ਦਿਲ ਵਿਚ ਕੁਝ ਐਸਾ ਨੁਕਸ ਹੈ, ਜਿਸ ਦਾ ਇਲਾਜ ਤਕਰੀਬਨ ਅਸੰਭਵ ਹੈ ਅਤੇ ਇਸ ਦੇ ਜੀਵਨ ਦੇ ਸਾਲ ਬਹੁਤ ਥੋੜ੍ਹੇ ਬਾਕੀ ਬਚੇ ਹਨ। ਡਾਕਟਰ ਦੇ ਅਨੁਮਾਨ ਅਨੁਸਾਰ ਸ਼ਾਇਦ ਦੋ ਕੁ ਸਾਲ। ਜਸ ਮੰਡ ਨੇ ਇਸ ਬਾਰੇ ਰਜਨੀਸ਼ ਨੂੰ ਨਹੀਂ ਦੱਸਿਆ, ਨਾ ਹੀ ਦੱਸਣ ਦੀ ਲੋੜ ਸੀ। ਪਰ ਰਜਨੀਸ਼ ਬਹਾਦਰ ਨੇ ਡਾਕਟਰ ਦੀ ਰਾਏ ਨੂੰ ਬਿਲਕੁਲ ਝੂਠਾ ਕਰ ਦਿੱਤਾ ਅਤੇ ਉਸ ਡਾਕਟਰ ਦੀ ਇਸ ਟਿੱਪਣੀ ਤੋਂ ਬਾਅਦ ਦਸ ਬਾਰਾਂ ਸਾਲ ਲੰਘਾ ਗਿਆ। ਇਨ੍ਹਾਂ ਸਾਲਾਂ ਵਿਚ ਹੀ ਉਸ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਕਾਫੀ ਮਹੱਤਵਪੂਰਨ ਕੰਮ ਕੀਤੇ।

ਆਪਣੀ ਅੰਤਿਮ ਵਿਦਾਇਗੀ ਤੋਂ ਕੁਝ ਹਫਤੇ ਪਹਿਲਾਂ ਰਜਨੀਸ਼ ਬਹਾਦਰ ਦਿੱਲੀ ਵਿਚ ਮੇਰੇ ਘਰ ਆ ਕੇ ਰਿਹਾ। ਅਸੀਂ ਸਾਰਾ ਦਿਨ ਅਤੇ ਅੱਧੀ ਰਾਤ ਤੱਕ ਪੰਜਾਬੀ ਸਾਹਿਤ, ਪੁਸਤਕਾਂ, ਸਾਂਝੇ ਯਾਰਾਂ, ਦੋਸਤਾਂ ਬਾਰੇ ਗੱਲਾਂ ਕਰਦੇ ਰਹੇ। ਪਰ ਇਹ ਕੀ ਪਤਾ ਸੀ ਕਿ ਉਸ ਨਾਲ ਮੇਰੀ ਇਹ ਆਖਰੀ ਮੁਲਾਕਾਤ ਹੋਵੇਗੀ...! ਇਕ ਚੰਗੇ ਅਤੇ ਸੂਝਵਾਨ ਆਦਮੀ ਦੀ ਇਹੀ ਪਛਾਣ ਹੁੰਦੀ ਹੈ ਕਿ ਉਸ ਦੇ ਇਸ ਸੰਸਾਰ ਤੋਂ ਵਿਦਾ ਹੋਣ ਤੋਂ ਬਾਅਦ ਕਈ ਚਿਰ ਤੱਕ ਉਸ ਦੇ ਸਾਕ ਸੰਬਧੀ, ਯਾਰ ਦੋਸਤ ਉਸਨੂੰ ਯਾਦ ਕਰਦਿਆਂ ਉਸ ਬਾਰੇ ਗੱਲਾਂ ਕਰਦੇ ਰਹਿੰਦੇ ਹਨ ...।

***

# ਵਿਧਾ-ਸ਼ਾਸਤਰ ਤੇ ਰਜਨੀਸ਼ ਬਹਾਦਰ ਦਾ ਵਿਧਾ-ਚਿੰਤਨ

-ਡਾ. ਸਰਬਜੀਤ ਸਿੰਘ : 94780-98061

ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਇਹ ਸੂਝ ਪੈਂਦੀ ਹੈ ਕਿ ਸਾਹਿਤ ਪਹਿਲਾਂ ਹੋਂਦ ਵਿਚ ਆਇਆ ਤੇ ਇਸਦੇ ਆਧਾਰ ਤੇ ਵਿਧਾ ਦੀਆਂ ਪਛਾਣਯੋਗ ਰੀਤੀਆਂ ਤੇ ਸਿਧਾਂਤ ਸਥਾਪਿਤ ਹੋਏ ਹਨ। ਪਰੰਪਰਕ ਅਰਥਾਂ ਵਿਚ ਵਿਧਾ ਹਦਾਇਤਾਂ ਜਾਂ ਨਿਯਮਾਂ ਦਾ ਉਹ ਸੰਗ੍ਰਹਿ ਹੈ, ਜੋ ਟੈਕਸਟ ਨੂੰ ਦੇਖਣ ਜਾਂ ਇਸਦੀ ਪੜ੍ਹਤ ਲਈ ਕ੍ਰਮ, ਸੰਚਾ, ਢਾਂਚਾ ਜਾਂ ਗਰਾਮਰ ਨਿਰਧਾਰਿਤ ਕਰਦੀ ਹੈ। ਪਰ ਅਜੋਕਾ ਉਤਰ-ਸੰਰਚਨਾਵਾਦੀ ਤੇ ਉਤਰ-ਆਧੁਨਿਕਤਾਵਾਦੀ ਚਿੰਤਨ ਇਸ ਪਰੰਪਰਕ ਵਿਧਾ-ਸੰਕਲਪ ਦੇ ਵਿਪਰੀਤ ਦ੍ਰਿਸ਼ਟੀ ਦਿੰਦਾ ਹੈ। ਇਸ ਅਨੁਸਾਰ ਜੋ ਰਚਨਾ ਪਰੰਪਰਕ ਵਿਧੀ-ਵਿਧਾਨ ਵਿਚ ਸਥਾਪਿਤ ਹੋ ਕੇ ਰਚੀ ਗਈ ਹੈ ਉਹ ਨਾਵਲ, ਨਾਟਕ ਜਾਂ ਵਿਧਾ ਹੈ ਪਰ ਇਸ ਵਿਧੀ-ਵਿਧਾਨ ਨੂੰ ਉਲੰਘ ਜਾਣ ਵਾਲੀ ਜਾਂ ਇਸ ਪ੍ਰਤੀ ਪ੍ਰਤੀਰੋਧਕਤਾ ਦਿੰਦੀ ਰਚਨਾ ਸਾਹਿਤ ਜਾਂ ਲਿਖਤ ਕਹਾਉਣ ਦੀ ਅਧਿਕਾਰੀ ਹੈ। ਭਾਵੇਂ ਹਰ ਸਾਹਿਤ ਰਚਨਾ ਇਕ ਵਿਧਾ-ਪਰਿਵਾਰ ਦੀ ਮੈਂਬਰ ਵੀ ਹੁੰਦੀ ਹੈ ਪਰ ਇਹ ਇਸ ਤੋਂ ਲਾਜ਼ਮੀ ਤੌਰ 'ਤੇ ਅਲਹਿਦਾ ਹੋਂਦ ਵੀ ਹੁੰਦੀ ਹੈ। ਕਿਸੇ ਵਿਸ਼ੇਸ਼ ਇਤਿਹਾਸਕ ਪੜਾਉ ਤੇ ਸਾਹਿਤ-ਸਮੀਖਿਆ ਜਦੋਂ ਸਾਹਿਤ ਸਬੰਧੀ ਨਿਸਚਿਤਤਾਵਾਦੀ ਨਿਯਮ ਪਛਾਣ ਲੈਂਦੀ ਹੈ ਤਾਂ ਸਾਹਿਤ ਆਪਣੇ ਗਤੀਸ਼ੀਲ ਸੁਭਾਉ ਕਰਕੇ ਇਨ੍ਹਾਂ ਨਿਯਮਾਂ ਤੋਂ ਅਗਾਂਹ ਤੁਰ ਪੈਂਦਾ ਹੈ। ਇਹ ਵੀ ਸਪਸ਼ਟ ਹੋਣ ਦੀ ਲੋੜ ਹੈ ਕਿ ਵਿਧਾ ਕੇਵਲ ਰੂਪਾਤਮਕ ਵਿਸ਼ੇਸ਼ਤਾਵਾਂ ਦਾ ਸਮੂਹ ਨਹੀਂ ਸਗੋਂ ਇਸ ਵਿਚ ਦ੍ਰਿਸ਼ਟੀਮੂਲਕ ਵਿਸ਼ੇਸ਼ਤਾਵਾਂ, ਵਿਚਾਰਧਾਰਕ ਨਿੱਖੜਤਾਵਾਂ ਤੇ ਸਭਿਆਚਾਰਕ ਅਵਚੇਤਨ ਤੇ ਖ਼ਸਲਤਾਂ ਵੀ ਸ਼ਾਮਿਲ ਹੁੰਦੀਆਂ ਹਨ। ਅਸੀਂ ਇਕੋ-ਜਿਹੇ ਸੰਚੇ ਵਿਚ ਢਲੇ ਨਾਵਲ ਜਾਂ ਹੋਰ ਸਾਹਿਤ ਰੂਪ ਪੜ੍ਹਨ ਦੇ ਆਦੀ ਹਾਂ, ਵਿਧਾ ਸੰਚੇ ਤੋਂ ਬਾਹਰ ਜਾਂਦੀ ਲਿਖਤ ਸਾਡੀ ਪਰੰਪਰਾ-ਪ੍ਰਵਾਨ ਸੂਝ ਨੂੰ ਪ੍ਰਵਾਨ ਨਹੀਂ। ਅਜਿਹਾ ਕਹਿਣ ਦਾ ਭਾਵ ਵਿਧਾ ਦੇ ਸੰਕਲਪ ਨੂੰ ਰੱਦ ਕਰਨ ਦਾ ਨਹੀਂ ਸਗੋਂ ਵਿਧਾ ਤੇ ਟੈਕਸਟ ਦੇ ਸੰਤੁਲਿਤ ਸਬੰਧ ਦੀ ਨਵੇਂ ਸਿਰਿਉਂ ਪਛਾਣ ਕਰਨ ਦਾ ਹੈ।

ਵਿਧਾ ਦੇ ਸੰਦਰਭ ਵਿਚ ਅਜੋਕੇ ਚਿੰਤਨ ਨੇ ਇਹ ਨੁਕਤਾ ਦ੍ਰਿੜ ਕਰਾਇਆ ਹੈ ਕਿ ਸਿਸਟਮ ਦੇ ਰੂਪ ਵਿਚ ਤਾਂ ਵਿਧਾਵਾਂ ਆਪਣੀ ਪੂਰੀ ਸੰਭਾਵਨਾ ਹੰਢਾ ਚੁੱਕੀਆਂ ਹਨ ਪਰ ਕਿਉਂ ਜੋ ਸਾਹਿਤ ਸਦਾ ਅਭਿਆਸੀ ਮਾਰਗ ਤੇ ਅਗਰਸਰ ਰਹਿੰਦਾ ਹੈ ਇਸ ਲਈ ਸਿਸਟਮ ਦੇ ਰੂਪ ਵਿਚ ਨਿਸ਼ਚਿਤ ਹੋਈ ਵਿਧਾ ਨੂੰ ਹਮੇਸ਼ਾ ਓਵਰਫਲੋਅ ਕਰਦਾ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਵਿਧਾ ਦਾ ਅਜੋਕਾ ਸੰਕਲਪ ਸਾਹਿਤ ਨੂੰ ਸਥਾਪਿਤ ਨਿਯਮਾਂ ਦੇ ਬਾਰੰਬਾਰ ਮਕਾਨਕੀ ਦੁਹਰਾਉ ਵਿਚ ਨਾ ਦੇਖਦਾ ਹੋਇਆ ਇਸਨੂੰ ਸਿਰਜਣਾਤਮਕ ਤਜਰਬੇ ਜਾਂ ਅਭਿਆਸ ਦੀ ਅਮੁੱਕ ਪ੍ਰਕਿਰਿਆ ਤੇ ਊਰਜਾ ਨੂੰ ਜਨਮ ਦਿੰਦਾ ਹੈ। ਬਣੇ ਬਣਾਏ ਰਸਤਿਆਂ 'ਤੇ ਤੁਰਨਾ ਤਾਂ ਹਰ ਲੇਖਕ ਲਈ ਆਸਾਨ ਹੈ ਪਰ ਨਵੇਂ ਰਸਤਿਆਂ ਦੀ ਤਾਲਾਸ਼ ਦੁਰਗਮ ਤੇ ਬਿਖ਼ਮ ਹੈ। ਅਭਿਆਸੀ ਮਾਰਗ ਤੇ ਤੁਰੀ ਲਿਖਤ ਸਾਹਿਤ ਪਰੰਪਰਾ, ਇਤਿਹਾਸ, ਅਨੁਕਰਣ, ਪੂਰਵ ਪ੍ਰਾਪਤ ਪ੍ਰਵਚਨ ਤੇ ਰੂਪਾਤਮਕ ਵਿਧੀ-ਵਿਧਾਨ ਤੋਂ ਵੱਖਰਾ ਸੰਸਾਰ ਸਿਰਜਦੀ ਹੈ। ਲਿਖਤ ਵਿਧਾ ਦੇ ਪੂਰਵ ਪ੍ਰਾਪਤ

---

ਸਹਾਇਕ ਪ੍ਰੋਫ਼ੈਸਰ (ਪੰਜਾਬੀ), ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ

ਅਨੁਸ਼ਾਸਨ ਨੂੰ ਤੋੜਦੀ ਹੈ। ਅਜਿਹੀ ਲਿਖਤ ਹੀ ਮੌਲਿਕਤਾ ਦਾ ਦਮ ਭਰ ਸਕਦੀ ਹੈ। ਸੰਖੇਪ ਵਿਚ, ਲਿਖਤ ਲਈ ਵਿਧਾ ਪ੍ਰਤੀ ਨਿਸ਼ਚਿਤਤਾਵਾਦੀ ਵਚਨਬੱਧਤਾ ਦਾ ਪਾਲਕ ਹੋਣ ਦੀ ਥਾਂ ਸਾਹਿਤ ਦੀ ਨਿਭਾਉਯੋਗਤਾ ਸਰਬ ਪ੍ਰਥਮ ਹੈ। ਨਿਸ਼ਚਿਤਤਾ ਜਾਂ ਸੰਪੂਰਨਤਾ ਵਿਧਾ ਦੀ ਸੀਮਾ ਹੈ ਤੇ ਸੰਭਾਵਨਾ ਲਿਖਤ ਜਾਂ ਸਾਹਿਤ-ਪਾਠ ਦੀ ਸਮਰੱਥਾ ਹੈ। ਕਹਿਣ ਦਾ ਭਾਵ ਹੈ ਕਿ ਲਿਖਤ ਕਿਸੇ ਵਿਧਾ ਵਿਸ਼ੇਸ਼ ਵਿਚ ਸ਼ਾਮਿਲ ਹੋ ਕੇ ਵੀ ਅਲਹਿਦਾ ਸ਼ਨਾਖ਼ਤ ਰਖਦੀ ਹੈ।

ਰਜਨੀਸ਼ ਬਹਾਦਰ ਦਾ ਵਿਧਾ ਚਿੰਤਨ 'ਨਾਵਲ ਦੀ ਹੋਂਦ-ਪ੍ਰਕ੍ਰਿਆ', 'ਨਿੱਕੀ ਕਹਾਣੀ ਦਾ ਗਲਪ-ਸ਼ਾਸਤਰ', ਸੰਤਾਲੀ ਤੋਂ ਬਾਅਦ ਦਾ ਪੰਜਾਬੀ ਸਾਹਿਤ', 'ਨਵੀਂ ਪੰਜਾਬੀ ਕਹਾਣੀ ਦੇ ਪਛਾਣ ਚਿੰਨ੍ਹ', 'ਫੈਲਦੇ ਰਿਸ਼ਤੇ: ਆਵੇਸ਼ਮੂਲਕ ਜਜ਼ਬਿਆਂ ਦਾ ਸਮਾਜੀਕ੍ਰਿਤ ਰੂਪ' ਆਦਿ ਖੋਜ-ਪੱਤਰਾਂ ਦੇ ਰੂਪ ਵਿਚ ਪ੍ਰਾਪਤ ਹੈ। ਰਜਨੀਸ਼ ਦੇ ਵਿਧਾ-ਚਿੰਤਨ ਵਿਚ ਸਭ ਤੋਂ ਪਹਿਲਾ ਨੁਕਤਾ ਇਹ ਹੈ ਕਿ ਉਹ ਵਿਧਾ ਨੂੰ ਵਿਸ਼ੇਸ਼ ਸਮਾਜਿਕ ਪ੍ਰਸਥਿਤੀਆਂ ਤੇ ਇਤਿਹਾਸਕ ਦੌਰ ਦੀ ਉਪਜ ਮੰਨਦਾ ਹੈ। ਉਸ ਅਨੁਸਾਰ ਪ੍ਰਾਚੀਨ ਸਾਹਿਤ ਵਿਧਾਵਾਂ ਅਜੋਕੇ ਅਨੁਭਵ ਦੇ ਹਾਣ ਦੀਆਂ ਨਹੀਂ ਰਹੀਆਂ, ਇਸੇ ਕਰਕੇ ਨਾਵਲ ਤੇ ਨਿੱਕੀ ਕਹਾਣੀ ਵਰਗੀਆਂ ਵਿਧਾਵਾਂ ਹੋਂਦ ਵਿਚ ਆ ਗਈਆਂ ਹਨ। ਕੁਝ ਪੰਗਤੀਆਂ ਦੇਖ ਸਕਦੇ ਹਾਂ:

> ਸਾਹਿਤ ਦੀ ਹਰ ਵਿਧਾ ਵਿਸ਼ੇਸ਼ ਸਮਾਜਿਕ ਪ੍ਰਸਥਿਤੀਆਂ ਤੇ ਇਤਿਹਾਸਕ ਦੌਰ ਦੀ ਪੈਦਾਵਾਰ ਹੁੰਦੀ ਹੈ। ਵਿਸ਼ੇਸ਼ ਸਮਾਜਿਕ ਪ੍ਰਸਥਿਤੀਆਂ ਵਿਚੋਂ ਪੈਦਾ ਹੋਈਆਂ ਜੀਵਨ ਕੀਮਤਾਂ ਨੂੰ ਪੇਸ਼ ਕਰਨ ਤੋਂ ਜਦੋਂ ਪਰੰਪਰਾਗਤ ਵਿਧਾ ਪਛੜ ਜਾਂਦੀ ਹੈ ਤਾਂ ਬਦਲਦੀਆਂ ਪ੍ਰਸਥਿਤੀਆਂ ਵਿਚੋਂ ਪੈਦਾ ਹੋਏ ਜੀਵਨ ਮੁੱਲਾਂ ਨੂੰ ਪੇਸ਼ ਕਰਨ ਲਈ ਨਵੀਂ ਵਿਧਾ ਹੋਂਦ ਵਿਚ ਆਉਂਦੀ ਹੈ।[1]

ਵਿਧਾ ਦੇ ਉਦਭਵ ਦੇ ਸੰਦਰਭ ਵਿਚ ਇਹ ਨੁਕਤਾ ਮਹੱਤਵਪੂਰਣ ਹੈ। ਮਹਾ-ਕਾਵਿ ਤੋਂ ਨਾਵਲ ਦਾ ਸਫ਼ਰ ਇਸਦੇ ਉਦਾਹਰਣ ਵਜੋਂ ਦੇਖਿਆ ਜਾ ਸਕਦਾ ਹੈ। ਭਾਵੇਂ ਪੱਛਮ ਦੇ ਉਦਯੋਗੀਕਰਣ ਤੇ ਭਾਰਤ ਵਿਚ ਬਸਤੀਵਾਦੀ ਪ੍ਰਬੰਧ ਨੇ ਨਾਵਲ ਤੇ ਨਿੱਕੀ ਕਹਾਣੀ ਲਈ ਸਾਜ਼ਗਾਰ ਮਹੌਲ ਨੂੰ ਜਨਮ ਦਿੱਤਾ ਹੈ, ਪਰ ਰਜਨੀਸ਼ ਸਮੀਖਿਆ ਦਾ ਨਾਵਲ ਤੇ ਨਿੱਕੀ ਕਹਾਣੀ ਨੂੰ ਕੇਵਲ ਪੂੰਜੀਵਾਦੀ ਵਿਵਸਥਾ ਦੀ ਉਪਜ ਦਰਸਾਉਣਾ ਵਧੇਰੇ ਦਰੁਸਤ ਪ੍ਰਤੀਤ ਨਹੀਂ ਹੁੰਦਾ।

ਇਸਦੇ ਨਾਲ ਮਿਲਦਾ-ਜੁਲਦਾ ਨੁਕਤਾ ਇਹ ਹੈ ਕਿ ਰਜਨੀਸ਼-ਸਮੀਖਿਆ ਨਾਵਲ ਤੇ ਨਿੱਕੀ ਕਹਾਣੀ ਦੀ ਵਿਧਾ ਨੂੰ ਯਥਾਰਥ ਦੇ ਪ੍ਰਸਤੁਤੀਕਰਣ ਤਕ ਸੀਮਿਤ ਕਰਦੀ ਹੈ। ਪੂੰਜੀਵਾਦ, ਸਾਇੰਸ, ਤਕਨੀਕ ਤੇ ਤਰਕ ਇਸ ਸਮੀਖਿਆ ਦੇ ਮੂਲ ਆਧਾਰ ਬਿੰਦੂ ਹਨ ਜੋ ਅਗਾਂਹ ਸਾਹਿਤ ਤੇ ਵਿਸ਼ੇਸ਼ ਕਰਕੇ ਗਲਪ ਵਿਚ ਯਥਾਰਥ ਪੇਸ਼ਕਾਰੀ ਲਈ ਪ੍ਰੇਰਕ ਬਣਦੇ ਹਨ। ਉਦਾਹਰਣ ਵਜੋਂ ਇਹ ਹਵਾਲਾ ਦੇਖ ਸਕਦੇ ਹਾਂ:

> ਯਥਾਰਥ ਦੀ ਪ੍ਰਵਿਰਤੀ ਅਜੋਕੀ ਕਹਾਣੀ ਦੇ ਗਲਪ ਸ਼ਾਸਤਰ ਦਾ ਜ਼ਰੂਰੀ ਤੱਤ ਬਣ ਰਹੀ ਹੈ। ਪੂੰਜੀਵਾਦੀ ਪ੍ਰਬੰਧ ਵਿਚ ਸਾਇੰਸ ਤੇ ਤਕਨੀਕ ਦਾ ਵਿਕਾਸ ਇਸ ਪ੍ਰਬੰਧ ਦਾ ਜ਼ਰੂਰੀ ਹਿੱਸਾ ਹੈ।...ਵਿਸ਼ਵਾਸ ਦੀ ਥਾਂ ਤੇ ਤਾਰਕਿਕਤਾ ਲੈ ਲੈਂਦੀ ਹੈ।... ਇਹ ਤਾਰਕਿਕਤਾ ਹੀ ਯਥਾਰਥ ਦਾ ਆਧਾਰ ਹੈ।...ਇਹ ਯਥਾਰਥ ਨਿੱਕੀ ਕਹਾਣੀ ਦੀ ਵਿਧਾ 'ਚੋਂ ਉਪਜਿਆ ਤੱਤ ਹੈ।[2]

> ਨਿੱਕੀ ਕਹਾਣੀ ਦੀ ਵਿਧਾ ਸਨਅਤੀਕਰਣ 'ਚੋਂ ਉਪਜੇ ਸਮਾਜਿਕ ਜੀਵਨ ਦੀ ਵਿਵਸਥਾ 'ਚੋਂ ਪੈਦਾ ਹੋਈ ਹੈ।[3]

ਇਹ ਨੁਕਤਾ ਸਰਬ-ਪ੍ਰਵਾਨਿਤ ਹੈ ਕਿ ਨਿੱਕੀ ਕਹਾਣੀ ਤੇ ਖਾਸ ਕਰਕੇ ਨਾਵਲ ਦੀ ਵਿਧਾ ਆਪਣੇ ਪੱਛਮੀ ਨਾਵਲ ਦੇ ਮੁਢਲੇ ਦੌਰ ਤੋਂ ਲੈ ਕੇ ਅੱਜ ਤੱਕ ਯਥਾਰਥ ਦੇ ਪ੍ਰਸਤੁਤੀਕਰਣ ਵਿਚ ਰੁਚੀ ਲੈਂਦੀ ਰਹੀ ਹੈ ਪਰ ਇਹ ਨੁਕਤਾ ਇਸ ਵਿਧਾ ਦੇ ਉਦਭਵ ਦੇ ਹਵਾਲੇ ਨਾਲ ਤਾਂ ਕੁਝ ਹੱਦ ਤਕ ਦਰੁਸਤ ਹੈ ਪਰ ਅਜੋਕੇ ਗਲਪ-ਚਿੰਤਨ ਵਿਚ ਗਲਪ ਯਥਾਰਥ ਜਾਂ ਪ੍ਰਾਪਤ ਸੰਸਾਰ ਦਾ ਸ਼ੀਸ਼ਾ ਜਾਂ ਦੁਹਰਾਉ ਬਣਨ ਦੀ ਥਾਂ ਅਜਿਹਾ ਅਰਥਵਾਨ ਯਥਾਰਥ ਸਿਰਜਦਾ ਹੈ, ਜੋ ਪਹਿਲਾਂ ਹੋਂਦ ਵਿਚ ਨਹੀਂ ਸੀ। ਵਿਧਾਵਾਂ ਦੇ ਇਤਿਹਾਸ ਵਿਚ ਨਾਵਲ ਦਾ ਵਿਧਾ ਦੇ ਰੂਪ ਵਿਚ ਜਨਮ ਭਾਵੇਂ ਯਥਾਰਥ-ਪੇਸ਼ਕਾਰੀ ਦੀ ਸੰਭਾਵਨਾ ਲਈ ਹੋਇਆ ਸੀ, ਪਰ ਨਾਵਲ ਆਪਣੀ ਮਿਥੀ ਇਸ ਸੀਮਾ ਨੂੰ ਕਦੇ ਪਾਰ ਨਹੀਂ ਕਰ ਸਕਿਆ। ਯਥਾਰਥ ਦੀ ਪੇਸ਼ਕਾਰੀ ਇਸਦੀ ਸਸ਼ਕਤ ਸੰਭਾਵਨਾ ਸੀ ਪਰ ਇਹ ਪੇਸ਼ਕਾਰੀ ਅਨੁਕਰਣ ਤਕ ਸਿਮਟ ਕੇ ਇਸਦੀ ਸੀਮਾ ਬਣਦੀ ਨਜ਼ਰ ਆਉਂਦੀ ਹੈ। ਗਲਪ ਕਿਸੇ ਯਥਾਰਥ ਦੀ ਪੇਸ਼ਕਾਰੀ ਜਾਂ ਅਨੁਕਰਣ ਨਹੀਂ ਸਗੋਂ ਇਹ ਤਾਂ ਆਪਣੇ ਆਪ ਵਿਚ ਇਕ ਯਥਾਰਥ ਹੈ। ਇਕ ਖ਼ੁਦਮੁਖ਼ਤਾਰ ਯਥਾਰਥ, ਜਿਸਦਾ ਬਾਹਰਲੇ ਯਥਾਰਥ ਜਾਂ ਸੰਸਾਰ ਨਾਲ ਸਬੰਧ ਇਸ ਵਿਚ ਹੋਰ ਇਜ਼ਾਫ਼ਤ ਕਰਦਾ ਹੈ। ਪ੍ਰਾਪਤ ਯਥਾਰਥ ਦੇ ਸਨਮੁੱਖ ਨਵਾਂ ਤੇ ਬਹੁਪਰਤੀ ਯਥਾਰਥ। ਇਸ ਤਰ੍ਹਾਂ ਗਲਪ ਸਿਰਜਣਾ ਯਥਾਰਥ ਦੇ ਉਸ ਸਧਾਰਣ ਰੂਪ ਨੂੰ ਤੋੜਦੀ ਹੈ, ਜਿਸਨੂੰ ਸੱਚ ਮੰਨਿਆ ਜਾਂਦਾ ਹੈ। ਵਿਧਾ ਦੇ ਰੂਪ ਵਿਚ ਨਾਵਲ ਕੁਝ ਹੱਦ ਤਕ ਆਪਣੀਆਂ ਸਮਸਤ ਸੰਭਾਵਨਾਵਾਂ ਹੰਢਾ ਚੁੱਕਾ ਹੈ। ਸਾਰੀਆਂ ਸੀਮਾਵਾਂ ਛੋਹ ਚੁੱਕਾ ਹੈ। ਇਹ ਉਸ ਸਭ ਕੁਝ ਦਾ ਅਨੁਕਰਣ ਹੈ ਜੋ ਸਾਂਝੇ ਜਾਂ ਵਿਅਕਤੀਗਤ ਰੂਪ ਵਿਚ ਕਦੋਂ ਦਾ ਅਨੁਭਵ ਕੀਤਾ ਜਾ ਚੁੱਕਾ ਹੈ। ਜਦੋਂ ਕਿ ਜੋ ਅਜੇ ਤਕ ਨਾ ਤਾਂ ਅਨੁਭਵ ਕੀਤਾ ਗਿਆ ਹੈ ਤੇ ਨਾ ਹੀ ਪੇਸ਼ ਕੀਤਾ ਗਿਆ ਹੈ, ਉਹੀ ਉਹ ਅਦਿਸਦੀ-ਅਪੇਸ ਸੰਭਾਵਨਾ ਸਿਰਜਣ-ਸੰਭਾਵਨਾ ਹੈ ਜਿਸਨੂੰ ਸਸਕਤ ਗਲਪਕਾਰ ਜਗਾਉਂਦਾ ਹੈ। ਇਹ ਗਿਆਤ ਤੋਂ ਗਿਆਤ ਥਾਂ ਅਗਿਆਤ ਤੋਂ ਗਿਆਤ ਤੇ ਫਿਰ ਅਗਿਆਤ ਵੱਲ ਜਾਣ ਦੀ ਅਮੁੱਕ ਸੰਭਾਵਨਾ ਹੈ। ਵਿਧਾ ਦੀਆਂ ਹੰਢਾਈਆਂ ਜਾ ਚੁੱਕੀਆਂ ਸਮਸਤ ਸੀਮਾਵਾਂ ਤੋਂ ਪਾਰ ਜਾ ਕੇ ਵਿਧਾ-ਪਾਰ ਸੰਭਾਵਨਾ ਵਿਚ ਸਾਹਿਤ ਦਾ ਭਵਿੱਖ ਪਿਆ ਹੈ। ਪੱਛਮ ਦੇ ਫਿਲਿਪ ਸੋਲਰ ਵਰਗੇ ਨਾਵਲਕਾਰ ਅਜਿਹੇ ਭਵਿੱਖਮੁਖੀ ਸਾਹਿਤ ਦਾ ਅਪਵਾਦ ਕਹੇ ਜਾ ਸਕਦੇ ਹਨ।

ਰਜਨੀਸ਼-ਚਿੰਤਨ ਦੀ ਵਿਧਾ ਦੇ ਸੰਦਰਭ ਵਿਚ ਇਹ ਵਿਸ਼ੇਸ਼ਤਾ ਹੈ ਕਿ ਇਹ ਵਿਧਾ ਨੂੰ ਕਿਸੇ ਸਥਿਰ ਵਰਤਾਰੇ ਵਜੋਂ ਦੇਖਣ ਦੀ ਥਾਂ ਵਿਧਾ ਦੀ ਨਿਰੰਤਰ ਗਤੀਸ਼ੀਲ ਤੇ ਪਰਿਵਰਤਨਸ਼ੀਲ ਪ੍ਰਕਿਰਤੀ ਨੂੰ ਪਛਾਣਦਾ ਹੈ। ਇਸੇ ਤਰ੍ਹਾਂ ਇਹ ਵਿਧਾਗਤ ਵਿਸ਼ੇਸ਼ਤਾਵਾਂ ਨੂੰ ਨਿਰਾ ਰੂਪਾਤਮਕ ਹੋਂਦ ਵਿਚ ਘਟਾ ਕੇ ਦੇਖਣ ਦੀ ਥਾਂ ਇਸਨੂੰ ਸਮਾਜ-ਸਭਿਆਚਾਰ ਨਾਲ ਸੰਵਾਦੀ ਸੰਬੰਧ ਵਿਚ ਗ੍ਰਹਿਣ ਕਰਦਾ ਹੈ। ਇਸ ਅਨੁਸਾਰ ਵਸਤੂ ਹੀ ਵਿਧਾ ਦੀ ਨਿਰਧਾਰਕ ਬਣਦੀ ਹੈ। ਜਿਵੇਂ:

> ਸੰਗਠਨਾਤਮਕ ਰੂਪ ਦੀ ਸਿਰਜਣਾ ਉਸ ਵਿਚ ਪੇਸ਼ ਵਸਤੂ ਤੇ ਨਿਰਭਰ ਕਰਦੀ ਹੈ। ਵਸਤੂ ਦੀ ਤਬਦੀਲੀ ਹੀ ਵਿਧਾ ਦੀ ਤਬਦੀਲੀ ਦਾ ਆਧਾਰ ਬਣਦੀ ਹੈ।[4]

ਰਜਨੀਸ਼-ਚਿੰਤਨ ਦਾ ਵਿਧਾ ਬਾਰੇ ਅਗਲਾ ਉਪ-ਪਾਸਾਰ ਨਾਵਲ ਦੀ ਵਿਧਾ ਵਿਚ ਪੇਸ਼ ਹੁੰਦੇ ਪਾਤਰ-ਚਿਤਰਣ ਨਾਲ ਸਬੰਧਤ ਹੈ। ਇਹ ਚਿੰਤਨ ਨਾਵਲ ਵਿਚ ਪੇਸ਼ ਪਾਤਰ-

ਆਚਰਣ ਨੂੰ ਹੋਰਨਾਂ ਵਿਧਾਵਾਂ ਨਾਲੋਂ ਨਿਖੇੜ ਕੇ ਦੇਖਦਾ ਹੈ:

> ਨਾਵਲ ਵਿਚ ਪੇਸ਼ ਆਚਰਣ ਦਾ ਸਿਧਾਂਤ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਭਿੰਨ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ। ਨਾਵਲ ਵਿਚ ਪੇਸ਼ ਮਨੁੱਖ ਦਾ ਚਿੱਤਰ ਪੂੰਜੀਵਾਦੀ ਕੀਮਤਾਂ ਤੇ ਆਧਾਰਿਤ ਆਚਰਣ ਸਿਧਾਂਤ ਨਾਲ ਸਬੰਧਿਤ ਹੁੰਦਾ ਹੈ। ਸਾਮੰਤੀ ਯੁੱਗ ਦਾ ਆਚਰਣ ਸਿਧਾਂਤ ਦੈਵੀ ਸ਼ਕਤੀਆਂ ਤੇ ਪਰੰਪਰਾਵਾਦੀ ਕਦਰਾਂ-ਕੀਮਤਾਂ ਦੇ ਅਨੁਕੂਲ ਰਹਿਣਾ ਹੈ। ਪਰ ਨਾਵਲ ਦੀ ਵਿਧਾ 'ਚ ਪੇਸ਼ ਨਾਇਕ ਆਪਣੇ ਆਚਰਣ ਦੀ ਕਸੌਟੀ ਗ਼ਲਤ ਕਦਰਾਂ-ਕੀਮਤਾਂ ਦਾ ਵਿਰੋਧ ਕਰਨਾ ਸਮਝਦਾ ਹੈ।[5]

ਪਾਤਰ-ਚਿਤਰਣ ਦੇ ਉਪਰੋਕਤ ਸੰਦਰਭ ਵਿਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਜੀਵਨ ਤੇ ਗਲਪ ਨਾ ਤਾਂ ਇਕ ਦੂਸਰੇ ਤੋਂ ਵੱਖਰੇ ਹਨ ਤੇ ਨਾ ਹੀ ਇਕ ਦੂਸਰੇ ਦੇ ਪੂਰਕ ਹਨ। ਜੇ ਜੀਵਨ ਲਕੀਰੀ ਨਹੀਂ ਤਾਂ ਫਿਰ ਗਲਪ ਕਿਵੇਂ ਲਕੀਰੀ ਤੇ ਇਕੋ-ਜਿਹਾ ਤੇ ਸਾਵਾਂ ਹੋ ਸਕਦਾ ਹੈ। ਪ੍ਰਸ਼ਨ ਹੈ ਕਿ ਕੀ ਸੰਗਠਿਤ ਪਾਤਰ-ਚਿਤਰਣ ਨਾਵਲ ਲਈ ਲਾਜ਼ਮੀ ਹੈ ? ਪਾਤਰ ਦੀਆਂ ਤਮਾਮ ਖ਼ਸਲਤਾਂ ਜਾਂ ਖ਼ੂਬੀਆਂ ਕਿਵੇਂ ਨਿਸਚਿਤ ਹੋ ਸਕਦੀਆਂ ਹਨ, ਕਿਉਂ ਜੋ ਮਨੁੱਖੀ ਵਿਹਾਰ ਜਾਂ ਸੁਭਾਅ ਕਦੇ ਵੀ ਤੈਅ ਨਹੀਂ ਹੋ ਸਕਦਾ। ਮਨੁੱਖੀ ਆਪੇ ਬਾਰੇ ਬਹੁਤ ਕੁਝ ਜਾਣਦੇ ਹੋਏ ਵੀ ਅਜੇ ਅਸੀਂ ਇਸ ਤੋਂ ਬਹੁਤ ਅਨਜਾਣ ਹਾਂ। ਮਨੁੱਖੀ ਆਪੇ ਦੀ ਇਸ ਅਨਜਾਣਤਾ ਬਾਰੇ ਉਪਰੋਕਤ ਰਾਏ ਨੂੰ ਸਾਹਿਤ ਲਗਾਤਾਰ ਸਮਝਣ (ਪ੍ਰਗਟ ਜਾਂ ਸਪਸ਼ਟ ਕਰਨ ਲਈ ਨਹੀਂ) ਵਿਚ ਲੱਗਾ ਹੋਇਆ ਹੈ। ਇਸ ਸਬੰਧ ਵਿਚ ਇਹ ਯਾਦ ਰੱਖਣ ਯੋਗ ਹੈ ਕਿ ਸਾਹਿਤ ਦੇ ਪਾਤਰ ਨਾ ਸ਼ੁੱਧ ਮਨੁੱਖੀ-ਹੋਂਦ ਹਨ ਤੇ ਨਾ ਹੀ ਸ਼ੁੱਧ ਭਾਸ਼ਕ-ਹੋਂਦ ਹਨ।

ਭਵਿੱਖ ਦੀਆਂ ਵਿਧਾਵਾਂ ਵਿਚ ਵਾਸਤਵਿਕ ਤੇ ਕਾਲਪਨਿਕ, ਚੇਤਨ ਤੇ ਅਚੇਤਨ, ਸਤਿ ਤੇ ਅਸਤਿ, ਅਤੀਤ ਤੇ ਵਰਤਮਾਨ ਦਰਮਿਆਨ ਵਖਰੇਵੇਂ ਖਤਮ ਹੋਣ ਦੀ ਸੰਭਾਵਨਾ ਹੈ। ਸ਼ੈਲੀਆਂ ਦਾ ਦੁਹਰਾਉ ਤੇ ਦੁਵੱਲਤਾ ਖ਼ਤਮ ਹੋ ਸਕਣ ਦੀ ਸੰਭਾਵਨਾ ਹੈ। ਇਥੋਂ ਤਕ ਕਿ ਸਾਹਿਤ ਨੂੰ ਹੁਣ ਥੋਪੀ ਹੋਈ ਵਿਧਾ ਪ੍ਰਵਾਨ ਨਹੀਂ। ਇਸ ਲਈ ਵਿਧਾ ਦੇ ਵੱਖੋ-ਵੱਖਰੇ ਤੱਤਾਂ ਨੂੰ ਆਪਣੀ ਸਥਾਪਿਤ ਸ਼ਨਾਖ਼ਤ ਤਜ ਕੇ ਤੱਤ-ਰਹਿਤ ਬਹੁਬਿੱਧਤਾ ਦੇ ਰਸਤੇ ਪੈਣਾ ਪਵੇਗਾ। ਭਵਿੱਖ ਵਿਚ ਵਿਧਾ ਦਾ ਬਦਲ ਟੈਕਸਟ ਬਣਦੀ ਜਾ ਰਹੀ ਹੈ ਜੋ ਆਪਣੀ ਪ੍ਰਵਚਨੀ ਸਮਰੱਥਾ ਕਰਕੇ ਵਿਧਾ ਦੇ ਤੱਤਮੂਲਕ ਦਾਇਰੇ ਵਿਚ ਸਮਾਉਣ ਤੋਂ ਇਨਕਾਰੀ ਹੈ। ਰਜਨੀਸ਼ ਦਾ ਵਿਧਾ-ਚਿੰਤਨ ਪਰੰਪਰਕ ਵਿਧਾ-ਸ਼ਾਸਤਰ ਉਪਰ ਵੀ ਟੇਕ ਰਖਦਾ ਹੈ ਤੇ ਇਸ ਵਿਚ ਨਾਵਲ ਤੇ ਨਿੱਕੀ ਕਹਾਣੀ ਵਰਗੀਆਂ ਗਲਪੀ ਵਿਧਾਵਾਂ ਦੀ ਸਮਾਜਿਕ-ਆਰਥਿਕ ਪ੍ਰਕਰਣ ਦੇ ਬਦਲਦੇ ਸਮੀਕਰਣ ਵਿਚ ਪਈ ਗਤੀਸ਼ੀਲ ਤੇ ਭਵਿੱਖਮੁਖੀ ਵਿਧਾ-ਦ੍ਰਿਸ਼ਟੀ ਵੀ ਸ਼ਾਮਿਲ ਹੈ।

### ਹਵਾਲੇ ਅਤੇ ਟਿੱਪਣੀਆਂ


1. 'ਨਿੱਕੀ ਕਹਾਣੀ ਦਾ ਗਲਪ ਸ਼ਾਸਤਰ', ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ ਲੁਧਿਆਣਾ, 1999, ਪੰ.67.
2. ਉਹੀ, ਪੰਨੇ. 69-70.
3. 'ਫੈਲਦੇ ਰਿਸ਼ਤੇ: ਆਵੇਸ਼ਮੂਲਕ ਜਜ਼ਬਿਆਂ ਦਾ ਸਮਾਜੀਕ੍ਰਿਤ ਰੂਪ', ਉਹੀ, ਪੰ. 100.
4. 'ਨਾਵਲ ਦੀ ਹੋਂਦ-ਪ੍ਰਕ੍ਰਿਆ', ਉਹੀ, ਪੰ.16.
5. ਉਹੀ, ਪੰ.19.

# ਡਾ. ਰਜਨੀਸ਼ ਬਹਾਦਰ ਦੀ ਕਹਾਣੀ ਆਲੋਚਨਾ ਦ੍ਰਿਸ਼ਟੀ

**-ਡਾ. ਬਲਜੀਤ ਕੌਰ ਰਿਆੜ**

ਪੰਜਾਬੀ ਸਹਿਤ ਚਿੰਤਨ ਦੇ ਖੇਤਰ ਵਿਚ ਡਾ. ਰਜਨੀਸ਼ ਬਹਾਦਰ ਇੱਕ ਗੌਲਣਯੋਗ ਹਸਤਾਖ਼ਰ ਹੈ। ਉਸਨੇ ਵਿਸ਼ੇਸ਼ ਕਰਕੇ ਗਲਪ ਅਧਿਐਨ ਦੇ ਖੇਤਰ ਵਿਚ ਬੜੀ ਗੰਭੀਰਤਾ ਅਤੇ ਤਾਰਕਿਕ ਦ੍ਰਿਸ਼ਟੀ ਰਾਹੀਂ ਨਿਵੇਕਲਾ ਯੋਗਦਾਨ ਪਾਇਆ ਹੈ। ਪਿਛਲੇ ਲਗਭਗ ਤਿੰਨ ਦਹਾਕਿਆਂ ਤੋਂ ਸਾਹਿਤ ਸਮੀਖਿਆ ਪ੍ਰਤੀ ਸਮਰਪਣ, ਪ੍ਰਤੀਬੱਧਤਾ ਅਤੇ ਦਲੇਰੀ ਨਾਲ ਲਗਾਤਾਰ ਕਾਰਜ ਕਰਨ ਸਦਕਾ ਉਸਨੇ ਸਮਕਾਲੀ ਆਲੋਚਕਾਂ ਵਿਚ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ ਹੈ। ਆਧੁਨਿਕ ਸਾਹਿਤ ਦੀਆਂ ਪ੍ਰਮੁੱਖ ਵਿਧਾਵਾਂ, ਖਾਸ ਤੌਰ 'ਤੇ ਨਾਵਲ ਅਤੇ ਕਹਾਣੀ ਨੂੰ ਅਧਿਐਨ ਵਿਸ਼ਲੇਸ਼ਣ ਦੀ ਵਸਤ ਬਣਾਇਆਂ ਅਤੇ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਨਿੱਠ ਕੇ ਕਾਰਜ ਕੀਤਾ ਹੈ। ਡਾ. ਰਜਨੀਸ਼ ਬਹਾਦਰ ਦਾ ਆਰੰਭਲਾ ਕਾਰਜ ਤ੍ਰੈਮਾਸਿਕ ਰਸਾਲੇ 'ਲਕੀਰ' ਵਿੱਚ ਬਤੌਰ ਰਿਵਿਊ ਕਰਤਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਫਿਰ 'ਗਲਪ ਅਧਿਐਨ (1999) ਆਲੋਚਨਾਤਮਕ ਪੁਸਤਕ ਤੋਂ ਆਰੰਭ ਹੋਇਆ ਉਸਦਾ ਦਾ ਸਮੀਖਿਆ ਕਾਰਜ 'ਕੇਸਰਾ ਰਾਮ ਦੀਆਂ ਚੋਣਵੀਆਂ ਕਹਾਣੀਆਂ' (ਸੰਪਾ) ਪੁਸਤਕ ਤੱਕ ਫੈਲਿਆ ਹੋਇਆ ਹੈ। 'ਅਜੋਕੀ ਪੰਜਾਬੀ ਕਹਾਣੀ : ਕਥਾ ਪ੍ਰਵਚਨ' (2003), ਸਮਕਾਲੀ ਪੰਜਾਬੀ ਕਹਾਣੀ: ਪਾਠਗਤ ਅਧਿਐਨ ਅਤੇ ਪੰਜਾਬੀ ਕਹਾਣੀ (2017) ਚਰਚਿਤ ਪੁਸਤਕਾਂ ਤੋਂ ਇਲਾਵਾ ਲਗਭਗ ਦੋ ਦਰਜਨ ਦੇ ਕਰੀਬ ਉਸਦੀਆਂ ਮੌਲਿਕ ਅਤੇ ਸੰਪਾਦਿਤ ਪੁਸਤਕਾਂ ਹਨ।

ਡਾ. ਰਜਨੀਸ਼ ਬਹਾਦਰ ਦੇ ਚਿੰਤਨ ਦਾ ਇਕ ਹੋਰ ਪਾਸਾਰ ਚਰਚਿਤ ਮਿਆਰੀ ਰਸਾਲਾ 'ਪ੍ਰਵਚਨ' ਹੈ। ਜਿਸ ਰਾਹੀ ਉਸ ਦੀ ਕੁਸ਼ਲਤਾ, ਘਾਲਣਾ ਅਤੇ ਸੰਵਾਦੀ ਬਿਰਤੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਡਾ. ਰਜਨੀਸ਼ ਬਹਾਦਰ ਨੇ ਨਾਵਲ ਅਤੇ ਕਹਾਣੀ ਦੇ ਸਿਧਾਂਤਕ ਚੌਖਟੇ ਦੇ ਨਾਲ ਨਾਲ ਪਾਠ-ਮੂਲਕ ਪਹੁੰਚ ਅਪਣਾਉਂਦਿਆਂ ਬਦਲਦੀਆਂ ਜੀਵਨ ਕੀਮਤਾਂ ਅਤੇ ਸੰਸਕ੍ਰਿਤੀ ਦੇ ਨਵੇ ਪਾਸਾਰਾਂ ਅਨੁਸਾਰ ਅਧਿਐਨ ਕਾਰਜ ਕੀਤਾ ਹੈ। 'ਉਸਦੇ ਅਧਿਐਨ ਦਾ ਮੂਲ ਮਾਡਲ ਮਾਰਕਸਵਾਦੀ ਹੈ ਪਰ ਉਹ ਮਕਾਨਕੀ ਮਾਰਕਸਵਾਦੀ ਸਮੀਖਿਆ ਤੋਂ ਹਮੇਸ਼ਾ ਦੂਰ ਰਿਹਾ ਹੈ। ਉਸਨੇ ਪੰਜਾਬ ਦੀ ਆਰਥਿਕ ਸਭਿਆਚਾਰਕ, ਰਾਜਸੀ ਹਾਲਾਤ ਅਤੇ ਇਤਿਹਾਸਕ ਵਿਕਾਸ ਪ੍ਰਕ੍ਰਿਆ ਦੇ ਹਵਾਲੇ ਨਾਲ ਆਪਣੇ ਮਾਕਰਸਵਾਦੀ ਚਿੰਤਨ ਨੂੰ ਉਸਾਰਿਆ ਅਤੇ ਵਿਕਸਿਤ ਕੀਤਾ ਹੈ। ਉਸਦੀ ਸਾਹਿਤ ਆਲੋਚਨਾ ਦਾ ਦੂਸਰਾ ਪਾਸਾਰ ਉਸ ਦੀ ਸਾਹਿਤ ਦੀ ਪ੍ਰਕਿਰਤੀ ਅਤੇ ਪ੍ਰਯੋਜਨ, ਨਾਵਲ ਅਤੇ ਕਹਾਣੀ ਦੀ ਵਿਧਾਗਤ ਹੋਂਦ ਅਤੇ ਖੁਦਮੁਖਤਿਆਰੀ ਦੇ ਆਧਾਰ, ਪਾਸਾਰਾਂ ਸੁਹਜ ਦੇ ਨਿਆਰੇ ਨਿਵੇਕਲੇ ਸਰੋਤ ਅਤੇ ਪੇਸ਼ਕਾਰੀ ਬਣਦੇ ਹਨ। ਉਹ ਰੂਪ ਅਤੇ ਵਸਤੂ ਦੀ ਦਵੰਦਾਤਮਕ ਹੋਂਦ ਨੂੰ ਸਵੀਕਾਰਦਾ ਹੀ ਨਹੀ, ਇਸ ਪ੍ਰਤੀ ਵਿਹਾਰਕ ਮੁਹਾਰਤ ਵੀ ਰੱਖਦਾ ਹੈ।'[1]

ਹੱਥਲੇ ਖੋਜ ਪੱਤਰ ਵਿਚ ਉਸਦੀਆਂ ਕਹਾਣੀ ਆਲੋਚਨਾਂ ਨਾਲ ਸਬੰਧਤ ਮੌਲਿਕ ਪੁਸਤਕਾਂ ਵਿਚਲੀਆਂ ਧਾਰਨਾਵਾਂ ਨੂੰ ਸਮਝਣ ਅਤੇ ਉਸਦੀ ਆਲੋਚਨਾਤਮਕ ਦ੍ਰਿਸ਼ਟੀ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਡਾ. ਰਜਨੀਸ਼ ਬਹਾਦਰ ਨਾਵਲ-ਅਧਿਐਨ ਵਾਂਗ ਹੀ ਕਹਾਣੀ ਵਿਚਲੀਆਂ ਮੁੱਖ ਸਮੱਸਿਆਵਾਂ ਦੀ ਚੋਣ ਕਰਕੇ ਉਸ ਵਿਚਲਾ ਪਾਤਰ ਪ੍ਰਬੰਧ, ਥੀਮਕ ਪਾਸਾਰ, ਰਚਨਾਤਮਕ ਜੁਗਤਾਂ, ਭਾਸ਼ਾਈ ਪੈਟਰਨ ਅਤੇ ਲੇਖਕ ਦੇ ਦ੍ਰਿਸ਼ਟੀਕੋਣ 'ਤੇ ਫੋਕਸ ਕਰਦਾ ਹੈ।

ਮਿਸਾਲ ਦੇ ਤੌਰ ਤੇ ਉਹ ਆਪਣੀ ਪੁਸਤਕ 'ਅਜੋਕੀ' ਪੰਜਾਬੀ ਕਹਾਣੀ: ਕਥਾ ਪ੍ਰਵਚਨ' ਦੀ ਭੂਮਿਕਾ ਵਿਚ ਲਿਖਦਾ ਹੈ ਕਿ 'ਕਹਾਣੀ ਸਮਾਜ ਸੁਧਾਰ ਦੀ ਚੇਤਨਾਂ ਅਤੇ ਜਮਹੂਰੀ ਮਾਨਸਿਕਤਾ 'ਚੋਂ ਉਪਜਦੀ ਹੈ। ਵੀਹਵੀਂ ਸਦੀ ਵਿਚ ਪੰਜਾਬ ਦੀ ਵਸਤੂ ਸਥਿਤੀ ਵੱਖ-ਵੱਖ ਦੌਰਾਂ 'ਚੋਂ' ਗੁਜ਼ਰੀ ਹੈ। ਹਰ ਦੌਰ ਦੀ ਵਸਤੂ ਸਥਿਤੀ ਨੂੰ ਪੰਜਾਬੀ ਕਹਾਣੀ ਆਪਣੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਸਮੇਤ ਉਭਾਰਦੀ ਰਹੀ ਹੈ। ਪੰਜਾਬੀ ਕਹਾਣੀ ਦੇ ਸੰਗਠਨਾਤਮਕ ਪੱਖ ਪੱਛਮੀ ਕਹਾਣੀ ਤੋਂ ਪ੍ਰਭਾਵਿਤ ਰਹੇ ਹਨ। ਪ੍ਰੰਤੂ ਕਥਾਨਕ ਰੂੜੀਆਂ ਅਤੇ ਅਵਚੇਤਨ ਭਾਰਤੀ ਕਥਾ ਸਾਹਿਤ ਨਾਲ ਜੁੜੇ ਰਹੇ ਹਨ। ਅਜੋਕੀ ਪੰਜਾਬੀ ਕਹਾਣੀ ਵੀ ਸਾਹਿਤਕਤਾ ਦਾ ਆਧਾਰ ਇਹੀ ਸਥਿਤੀ ਬਣਦੀ ਹੈ।[2]

ਡਾ. ਰਜਨੀਸ਼ ਬਹਾਦਰ ਨੇ ਕਹਾਣੀ ਦੇ ਰੂਪਾਕਾਰਕ ਢਾਂਚੇ ਨੂੰ ਬੜੀ ਬਰੀਕੀ ਨਾਲ ਨਿਹਾਰਦਿਆਂ ਕਹਾਣੀ ਦੀ ਸਿਰਜਣਾਤਮਕ, ਕਾਰਜਸ਼ੀਲ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਉਸਨੇ ਕਹਾਣੀ ਵਿਧਾ ਦੀ ਰਚਨਾਕਾਰੀ ਪਿੱਛੇ ਵਿਸ਼ੇਸ਼ ਇਤਿਹਾਸਕ ਪਦਾਰਥਕ ਸਥਿਤੀਆਂ ਦੇ ਸੰਦਰਭ, ਵਿਚਾਰਧਾਰਕ ਗਤੀਸ਼ੀਲਤਾ ਅਤੇ ਸਮਾਜਿਕ ਆਰਥਿਕ ਸਥਿਤੀਆਂ ਦੀ ਭੂਮਿਕਾ ਨੂੰ ਵੀ ਉਜਾਗਰ ਕੀਤਾ ਹੈ। ਉਸਦੀ ਧਾਰਨਾ ਹੈ ਕਿ ਆਧੁਨਿਕ ਪੰਜਾਬੀ ਕਹਾਣੀ ਦੀ ਵਿਧਾ ਦਾ ਮਾਡਲ ਬੇਸ਼ਕ ਪੱਛਮੀ ਹੈ, ਪ੍ਰੰਤੂ ਕਹਾਣੀ ਦੀ ਵਸਤੂ ਪੰਜਾਬੀ ਅਵਚੇਤਨ ਨਾਲ ਜੁੜੀ ਹੋਈ ਹੈ। ਇਸ ਲਈ ਕਹਾਣੀ ਵਿਚ ਸਮਕਾਲ ਦੇ ਪ੍ਰਤੀਕਰਮ ਅਤੇ ਜ਼ਿੰਦਗੀ ਦੇ ਬਹੁ ਰੰਗ ਸ਼ਾਮਲ ਹੁੰਦੇ ਹਨ। ਜ਼ਿੰਦਗੀ ਵਿਚਲੇ ਇਕ ਛਿਣ ਦਾ ਮਹੱਤਵ ਤੇ ਪੇਸ਼ਕਾਰੀ, ਦੁਬਿੱਧਾ ਅਤੇ ਤਣਾਉ ਬਿਰਤਾਂਤਕ ਸੰਗਠਨ ਦਾ ਆਧਾਰ ਹੈ। ਜਿਸ ਵਿਚ ਸਮੁੱਚੀ ਕਹਾਣੀ ਸਰੰਚਨਾ ਬਣਦੀ ਹੈ। 'ਕਹਾਣੀ' ਗਲਪ ਸ਼ਾਸ਼ਤਰ ਕੋਈ ਇਕ ਮਕੈਨਿਕ ਅਤੇ ਸਥਿਰ ਸਿਧਾਂਤ 'ਤੇ ਆਧਾਰਿਤ ਸ਼ਾਸ਼ਤਰ ਨਹੀ ਸਗੋਂ ਸਮਾਜਿਕ ਪ੍ਰਸਥਿਤੀਆਂ ਵਿਚ ਬਦਲਦੇ ਹੋਏ ਚਿੰਤਨ ਨਾਲ ਨਿਰੰਤਰ ਵਿਕਾਸਸ਼ੀਲ ਰਹਿੰਦਾ ਹੈ। ਨਿੱਕੀ ਕਹਾਣੀ ਦੀ ਵਿਧਾ ਇਕ ਵਿਸ਼ੇਸ਼ ਸਮਾਜਿਕ ਪ੍ਰਬੰਧ ਤੇ ਇਤਿਹਾਸਕ ਪ੍ਰਸਥਿਤੀਆਂ ਵਿਚੋਂ ਉਪਜੀ ਸਾਹਿਤਕ ਸਿਨਫ਼ ਹੈ, ਜਿਹੜੀ ਤਣਾਉ ਗ੍ਰਸਤ ਆਧੁਨਿਕ ਮਨੁੱਖ ਦੀਆਂ ਜੀਵਨ ਦੁਬਿਧਾਵਾਂ ਨੂੰ ਗਲਪ ਵਿਚ ਰੂਪਾਂਤਰਿਕ ਕਰਨ ਦੀ ਸਮਰਥਾਂ ਰੱਖਦੀ ਹੈ।[3]

ਡਾ. ਰਜਨੀਸ਼ ਬਹਾਦਰ ਦਾ ਕਹਾਣੀ ਚਿੰਤਨ ਕਹਾਣੀ ਦੇ ਸਿਧਾਂਤ ਅਤੇ ਇਤਿਹਾਸਕ ਪਰਿਪੇਖ ਨੂੰ ਸਮਝਣ ਦੇ ਨਾਲ ਨਾਲ ਕਹਾਣੀ ਦੀ ਵਿਆਖਿਆ/ਵਿਸ਼ਲੇਸ਼ਣ ਵਿਚੋਂ ਨਵੀਂਨ ਤੱਥਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਉਹ ਪੰਜਾਬੀ ਕਹਾਣੀਆਂ ਦੀਆਂ ਸਰਬ ਸਾਂਝੀਆਂ ਖ਼ੂਬੀਆਂ ਨੂੰ ਉਭਾਰਣ ਦੇ ਨਾਲ ਨਾਲ ਕਹਾਣੀਕਾਰਾਂ ਦੀਆਂ ਕਲਾਤਮਕ ਵਿਸ਼ੇਸ਼ਤਾਵਾਂ ਨੂੰ ਪ੍ਰਸਤੁਤ ਕਰਦਾ ਹੈ। ਉਸਦਾ ਅਧਿਐਨ ਕਾਰਜ ਕਈ ਅੰਤਰ ਵਿਰੋਧਾਂ ਦੇ ਬਾਵਜੂਦ ਕਹਾਣੀ ਸ਼ਾਸ਼ਤਰ ਦੀ ਉਸਾਰੀ ਵੱਲ ਨਿਹਿੱਤ ਹੈ। 'ਆਧੁਨਿਕ ਕਹਾਣੀ' ਵਿਚ ਵਿਧਾ ਅਤੇ ਸ਼ਾਸ਼ਤਰ ਦਾ ਮਸਲਾ ਸਮਾਨੰਤਰ ਰੂਪ ਵਿਚ ਚਲਦੇ ਹਨ। ਬਸਤੀਵਾਦੀ ਦੌਰ ਵਿਚ ਵਿਧਾ ਦਾ ਮਸਲਾ ਪੜ੍ਹੀ ਲਿਖੀ ਮੱਧ ਸ਼੍ਰੇਣੀ ਵਾਲੇ ਲੇਖਕਾਂ ਵੱਲੋਂ ਆਉਂਦਾ ਹੈ। ਉਹ ਕਹਾਣੀ ਲਿਖਦੇ ਹੋਏ ਵਿਧਾਗਤ ਪ੍ਰਤਿਮਾਨਾਂ ਪ੍ਰਤੀ ਵਧੇਰੇ ਸੁਚੇਤ ਸਨ। ਉਸ ਸਮੇਂ ਦੀ ਵਸਤੂ ਸਥਿਤੀ ਅਨੁਸਾਰ ਬਸਤੀਵਾਦ ਦੇ ਵਿਰੋਧ ਵਿਚ ਜਿਹੜਾ ਇਕ ਵੱਡਾ ਮੁਹਾਜ਼ ਵਿਕਸਿਤ ਹੋ ਰਿਹਾ ਸੀ, ਉਸਦੇ ਕੇਂਦਰ ਵਿਚ ਸਮਾਜਕ ਮਸਲੇ ਸਨ। ਇਹਨਾਂ ਸਮਾਜਕ ਮਸਲਿਆਂ ਪਿੱਛੇ ਸਮਾਜਵਾਦੀ ਚਿੰਤਨ ਦਾ ਤਰਕ ਮੌਜੂਦ ਸੀ। ਇਸ ਤਰਕ ਅਨੁਸਾਰ ਬੰਦ ਸਭਿਆਚਾਰ ਵਾਲੀ ਸਮਾਜਕ ਵਿਵਸਥਾ ਤੇ ਭਰਪੂਰ ਹਮਲੇ ਦੀ ਲੋੜ ਸੀ। ਇਸ ਲਈ ਉਸ ਦੌਰ ਦੀ ਪੰਜਾਬੀ ਕਹਾਣੀ ਬੁਨਿਆਦੀ ਤੌਰ 'ਤੇ ਸਮਾਜਕ ਪ੍ਰਤਿਰੋਧ

ਦੀ ਕਹਾਣੀ ਹੈ।[4]

ਡਾ. ਰਜਨੀਸ਼ ਬਹਾਦਰ ਦੁਆਰਾ ਸਮੇਂ-ਸਮੇਂ ਕਰਵਾਈਆਂ ਗਈਆਂ ਕਹਾਣੀ ਗੋਸ਼ਟੀਆਂ ਅਤੇ 'ਪ੍ਰਵਚਨ' ਵਿਚ ਛਪੇ ਵੱਖਰੇ-ਵੱਖਰੇ ਪਰਚਿਆਂ ਤੇ ਲਿਖੀ ਸੰਪਾਦਕੀ ਤਹਿਤ ਕਹਾਣੀ ਦੇ ਮਾਡਲੀ ਸਰੂਪ ਬਾਰੇ ਬੜੀ ਘੋਖਣੀ ਨਜ਼ਰ ਨਾਲ ਨਿੱਠਕੇ ਸੰਵਾਦ ਰਚਾਇਆ ਗਿਆ ਹੈ, ਜਿਸਦੇ ਅੰਤਰਗਤ ਉਸਨੇ ਪੰਜਾਬੀ ਕਹਾਣੀ ਦੇ ਸਰੂਪ ਸਬੰਧੀ ਵੱਖਰੀਆਂ ਧਾਰਨਾਵਾਂ ਸਥਾਪਿਤ ਕੀਤੀਆਂ ਹਨ। ਉਸਦਾ ਵਿਚਾਰ ਹੈ ਕਿ ਪੰਜਾਬੀ ਕਹਾਣੀ ਜਦੋਂ ਲੋਕ ਕਹਾਣੀ ਤੋਂ ਆਧੁਨਿਕ ਕਹਾਣੀ ਵਿਚ ਪਰਿਵਰਤਿਤ ਹੁੰਦੀ ਹੈ ਤਾਂ ਉਹ ਮੁੱਢਲੇ ਦੌਰ ਵਿਚ ਪੱਛਮੀ ਵਿਧਾਗਤ ਮਾਡਲ ਦੇ ਕਰੜੇ ਬੰਧੇਜਾਂ ਨੂੰ ਕਬੂਲ ਕਰਦੀ ਹੈ। ਫਿਰ ਵਿਹਾਰਕ ਰੂਪ ਵਿਚ ਉਹ ਰੂਪਾਕਾਰਕ ਬੰਧੇਜ਼ਾਂ ਤੋ ਮੁਕਤ ਹੁੰਦੀ ਹੈ। ਉਹ ਪਾਠਕ ਦੀ ਮਾਨਸਿਕਤਾ ਅਨੁਸਾਰ ਬਦਲਦੀ ਹੈ ਜਾਂ ਕਹਾਣੀ ਦੀ ਬਦਲਦੀ ਨੁਹਾਰ ਪਾਠਕ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ। ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਦੋਵੇਂ ਤਰ੍ਹਾਂ ਵਾਪਰਿਆ ਹੈ। ਇਸ ਪ੍ਰੀਕ੍ਰਿਆ ਵਿਚੋਂ ਲੰਘਦੇ ਹੋਏ ਹਰ ਕਹਾਣੀ, ਕਹਾਣੀ ਦੇ ਸੁਹਜ-ਸ਼ਾਸ਼ਤਰ ਅਤੇ ਵਿਧਾਗਤ ਪ੍ਰਤੀਮਾਨਾਂ ਨੂੰ ਨਵੇਂ ਸਿਰੇ ਤੋਂ ਤਹਿ ਕਰਦੀ ਰਹੀ ਹੈ। ਇਸੇ ਲਈ ਪੰਜਾਬੀ ਕਹਾਣੀ ਦੀ ਪ੍ਰਤਿਮਾਨਤ ਪਰੰਪਰਾ ਇਕ ਗਤੀਸ਼ੀਲ ਵਰਤਾਰੇ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ।[5] ਉਸਨੇ ਬਦਲਦੀਆਂ ਸਥਿਤੀਆਂ ਅਤੇ ਪ੍ਰਤੀਮਾਨਾ ਤਹਿਤ ਪੰਜਾਬੀ ਕਹਾਣੀ ਦੇ ਵਿਧਾਗਤ ਸਰੂਪ ਨੂੰ ਸਮਝਣ ਦਾ ਉਪਰਾਲਾ ਕੀਤਾ ਹੈ ਅਤੇ ਪੰਜਾਬੀ ਕਹਾਣੀ ਦੇ ਆਰੰਭ ਤੋ ਲੈ ਕੇ ਸਮਕਾਲ ਤੱਕ ਕਹਾਣੀ ਲੇਖਕਾਂ ਦੇ ਵੱਖਰੇ ਵੱਖਰੇ ਵਰਗਾਂ ਅਤੇ ਕਹਾਣੀਆਂ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਕੇ ਆਪਣੀਆਂ ਧਾਰਨਾਵਾਂ ਨੂੰ ਵਧੇਰੇ ਪੁਖਤਗੀ ਨਾਲ ਸਥਾਪਿਤ ਕੀਤਾ ਹੈ।

ਡਾ. ਰਜਨੀਸ਼ ਬਹਾਦਰ ਨੇ ਨਵੀ ਪੰਜਾਬੀ ਕਹਾਣੀ ਦੇ ਪਛਾਣ ਚਿੰਨ੍ਹ, ਨਿੱਕੀ ਕਹਾਣੀ ਦਾ ਗਲਪ ਸ਼ਾਸ਼ਤਰ, ਕਹਾਣੀ ਦਾ ਵਿਧਾਗਤ ਪ੍ਰਤਿਮਾਨ, ਨਿੱਕੀ ਕਹਾਣੀ ਦਾ ਮਾਡਲੀ ਸਰੂਪ, ਜਿਹੇ ਮਹੱਤਵਪੂਰਣ ਮਜ਼ਮੂਨਾਂ ਰਾਹੀਂ ਕਹਾਣੀ ਦੇ ਵੱਖ ਵੱਖ ਪਾਸਾਰਾਂ ਅਤੇ ਰੁਝਾਨਾਂ ਬਾਰੇ ਮਹੱਤਵਪੂਰਨ ਅਤੇ ਗੰਭੀਰ ਚਰਚਾ ਕੀਤੀ ਹੈ। ਖ਼ੂਬਸੂਰਤੀ ਇਸ ਵਿਚ ਹੈ ਕਿ ਉਹ ਕਿਤੇ ਵੀ ਆਪਣੀਆਂ ਧਾਰਨਾਵਾਂ ਤੋਂ ਥਿੜਕਦਾ ਨਜ਼ਰ ਨਹੀ ਆਉਂਦਾ ਕਿਉਂਕਿ ਉਹ ਡੂੰਘੀ ਨੀਝ ਅਤੇ ਸੂਝ ਨਾਲ ਵਿਲੱਖਣ ਨਜ਼ਰੀਏ ਤਹਿਤ ਬਿਨਾ ਸੰਕੋਚ ਟਿੱਪਣੀ ਕਰਦਾ ਹੈ। ਆਪਣੀਆਂ ਧਾਰਨਾਵਾਂ ਨੂੰ ਪ੍ਰਮਾਣਿਤ ਕਰਨ ਲਈ ਉਹ ਸਮਾਜ-ਸਭਿਆਚਾਰ ਪ੍ਰਵੇਸ਼ ਵਿਚੋਂ ਸਾਹਿਤਕਾਰਾਂ ਦੀਆਂ ਲਿਖਤਾਂ ਦੇ ਢੁੱਕਵੇ ਹਵਾਲੇ ਦਿੰਦਾ ਹੈ ਅਤੇ ਨਾਲ ਨਾਲ ਤਾਰਕਿਕ ਦ੍ਰਿਸ਼ਟੀ ਤਹਿਤ ਉਹਨਾਂ ਦੀ ਵਿਆਖਿਆ ਵੀ ਕਰਦਾ ਹੈ। ਇਉਂ ਉਸਦਾ ਆਲੋਚਨਾ ਕਾਰਜ ਅਮੂਰਤ ਧਾਰਨਾਵਾਂ ਤੋ ਬਚਿਆ ਰਹਿੰਦਾ ਹੈ ਅਤੇ ਪਾਠਕ ਨੂੰ ਉਸਦੀ ਕਹੀ ਗੱਲ ਤੇ ਤਾਰਕਿਕ ਵਿਸ਼ਵਾਸ਼ ਹੋ ਜਾਂਦਾ ਹੈ।[6] ਉਸਨੇ ਨਾਨਕ ਸਿੰਘ ਤੋ ਆਰੰਭ ਕਰਕੇ ਅਜੋਕੇ ਸਮੇਂ ਵਿਚ ਨਵੇਂ ਪੋਚ ਦੇ ਕਹਾਣੀਕਾਰਾਂ ਤੱਕ ਬੜੀ ਗੰਭੀਰਤਾ ਅਤੇ ਵਿਉਂਤਬੱਧ ਤਰੀਕੇ ਨਾਲ ਚਿੰਤਨ ਤੇ ਮੰਥਨ ਕੀਤਾ ਹੈ। ਉਹ ਬਹੁਪਰਤੀ ਪਾਠਾਂ ਨੂੰ ਪਰਤ-ਦਰ-ਪਰਤ ਖੋਲ੍ਹਦਾ ਅਤੇ ਗਿਆਨ, ਵਿਸ਼ਾਲ, ਜੀਵਨ ਅਨੁਭਵ ਤੇਂ ਦ੍ਰਿਸ਼ਟੀਕੋਣ ਰਾਹੀ ਵੱਖ ਵੱਖ ਅਨੁਸ਼ਾਸ਼ਨਾਂ ਤਹਿਤ ਬਹੁਦਿਸ਼ਾਵਾਂ ਤੋਂ ਅਧਿਐਨ ਦੀ ਵਸਤ ਬਣਾਉਂਦਾ ਹੈ। ਉਹ ਪ੍ਰਗਤੀਵਾਦ, ਨਾਰੀਵਾਦ, ਮਨੋਵਿਸ਼ਲੇਸ਼ਣ, ਸਮਾਜ ਸਭਿਆਚਾਰ, ਵਿਸ਼ਵੀ ਸਰੂਪ, ਹਾਸ਼ੀਆਗਤ ਸਮੂਹਾਂ ਦੀ ਚੇਤਨਾਂ ਅਤੇ ਪੰਜਾਬੀ ਕਹਾਣੀ ਵਿਚ ਪੇਸ਼ ਦਲਿਤ ਜੀਵਨ ਤੇ ਵੀ ਫੋਕਸ ਕਰਦਾ ਹੈ।

ਪੰਜਾਬੀ ਕਹਾਣੀ ਨੂੰ ਇਤਿਹਾਸਕ ਪਰਿਪੇਖ ਵਿਚ ਵਾਚਿਆਂ ਇਹ ਗੱਲ ਦ੍ਰਿਸ਼ਟੀਗੋਚਰ

ਹੁੰਦੀ ਹੈ ਕਿ ਪੰਜਾਬੀ ਕਹਾਣੀ 21ਵੀਂ ਸਦੀ ਦਾ ਦੂਜਾ ਦਹਾਕਾ ਪਾਰ ਕਰ ਚੁੱਕੀ ਹੈ। ਇਸ ਇਕ ਸਦੀ ਤੋਂ ਵੱਧ ਦੇ ਸਫਰ ਵਿਚ ਕਹਾਣੀ ਸਿਰਜਣਾ ਕਈ ਮਹੱਤਵਪੂਰਣ ਪੜਾਵਾਂ ਵਿਚੋਂ ਗੁਜ਼ਰਦੀ ਹੈ। ਆਰੰਭਲੇ ਪੜਾਅ ਵਿਚ ਆਮ ਤੌਰ 'ਤੇ ਕਹਾਣੀ ਨੂੰ ਸਮਾਜਕ ਯਥਾਰਥ, ਆਰਥਿਕ ਅਤੇ ਰਾਜਨੀਤਿਕ ਮੁਲਾਂਕਣ ਤਹਿਤ ਵਿਚਾਰਿਆ ਗਿਆ ਹੈ। ਦੇਸ਼ ਵੰਡ ਦਾ ਅਸਰ ਅਤੇ ਬਾਅਦ ਵਿਚ ਭਾਰਤ ਦੇ ਆਰਥਿਕ ਵਿਕਾਸ ਦੀ ਦਿਸ਼ਾ ਵਿਚੋਂ ਪੈਦਾ ਹੋਏ ਅੰਤਰ-ਵਿਰੋਧਾਂ ਦੇ ਵਿਭਿੰਨ ਪਾਸਾਰ ਆਧੁਨਿਕ ਪੰਜਾਬੀ ਸਹਿਤ ਦੀਆਂ ਵਿਧਾਵਾਂ ਦੀ ਵਸਤ ਬਣੇ ਹਨ। ਪੰਜਾਬੀ ਕਹਾਣੀਕਾਰ ਵੱਖ ਵੱਖ ਸਮੇਂ ਇਹਨਾ ਸਾਹਿਤਕ ਪ੍ਰਵਿਰਤਿਆਂ ਤੋਂ ਪ੍ਰਭਾਵਿਤ ਹੁੰਦੇ ਰਹੇ ਹਨ। ਜਿਸ ਕਾਰਨ ਕਹਾਣੀ ਦਾ ਵਸਤੂ ਜਗਤ ਬਦਲਦੀਆਂ ਸਥਿਤੀਆਂ ਅਤੇ ਪ੍ਰਤਿਮਾਨਾਂ ਤੋ ਪ੍ਰਭਾਵਿਤ ਹੁੰਦਾ ਰਿਹਾ ਹੈ। ਡਾ. ਰਜਨੀਸ਼ ਬਹਾਦਰ ਦੀ ਧਾਰਨਾ ਹੈ ਕਿ ਪੰਜਾਬੀ ਕਹਾਣੀ ਯਥਾਰਥ, ਪ੍ਰਗਤੀ, ਰਾਜਸੀ ਚੇਤਨਾ ਅਤੇ ਧਾਰਮਿਕ ਕੱਟੜਤਾ ਵਿਰੋਧੀ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਵਿਸ਼ਵੀਕਰਨ ਦੇ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਪੰਜਾਬ ਸਮੱਸਿਆ ਨੇ ਪੰਜਾਬੀ ਕਹਾਣੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਬਹੁਤ ਥੋੜ੍ਹੀ ਕਹਾਣੀ ਹੈ ਜਿਸ ਨੇ ਮਾਨਵੀ ਸਬੰਧਾਂ ਵਿਚ ਆਏ ਤਣਾਅ ਦੀਆਂ ਸੂਖ਼ਮ ਤੰਦਾਂ ਨੂੰ ਅਵਚੇਤਨੀ ਪੱਧਰ ਉਤੇ ਪੜ੍ਹਿਆ ਹੈ। 20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਰਾਜਸੀ ਖੇਤਰ ਤੋਂ ਲੈ ਕੇ ਚਿੰਤਨੀ ਖੇਤਰ ਵਿਚ ਇਕ ਨਵਾਂ ਸੰਵਾਦ ਸ਼ੁਰੂ ਹੋਇਆ ਹੈ। ਇਤਿਹਾਸ ਦੇ ਇਸ ਪੜਾਅ ਵਿਚ ਪਹੁੰਚਕੇ ਕਹਾਣੀ ਵਿਚੋਂ ਵਿਚਾਰਧਾਰਾ ਦੀ ਪ੍ਰਭੁਸੱਤਾ ਦਾ ਅਸਰ ਘਟਣ ਲੱਗ ਪਿਆ। ਕਹਾਣੀ ਵਿਚ ਸੁਹਜਮੁੱਖੀ ਤੱਤ ਸੂਖ਼ਮਤਾ ਧਾਰਨ ਕਰਨ ਲੱਗ ਪਏ। ਵਿਚਾਰ ਦੇ ਖੇਤਰ ਸਮਾਜ ਦੀਆਂ ਹਾਸ਼ੀਆਗਤ ਧਿਰਾਂ ਕੇਂਦਰ ਵਿਚ ਆਉਣ ਲੱਗ ਪਈਆਂ।[7] ਡਾ. ਰਜਨੀਸ਼ ਬਹਾਦਰ ਪੰਜਾਬੀ ਕਹਾਣੀ ਦੇ ਆਰੰਭ ਅਤੇ ਵਿਕਾਸ ਬਾਰੇ ਪੜਚੋਲ ਕਰਦਿਆਂ ਬਦਲਦੀਆਂ ਕਰਵਟਾਂ ਨੂੰ ਰੂਪਮਾਨ ਕਰਦਾ ਹੈ ਅਤੇ ਮੁਲਾਂਕਣੀ ਸੁਰ ਅਪਣਾਉਂਦਿਆਂ ਕੁਝ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਬੜੀ ਬੇਬਾਕੀ ਨਾਲ ਆਪਣੀਆਂ ਧਾਰਨਾਵਾਂ ਪ੍ਰਸਤੁਤ ਕਰਦਾ ਹੈ। ਉਸਦਾ ਵਿਚਾਰ ਹੈ ਕਿ ਪੰਜਾਬੀ ਕਹਾਣੀ ਨਵੇਂ ਬਿਰਤਾਂਤਕ ਪੈਟਰਨ ਸਿਰਜਦੀ ਆਪਣੇ ਵਸਤੂਗਤ ਆਧਾਰ ਨੂੰ ਫੈਲਾਉਂਦੀ ਹੋਈ ਦ੍ਰਿਸ਼ਟੀਗੋਚਰ ਪਾਸਾਰਾਂ ਦੇ ਨਵੇਂ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਇਸ ਲਈ ਅਜੋਕੀ ਕਹਾਣੀ ਵਿਸ਼ਾਲ ਏਸ਼ਿਆਈ ਅਵਚੇਤਨ ਤੇ ਆਧਾਰਤ ਨਿਰੋਲ ਪੰਜਾਬੀ ਕਹਾਣੀ ਹੈ। ਅਜਿਹੀ ਪ੍ਰਤੀਨਿਧ ਕਹਾਣੀ ਭਾਵੇਂ ਥੋੜ੍ਹੀ ਹੈ, ਜਿਹੜੀ ਲੇਖਕ ਦੀ ਸੰਕੀਰਨ ਸੋਚ ਤੋਂ ਮੁਕਤ ਹੋ ਕੇ ਮਨੁੱਖ ਦੇ ਵਿਸ਼ਾਲ ਦੀਰਘਕਾਲੀ ਮਸਲਿਆਂ ਨੂੰ ਸੰਬੋਧਤ ਹੋਈ ਹੈ। ਅਜਿਹੀ ਕਹਾਣੀ ਦੀ ਨਿਸ਼ਾਨਦੇਹੀ ਲਈ ਉਸ ਸਮਕਾਲੀ ਵਸਤੂ ਸਥਿਤੀ ਦੀ ਪਛਾਣ ਕਰਨੀ ਜ਼ਰੂਰੀ ਹੈ, ਜਿਸ ਵਿਚ ਅਜੋਕੀ ਕਹਾਣੀ ਆਪਣੀ ਹੋਂਦ ਗ੍ਰਹਿਣ ਕਰ ਰਹੀ ਹੈ।[8]

ਵਿਸ਼ਵੀਕਰਨ ਅਜਿਹਾ ਵਰਤਾਰਾ ਹੈ ਜਿਸਨੇ ਮਨੁੱਖੀ ਜ਼ਿੰਦਗੀ ਨੂੰ ਬਹੁ ਪੱਖਾਂ ਤੋਂ ਪ੍ਰਭਾਵਿਤ ਕੀਤਾ ਹੈ। ਇਸ ਪ੍ਰਕਿਰਿਆ ਤਹਿਤ ਸਮਾਜਕ ਜ਼ਿੰਦਗੀ, ਕਦਰਾਂ-ਕੀਮਤਾਂ, ਰਹਿਣ ਸਹਿਣ, ਰੀਤੀ ਰਿਵਾਜ, ਮਨੋਰੰਜਨ ਦੇ ਸਾਧਨ ਤੇ ਅਜੋਕੀ ਪੰਜਾਬੀ ਕਹਾਣੀ ਵਿਚ ਵੀ ਅਜਿਹੇ ਸਮਕਾਲੀ ਸੰਦਰਭਾਂ ਨੂੰ ਆਪਣੀ ਪਕੜ ਵਿਚ ਲੈਂਦੀ ਹੈ ਅਤੇ ਮਨੁੱਖੀ ਅਵਚੇਤਨ ਦੇ ਸੂਖਮ ਤੇ ਦੀਰਘ ਮਸਲਿਆਂ ਨੂੰ ਪ੍ਰਤੀਬਿੰਧਤ ਕਰਦੀ ਹੈ। ਇਸ ਪ੍ਰਸੰਗ ਵਿਚ ਡਾ. ਰਜਨੀਸ਼ ਬਹਾਦਰ ਨੇ ਪੰਜਾਬੀ ਕਹਾਣੀ ਦੇ ਵਿਸ਼ਵੀ ਸਰੂਪ ਨੂੰ ਉਘਾੜਨ ਦਾ ਯਤਨ ਕੀਤਾ ਹੈ। ਉਹ ਟਿੱਪਣੀ ਕਰਦਾ ਹੈ ਕਿ ਸਿਰਜਣਾਤਮਕ ਖੇਤਰ ਨਾਲ ਜੁੜਿਆ ਹਿੱਸਾ, ਦੇਹ-ਵਾਦ ਦੇ ਜਸ਼ਨ ਅਤੇ ਵਿਰੋਧ, ਇਤਿਹਾਸ ਦੀ ਪੁਨਰ ਸਿਰਜਣਾ, ਹਾਸ਼ੀਆਗਤ ਧਿਰਾਂ ਦੀ ਪਹਿਚਾਣ ਅਤੇ ਸੰਵਾਦ, ਕਿਸਾਨੀ

ਦੀ ਤ੍ਰਾਸਦਿਕ ਸਥਿਤੀ ਵਰਗੇ ਸਵਾਲਾਂ ਨਾਲ ਜੂਝ ਰਿਹਾ ਹੈ। ਪੰਜਾਬੀ ਕਹਾਣੀ ਵੀ ਇਸ ਸਥਿਤੀ ਦੇ ਆਰ ਪਾਰ ਫੈਲੀ ਹੋਈ ਹੈ। ਇਸ ਸਾਰੇ ਦਬਾਅ ਅਤੇ ਸਥਿਤੀਆਂ ਦਾ ਮੁਹਾਵਰਾ ਤਾਂ ਸਥਾਨਕ ਹੈ ਪ੍ਰੰਤੂ ਪਰਿਪੇਖ ਵਿਸ਼ਵੀ ਹਨ। ਇਹ ਸਥਿਤੀ ਸੰਕਟ ਭੋਗਦੇ ਮਨੁੱਖ ਦੀ ਹੈ। ਇਸੇ ਲਈ ਪੰਜਾਬੀ ਦੀ ਬਹੁਤੀ ਸਮਕਾਲੀ ਕਹਾਣੀ ਜਾਂ ਦੁਖਾਂਤਕ ਪੈਟਰਨ ਉਤੇ ਢਲੀ ਹੋਈ ਹੈ ਜਾਂ ਵਿਡੰਬਨਾਜਨਕ ਤਨਜ਼ ਉਤੇ ਹੈ।[9]

ਵਿਸ਼ਵੀ ਪਰਿਪੇਖ ਵਿਚ ਉਸਨੇ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਚਕਰਵਿਊ', ਜਸਬੀਰ ਰਾਣਾ ਦੀ ਚੂੜੇ ਵਾਲੀ ਬਾਂਹ, ਬਲਬੀਰ ਪਰਵਾਨਾ ਦੀ ਕਹਾਣੀ 'ਪਿਤਾ', ਬਲਵਿੰਦਰ ਗਰੇਵਾਲ ਦੀ 'ਇਕ ਘਰ ਅਜ਼ਾਦ ਹਿੰਦੀਆਂ ਦਾ, ਅਜਮੇਰ ਸਿੱਧੂ ਦੀ ਸ਼ਾਇਦ ਰੰਮੀ ਮੰਨ ਜਾਏ, ਗੁਰਦਿਆਲ ਦਲਾਲ ਦੀ ਕਹਾਣੀ 'ਅੰਨ੍ਹੀ ਗਲੀ ਦਾ ਮੋੜ' ਅਤੇ ਭਗਵੰਤ ਰਸੂਲਪੁਰੀ ਦੀ 'ਜੜਾਂ' ਦੇ ਵਿਹਾਰਕ ਵਿਸ਼ਲੇਸ਼ਣ ਰਾਹੀ ਦਲਿਤ ਸਮੱਸਿਆਵਾਂ, ਆਦਰਸ਼ ਦਾ ਵਿਗਠਨ, ਸਾਂਸਕ੍ਰਿਤਕ ਮੁੱਲਾਂ ਵਿਚ ਨਿਘਾਰ, ਮੰਡੀ ਦਾ ਗਲਬਾ, ਮਾਨਵੀ ਹਿੱਤਾ ਅਤੇ ਆਦਰਸ਼ਾਂ ਦਾ ਨਕਾਰਾਤਮਕ ਰੂਪਾਂਤਰਣ, ਨਿੱਜੀਕਰਨ ਤੇ ਵਪਾਰੀਕਰਨ ਅਜਿਹੇ ਸੰਦਰਭਾਂ ਰਾਹੀ ਆਪਣੀ ਧਾਰਨਾਂ ਨੂੰ ਸ਼ਪਸ਼ਟ ਕਰਨ ਦਾ ਉਪਰਾਲਾ ਕੀਤਾ ਹੈ।

ਡਾ. ਰਜਨੀਸ਼ ਬਹਾਦਰ ਨੇ ਇਸਤਰੀ ਕਹਾਣੀਕਾਰਾਂ ਦੁਆਰਾ ਰਚਿਤ ਕਹਾਣੀਆਂ ਅਤੇ ਔਰਤ ਮਰਦ ਸੰਬੰਧਾਂ ਬਾਰੇ ਸਿਰਜਤ ਕਹਾਣੀਆਂ ਨੂੰ ਵੀ ਅਧਿਐਨ ਦੀ ਵਸਤ ਬਣਾਇਆ ਹੈ। 'ਨਵੀ ਕਹਾਣੀ ਦੇ ਪਛਾਣ ਚਿੰਨ' ਬਾਰੇ ਚਰਚਾ ਕਰਦਿਆਂ ਉਹ ਲਿਖਦਾ ਹੈ ਕਿ 'ਇਸ ਦੌਰ ਦੀ ਕਹਾਣੀ ਨੇ ਕਾਮ- ਸਬੰਧਾਂ ਤੇ' ਆਧਾਰਿਤ ਸਦਾਚਾਰਕਤਾ ਦੀ ਮਿੱਥ ਨੂੰ ਵੀ ਤੋੜਿਆ ਹੈ। ਜਿਹੜੇ ਸਬੰਧ ਕਿਸੇ ਸਮੇਂ ਸਾਹਿਤ ਵਿਚ ਵਿਵਰਜਿਤ ਜਾਂ ਅਸ਼ਲੀਲ ਸਮਝੇ ਜਾਂਦੇ ਸਨ। ਇਸ ਦੌਰ ਦੀ ਕਹਾਣੀ ਵਿਚ ਉਹ ਸਬੰਧ ਸੰਸਕਾਰਕ ਤੇ ਸਮਾਜਕ ਯਥਾਰਥਕ ਦੇ ਅੰਤਰ-ਵਿਰੋਧਾਂ ਵਿਚੋਂ ਦੁਬਿਧਾ ਗ੍ਰਸਤ ਮਾਨਸਿਕਤਾ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਜਿੰਦਰ ਦੀ ਕਹਾਣੀ 'ਕਤਲ' ਦੇਸ ਰਾਜ ਕਾਲੀ ਦੀ ਕਹਾਣੀ 'ਚੀਕ' ਤੇ ਮਨਿੰਦਰ ਕਾਂਗ ਦੀ ਕਹਾਣੀ 'ਸੰਤ ਆਦਮੀ', ਤਲਵਿੰਦਰ ਦੀ 'ਫਤੂਰ' ਅਤੇ ਭਗਵੰਤ ਰਸੂਲਪੁਰੀ ਦੀ ਕਹਾਣੀ 'ਕੀੜਾ' ਸੰਸਾਰਕ ਪੱਧਰ ਤੇ ਮਨੁੱਖ ਦੀਆਂ ਕਾਮ ਆਧਾਰਿਤ ਬਨਿਆਦੀ ਬਿਰਤੀਆਂ ਨੂੰ ਕਲਾਤਮਕ ਰੂਪ ਵਿਚ ਪੇਸ਼ ਕਰਦੀਆਂ ਹਨ। ਪਹਿਲੀ ਵਾਰ ਅਜਿਹੇ ਵਿਸ਼ਿਆਂ ਨੂੰ ਪੰਜਾਬੀ ਕਹਾਣੀ ਵਿਚ ਇੰਨੀ ਗਹਿਰਾਈ ਅਤੇ ਬੇਬਾਕੀ ਨਾਲ ਪ੍ਰਗਟਾਇਆ ਗਿਆ ਹੈ।[10] ਇਸ ਤੋ ਇਲਾਵਾ ਨਾਰੀ ਕਹਾਣੀ ਔਰਤ ਦੇ ਖ਼ੁੱਦ ਮੁਖਤਾਰੀ ਬਿੰਬ ਨੂੰ ਉਭਾਰਨ ਵੱਲ ਅਗਰਸਰ ਹੋਈ ਹੈ। ਵੀਨਾ ਵਰਮਾ 'ਫਿਰੰਗੀਆਂ ਦੀ ਨੂੰਹ' ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਜਾਇਆ ਵੱਢੀ' ਵਿਚ ਇਸ ਦ੍ਰਿਸ਼ਟੀ ਨੂੰ ਨਵੇਂ ਪਾਸਾਰ ਦਿੰਦੀਆਂ ਹਨ।[11]

ਡਾ. ਰਜਨੀਸ਼ ਬਹਾਦਰ ਨੇ ਆਪਣੇ ਚਿੰਤਨ ਵਿਚ ਖਾਸ ਤੋਰ ਤੇ ਤੀਜੀ ਪੀੜ੍ਹੀ ਅਤੇ ਚੋਥੀ ਪੀੜ੍ਹੀ ਦੀ ਪੰਜਾਬੀ ਕਹਾਣੀ ਦੇ ਸਬੰਧੀ ਫਰਕ ਨੂੰ ਉਘਾੜਿਆ ਹੈ। ਔਰਤ ਦੀ ਹੋਂਦ ਅਤੇ ਸੰਕਟ ਗ੍ਰਸਤ ਸਥਿਤੀ ਬਾਰੇ ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਨੂੰ ਉਹ ਚੋਥੀ ਪੀੜੀ ਦੀਆਂ ਕਹਾਣੀਆਂ ਦਾ ਸਮਾਨਾਂਤਰ ਵਡਿਆਉਂਦਾ ਨਜਰ ਆਉਂਦਾ ਹੈ ਜਦ ਕਿ ਚੋਥੀ ਪੀੜੀ ਸਬੰਧੀ ਉਸ ਦੀ ਧਾਰਨਾਂ ਹੈ ਕਿ ਇਸ ਦੌਰ ਦੀਆਂ ਬਹੁਤੀਆਂ ਕਥਾਕਾਰਾਂ ਅਜੀਤ ਕੌਰ ਅਤੇ ਦਲੀਪ ਕੌਰ ਟਿਵਾਣਾਂ ਦੇ ਪਾਸਾਰ ਮਾਤਰ ਨਜ਼ਰ ਆਉਂਦੀਆਂ ਹਨ। ਇਹਨਾਂ ਵਿਚੋਂ ਬਹੁਤੀਆਂ ਨੇ ਸਨਸਨੀ ਵਾਲੀ ਲੱਫ਼ਾਜ਼ੀ ਵਰਤ ਕੇ ਪਾਠਕ ਦੀ ਭਾਵਕਤਾ ਨੂੰ ਕੈਸ਼ ਕਰਵਾਇਆ ਹੈ। ਇਹਨਾਂ ਵਿਚੋਂ ਬਹੁਤੀਆਂ ਕਹਾਣੀਆਂ ਨੂੰ ਗਹਿਰਾਈ ਨਾਲ ਵੇਖੀਏ ਤਾਂ

ਪਾਪੂਲਰ ਸਾਹਿਤ ਦੀ ਕੋਟੀ ਵਿਚ ਆਉਂਦੀਆਂ ਹਨ।[12]

ਤੀਜੀ ਪੀੜ੍ਹੀ ਦੁਆਰਾਂ ਲਿਖੀ ਕਹਾਣੀ ਵਿਚ ਜਿਹੜੀ ਕਹਾਣੀ ਪ੍ਰਵਾਨ ਚੜ੍ਹੀ, ਉਹ ਇਕ ਖ਼ਾਸ ਪ੍ਰਗਤੀਵਾਦੀ ਸੋਚ ਅਧੀਨ ਕਿਸਾਨੀ ਜੀਵਨ ਨਾਲ ਜੁੜੀ ਹੋਈ ਸੀ ਅਤੇ ਦੂਜੇ ਪਾਸੇ ਮਾਨਵੀ ਅਵਚੇਤਨ, ਸਾਂਸਕ੍ਰਿਤੀ ਅਤੇ ਕਾਮ ਦੇ ਸਵਾਲਾਂ ਨੂੰ ਚੱਕ ਰਹੀ ਸੀ। ਅਜਿਹੀ ਸਥਿਤੀ ਵਿਚ ਪਾਠਕਾਂ ਦਾ ਨਵਾਂ ਧਰੁਵੀਕਰਨ ਹੋ ਰਿਹਾ ਸੀ ਇਹ ਧਰੁਵੀਕਰਨ ਪ੍ਰਗਤੀਵਾਦੀ ਬੰਦਸ਼ਾਂ ਦੇ ਵਿਰੋਧ ਵਿਚ ਹੋ ਰਿਹਾ ਸੀ। ਇਸ ਵਿਚੋ ਕੁਝ ਉਤਕ੍ਰਿਸ਼ਟ ਕਹਾਣੀਆਂ ਵੀ ਸਾਹਮਣੇ ਆਈਆਂ।[13] ਡਾ. ਰਜਨੀਸ਼ ਬਹਾਦਰ ਨੇ ਇਸ ਪੀੜੀ ਵਿਚ ਪ੍ਰੇਮ ਪ੍ਰਕਾਸ਼, ਗੁਰਬਚਨ ਭੁੱਲਰ, ਵਰਿਆਮ ਸਿੰਘ ਸੰਧੂ, ਗੁਰਦੇਵ ਰੁਪਾਣਾ, ਅਤਰਜੀਤ ਅਤੇ ਪ੍ਰੇਮ ਗੋਰਖੀ ਦੀਆਂ ਕਹਾਣੀਆਂ ਨੂੰ ਪ੍ਰਤਿਮਾਨਕ ਕਹਾਣੀਆਂ ਵਜੋਂ ਸਥਾਪਿਤ ਕੀਤਾ ਹੈ।

ਚੌਥੀ ਪੀੜ੍ਹੀ ਪ੍ਰਤੀ ਉਸ ਦਾ ਨਜ਼ਰੀਏ ਇਹ ਹੈ ਕਿ ਚੌਥੀ ਪੀੜੀ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਪਰੰਪਰਾ ਨਾਲ ਜੁੜੀ ਹੋਣ ਦੇ ਬਾਵਜੂਦ ਵਸਤੂ ਅਤੇ ਬਿਰਤਾਂਤ ਦੇ ਪੱਖ ਤੋਂ ਵੱਖਰੀ ਹੈ। ਚੌਥੀ ਪੀੜ੍ਹੀ ਦਾ ਬਹੁਤ ਸੰਕਲਪ ਉਮਰ ਦੇ ਹਿਸਾਬ ਤੋਂ ਉਪਰ ਹੈ। ਇਸ ਵਿਚ ਕਿਸਾਨੀ ਪਿਛੋਕੜ ਵਾਲੀਆਂ ਕਹਾਣੀਆਂ ਵਿਚ ਰਿਸ਼ਤਾ ਨਾਤਾ ਪ੍ਰਬੰਧ ਵਿਚ ਹੋਂਦ ਨਾਲ ਜੁੜੇ ਸੁਆਲ ਹੀ ਨਹੀ ਉਭਰਦੇ ਸਗੋਂ ਮਨ ਵਿਚ ਚਿਤਵਣ ਦੀ ਬਿਰਤਾਂਤ ਵਿਧੀ ਨਾਲ ਜੁੜਦੀ ਹੈ। ਅੰਦਰ ਅਤੇ ਬਾਹਰ ਦੀ ਟੁੱਟ ਭੱਜ ਦੀ ਡਾਇਲੈਕਟਸ ਕਹਾਣੀ ਦੇ ਬਿਰਤਾਂਤ ਵਿਚੋਂ ਉਭਰਦੀ ਹੈ। ਇਸ ਵਿਚ ਡਾ. ਜਸਵਿੰਦਰ ਦੀ ਕਹਾਣੀ 'ਖੂਹ ਖਾਤੇ' ਪ੍ਰਮੁੱਖ ਹੈ।[14]

ਡਾ. ਰਜਨੀਸ਼ ਬਹਾਦਰ ਨੇ ਪਰਵਾਸੀ ਪੰਜਾਬੀ ਕਹਾਣੀ, ਜੰਮੂ-ਕਸ਼ਮੀਰ ਰਹਿਤਲ ਦੇ ਕਹਾਣੀਕਾਰਾਂ ਅਤੇ ਕੁਝ ਪਾਕਿਸਤਾਨੀ ਪੰਜਾਬੀ ਕਹਾਣੀਆਂ ਬਾਰੇ ਨਵੇਂ ਤੇ ਵੱਖਰੇ ਦ੍ਰਿਸ਼ਟੀਕੋਣ ਤੋਂ ਅਧਿਐਨ ਕੀਤਾ ਹੈ। ਪੰਜਾਬੀ ਕਹਾਣੀ ਵਿਚ ਪਾਤਰਾਂ ਦੀ ਖੁਦਮੁਖਤਾਰੀ ਸਬੰਧੀ ਵਿਸਥਾਰ ਵਿਚ ਚਰਚਾ ਟੈਕਸਟ ਵਿਚ ਪਾਤਰ ਦੀ ਭੂਮਿਕਾ ਬਾਰੇ ਆਪਣੀਆਂ ਨਿਵੇਕਲੀਆਂ ਧਾਰਨਾਵਾਂ ਦਿੱਤੀਆਂ ਹਨ।

### ਹਵਾਲੇ ਤੇ ਪੁਸਤਕਾਂ


1. ਰਜਨੀਸ਼ ਬਹਾਦਰ, ਪੰਜਾਬੀ ਕਹਾਣੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ 2017, ਪੰਨਾ 9.10.
2. ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003 ਪੰਨਾ 7.
3. ਗਲਪ ਅਧਿਐਨ, ਚੇਤਨਾ ਪ੍ਰਕਾਸ਼ਨ ਲੁਧਿਆਣਾ, 1999, ਪੰਨਾ 73.
4. ਪੰਜਾਬੀ ਕਹਾਣੀ, ਪੰਨਾ 29.
5. ਉਹੀ, ਪੰਨਾ 35.
6. ਗਲਪ ਅਧਿਐਨ, ਪੰਨਾ 11.
7. ਪੰਜਾਬੀ ਕਹਾਣੀ, ਪੰਨਾ 47.
8. ਉਹੀ, ਪੰਨਾ 46.
9. ਉਹੀ, ਪੰਨਾ 50.
10. ਗਲਪ ਅਧਿਐਨ, ਪੰਨਾ 78.
11. ਪੰਜਾਬੀ ਕਹਾਣੀ ਪੰਨਾ 55.
12. ਪੰਜਾਬੀ ਕਹਾਣੀ ਪੰਨਾ 33.
13. ਉਹੀ, ਪੰਨਾ 31.
14. ਉਹੀ, ਪੰਨਾ 33.

# ਡਾ. ਰਜਨੀਸ਼ ਬਹਾਦਰ ਸਿੰਘ ਦਾ ਗਲਪ ਚਿੰਤਨ

**-ਹਰਪ੍ਰੀਤ ਕੌਰ ਸੰਧੂ**

ਪੰਜਾਬੀ ਸਾਹਿਤ ਚਿੰਤਨ ਦੀ ਦੁਨੀਆਂ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਇਕ ਪ੍ਰਬੁੱਧ ਅਤੇ ਸਥਾਪਿਤ ਸਾਹਿਤ ਚਿੰਤਕ ਸਨ। ਉਨ੍ਹਾਂ ਦੀ ਸਮੀਖਿਆ ਦਾ ਦਾਇਰਾ ਸਮੁੱਚੇ ਪੰਜਾਬੀ ਸਾਹਿਤ ਤੱਕ ਫੈਲਿਆ ਹੋਇਆ ਹੈ, ਪਰ ਮੂਲ ਰੂਪ ਵਿਚ ਉਨ੍ਹਾਂ ਦੀ ਸਮੀਖਿਆ ਗਲਪ ਕੇਂਦਰਿਤ ਸੀ। ਪੰਜਾਬੀ ਗਲਪ ਸਮੀਖਿਆ ਦੇ ਖੇਤਰ ਵਿਚ ਉਨ੍ਹਾਂ ਨੇ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਸਲਾਹੁਣਯੋਗ ਆਲੋਚਨਾਤਮਕ ਕਾਰਜ ਕੀਤਾ ਹੈ। ਗਲਪ ਚਿੰਤਨ ਖ਼ਾਸਕਰ ਕਹਾਣੀ ਚਿੰਤਨ ਦੇ ਖੇਤਰ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਦਾ ਨਾਂ ਮੂਹਰਲੀ ਸਫ ਦੇ ਸਰਗਰਮ ਚਿੰਤਕਾਂ ਵਿਚ ਸ਼ੁਮਾਰ ਹੈ। ਉਨ੍ਹਾਂ ਤਮਾਮ ਉਮਰ ਪੰਜਾਬੀ ਸਾਹਿਤ ਨੂੰ ਗਹੁ ਨਾਲ ਪੜ੍ਹਿਆ, ਵਾਚਿਆ ਅਤੇ ਵਿਚਾਰਿਆ ਹੈ। ਇਸੇ ਅਧਿਐਨ ਵਕਫ਼ੇ ਦੌਰਾਨ ਉਨ੍ਹਾਂ ਮੁੱਢਲੀਆਂ ਪੰਜਾਬੀ ਕਹਾਣੀਆਂ ਤੋਂ ਲੈ ਕੇ ਸਮਕਾਲੀ ਪੰਜਾਬੀ ਕਹਾਣੀਆਂ ਦੀ ਨਿੱਠ ਕੇ ਆਲੋਚਨਾਤਮਕ ਪੜ੍ਹਤ ਤਿਆਰ ਕੀਤੀ। ਇਕ ਸਰਗਰਮ ਚਿੰਤਕ ਵਜੋਂ ਉਹ ਪੰਜਾਬੀ ਕਹਾਣੀ ਸਬੰਧੀ ਲਗਾਤਾਰ ਸਮੀਖਿਆਤਮਕ ਪੁਸਤਕਾਂ ਅਤੇ ਖੋਜ ਪੱਤਰ ਲਿਖਦੇ ਰਹਿੰਦੇ ਸਨ। ਪੰਜਾਬੀ ਕਹਾਣੀ ਆਲੋਚਨਾ ਵਿਚ ਉਨ੍ਹਾਂ ਮਾਰਕਸਵਾਦੀ ਦ੍ਰਿਸ਼ਟੀ ਨੂੰ ਆਪਣੀ ਬੌਧਿਕ ਸੂਝ ਦਾ ਆਧਾਰ ਬਣਾਇਆ। ਡਾ. ਰਜਨੀਸ਼ ਬਹਾਦਰ ਸਿੰਘ ਦੇ ਸਾਹਿਤ ਅਧਿਐਨ ਦਾ ਮੂਲ ਮਾਡਲ ਮਾਰਕਸਵਾਦੀ ਤਾਂ ਹੈ ਪਰ ਮਕਾਨਕੀ ਮਾਰਕਸਵਾਦੀ ਨਹੀਂ, ਸਾਹਿਤ ਦੇ ਵਿਭਿੰਨ ਪਹਿਲੂਆਂ (ਸਮਾਜਕ, ਇਤਿਹਾਸਿਕ, ਰਾਜਸੀ) ਨੂੰ ਵਿਗਿਆਨਕ ਅਤੇ ਤਰਕਸ਼ੀਲ ਦ੍ਰਿਸ਼ਟੀ ਨਾਲ ਪਛਾਣਨਾ ਉਨ੍ਹਾਂ ਦੇ ਅਧਿਐਨ-ਕਾਰਜ ਦਾ ਵਿਸ਼ੇਸ਼ ਗੁਣ ਹੈ। ਇਸੇ ਸੰਦਰਭ 'ਚ ਪਿਛਲੇ ਦੋ ਦਹਾਕਿਆਂ ਤੋਂ ਉਹ ਤ੍ਰੈ ਮਾਸਿਕ ਸਾਹਿਤਕ ਰਸਾਲਾ 'ਪ੍ਰਵਚਨ' ਸੰਪਾਦਿਤ ਕਰਦੇ ਰਹੇ ਸਨ, ਜਿਸਨੂੰ ਪੰਜਾਬੀ ਸਾਹਿਤਕ ਜਗਤ ਵਿਚ ਸਵਿਕਾਰਿਆ ਅਤੇ ਸਤਿਕਾਰਿਆ ਜਾਂਦਾ ਰਿਹਾ ਹੈ।

## ਪ੍ਰਮੁੱਖ ਰਚਨਾਵਾਂ ਦੀ ਜਾਣਕਾਰੀ

### ਗਲਪ ਅਧਿਐਨ (1999)

ਡਾ. ਰਜਨੀਸ਼ ਬਹਾਦਰ ਸਿੰਘ ਆਪਣੀ ਗਲਪ ਸਮੀਖਿਆ ਦੇ ਸਫ਼ਰ ਦੀ ਸ਼ੁਰੂਆਤ 'ਗਲਪ ਅਧਿਐਨ' ਪੁਸਤਕ ਨਾਲ ਕਰਦੇ ਹਨ। ਇਸ ਵਿਚ ਮੁੱਢਲੇ ਨਾਵਲ ਦੀ ਹੋਂਦ ਪ੍ਰਕਿਰਿਆ ਤੋਂ ਲੈ ਕੇ ਯਥਾਰਥਵਾਦੀ ਪੰਜਾਬੀ ਨਾਵਲ, ਪ੍ਰਗਤੀਵਾਦੀ ਪੰਜਾਬੀ ਨਾਵਲ ਅਤੇ ਆਧੁਨਿਕ ਪੰਜਾਬੀ ਨਾਵਲ ਪੱਖੋਂ ਨਾਵਲ ਦੇ ਨਵੀਨ ਰੁਝਾਨਾਂ ਅਤੇ ਨਵੇਂ ਉਚਾਰਾਂ ਨੂੰ ਪਛਾਨਣ ਦਾ ਸਫ਼ਲ ਯਤਨ ਕਰਦੇ ਹਨ। ਉਹ ਵਿਸ਼ਵ ਪ੍ਰਸੰਗ ਵਿਚ ਨਾਵਲ ਨੂੰ ਪੂੰਜੀਵਾਦੀ ਪ੍ਰਬੰਧ ਦੀ ਦੇਣ ਮੰਨਦੇ ਹਨ ਅਤੇ ਪੂੰਜੀਵਾਦੀ ਵਿਵਸਥਾ ਦੇ ਜਟਿਲ ਅਤੇ ਗਹਿਨ ਅਨੁਭਵ ਨੂੰ ਪ੍ਰਗਟਾਉਣ ਦੀ ਲੋੜ ਹਿੱਤ ਪੈਦਾ ਹੋਇਆ ਰੂਪਾਕਾਰ ਮੰਨਦੇ ਹਨ। ਉਨ੍ਹਾਂ ਦੀ ਸਮੀਖਿਆ ਦਾ ਵਿਸ਼ੇਸ਼ ਨੁਕਤਾ ਇਹ ਰਿਹਾ ਹੈ ਕਿ ਉਨ੍ਹਾਂ ਨੇ ਪਦਾਰਥਵਾਦੀ ਪਹੁੰਚ ਨੂੰ ਤਰਕਸ਼ੀਲ ਮੰਨਦਿਆ ਵਿਰੋਧ-ਵਿਕਾਸੀ ਵਿਧੀ ਨੂੰ ਸਮਾਜਕ ਯਥਾਰਥ ਦੀ ਪੇਸ਼ਕਾਰੀ ਲਈ ਢੁੱਕਵਾਂ ਮੰਨਿਆ ਹੈ।

ਇਸ ਪੁਸਤਕ ਵਿਚ ਉਨ੍ਹਾਂ ਨਾਵਲ ਅਤੇ ਕਹਾਣੀ ਦੇ ਗਤੀਸ਼ੀਲ, ਵਿਸ਼ਸ਼ਿਟ,

ਇਤਿਹਾਸਿਕ, ਦਵੰਦਵਾਦੀ ਅਤੇ ਸਮਕਾਲੀਨ ਪ੍ਰਸੰਗਾਂ ਨੂੰ ਉਭਾਰਿਆ ਹੈ। ਡਾ. ਰਜਨੀਸ਼ ਬਹਾਦਰ ਸਿੰਘ, ਵਰਿਆਮ ਸੰਧੂ ਦੀ ਰਚਨਾ ਦਾ ਖੇਤਰ ਸੰਕਟਗ੍ਰਸਤ ਕਿਸਾਨੀ, ਸਭਿਆਚਾਰਕ ਅੰਤਰ-ਵਿਰੋਧ ਅਤੇ ਰਾਜਨੀਤਕ ਚੇਤਨਾ ਨੂੰ ਮੰਨਦੇ ਹਨ। ਉਨ੍ਹਾਂ ਨੇ ਵਰਿਆਮ ਸੰਧੂ ਸਿਰਜਿਤ ਪਾਤਰਾਂ ਨੂੰ ਸਮਾਜਕ/ਸਭਿਆਚਾਰਕ ਰੂਪਾਂਤਰਨ ਦੇ ਜਟਿਲ ਦੌਰ ਵਿਚ ਘਿਰਿਆ ਅਣਕਿਆਸਾ ਮਨੁੱਖ ਕਿਹਾ ਹੈ ਅਤੇ ਉਹ ਖ਼ਾਸਕਰ 'ਚੌਥੀ ਕੂਟ', 'ਮੈਂ ਹੁਣ ਠੀਕ-ਠਾਕ ਹਾਂ' ਅਤੇ 'ਛੁੱਟੀ' ਕਹਾਣੀ ਦੇ ਪ੍ਰਮੁੱਖ ਪਾਤਰਾਂ ਨੂੰ ਅਣਕਿਆਸੇ ਮਨੁੱਖ ਦਾ ਸਿਖ਼ਰ ਮੰਨਦੇ ਹਨ। ਵਿਭਿੰਨ ਕਹਾਣੀਆਂ ਦੇ ਅੰਤਰਪਾਠ ਵਿਚ ਨਿਹਿਤ ਲੋਕਯਾਨਿਕ ਤੱਤਾਂ ਦਾ ਅਧਿਐਨ ਕਰਦਿਆਂ ਡਾ. ਕਰਨੈਲ ਸਿੰਘ ਥਿੰਦ ਦੀ ਧਾਰਨਾ 'ਸਾਹਿਤਕ ਰੂਪਾਂ ਦੇ ਨਿਰਮਾਣ ਵਿਚ ਲੋਕਯਾਨਿਕ ਸਮੱਗਰੀ ਦਾ ਵੱਡਾ ਹੱਥ ਹੈ' ਉਨ੍ਹਾਂ ਲਈ ਪ੍ਰੇਰਨਾ ਸਰੋਤ ਬਣੀ। ਡਾ. ਰਜਨੀਸ਼ ਬਹਾਦਰ ਸਿੰਘ ਨੇ ਪ੍ਰੇਮ ਪ੍ਰਕਾਸ਼ ਦੇ ਕਥਾ ਜਗਤ ਵਿਚ ਮਿੱਥ, ਧਰਮ ਅਤੇ ਸੰਸਕਾਰਾਂ ਦੀਆਂ ਜਟਿਲ ਪਰਤਾਂ, ਲੋਕਯਾਨਿਕ ਤੱਤਾਂ ਨੂੰ ਸਿਲਸਿਲੇਵਾਰ ਫਰੋਲਣਾ ਸ਼ੁਰੂ ਕੀਤਾ। ਉਨ੍ਹਾਂ ਨੇ ਕਪਾਲ ਕਿਰਿਆ, ਮਿਸ਼ਨ ਕੰਪਾਉਂਡ, ਮੁਕਤੀ, ਡੈੱਡ ਲਾਇਨ ਅਤੇ ਕੀੜੇ ਦਾ ਰਿਜਕ ਕਹਾਣੀਆਂ ਨੂੰ ਅਧਿਐਨ ਵਸਤੂ ਵਜੋਂ ਚੁਣਿਆ ਅਤੇ ਇਸੇ ਸੰਦਰਭ ਵਿਚ ਪ੍ਰੇਮ ਪ੍ਰਕਾਸ਼ ਬਾਬਤ ਡਾ. ਰਜਨੀਸ਼ ਬਹਾਦਰ ਸਿੰਘ ਦੀ ਸਥਾਪਨਾ ਹੈ ਕਿ ਉਹ ਲੋਕ ਵਿਸ਼ਵਾਸ ਨੂੰ ਮਨੋਵਿਗਿਆਨ ਦੀ ਕਸੌਟੀ ਤੋਂ ਪਰਖਦਾ ਹੈ ਅਤੇ ਲੋਕ ਵਿਸ਼ਵਾਸ ਨੂੰ ਮਾਨਵੀ ਮਾਨਸਿਕ ਵਾਸਤਵਿਕਤਾ ਦੇ ਪੱਖ ਤੋਂ ਚਣੌਤੀ ਦਿੰਦਾ ਹੈ। ਡਾ. ਜੋਗਿੰਦਰ ਸਿੰਘ ਰਾਹੀ ਵੀ ਪ੍ਰੇਮ ਪ੍ਰਕਾਸ਼ ਬਾਬਤ ਅਜਿਹੀ ਸਮਝ ਦਾ ਪ੍ਰਗਟਾਵਾ ਕਰਦੇ ਹਨ:

"ਉਸ ਲਈ ਨਾ ਜ਼ਿੰਦਗੀ ਦਾ ਕੋਈ ਰਸਾਤਲ ਹੈ ਅਤੇ ਨਾ ਹੀ ਕੋਈ ਉੱਦਾਤ। ਉਹ ਸਮਾਜਕ ਵਿਅੰਗ ਨੂੰ ਆਪਣੀਆਂ ਕਹਾਣੀਆਂ ਵਿਚ ਕੋਈ ਖ਼ਾਸ ਅਹਿਮੀਅਤ ਦੇਣ ਦੇ ਹੱਕ ਵਿਚ ਨਹੀਂ ਜਾਪਦਾ। ਉਸ ਦੀਆਂ ਨਜ਼ਰਾਂ ਵਿਚ ਸੱਚ ਉਹ ਹੈ ਜੋ ਸੱਚਮੁੱਚ ਵਾਪਰਦਾ ਹੈ ਅਤੇ ਜਿਸ ਦਾ ਨੇਕੀ ਤੇ ਬਦੀ ਦੇ ਫ਼ਲਸਫ਼ਿਆਂ ਨਾਲ ਕੋਈ ਤਅੱਲਕ ਨਹੀਂ।"

### ਅਜੋਕੀ ਪੰਜਾਬੀ ਕਹਾਣੀ-ਕਥਾ ਪ੍ਰਵਚਨ(2003)

ਵਿਹਾਰਕ ਧਰਾਤਲ ਉੱਪਰ ਰਚਨਾ ਪਾਠਾਂ ਦੇ ਅਧਿਐਨ ਨਾਲ ਸਬੰਧਿਤ ਉਨ੍ਹਾਂ ਦੀ ਕ੍ਰਿਤ 'ਅਜੋਕੀ ਪੰਜਾਬੀ ਕਹਾਣੀ-ਕਥਾ ਪ੍ਰਵਚਨ' ਕਾਫੀ ਮਹੱਤਵਪੂਰਨ ਹੈ। ਡਾ. ਰਜਨੀਸ਼ ਬਹਾਦਰ ਸਿੰਘ ਕਹਾਣੀ ਵਿੱਚ ਉੱਭਰੇ ਨਵੇਂ ਚਿੰਨ੍ਹਾਂ, ਕਹਾਣੀਕਾਰਾਂ ਦੀ ਬਦਲੀ ਹੋਈ ਵਸਤੂ ਸਥਿਤੀ, ਨਵੀਆਂ ਕਥਾ ਜੁਗਤਾਂ, ਆਰੋਪਿਤ ਵਿਚਾਰਧਾਰਾ ਤੋਂ ਪਾਤਰਾਂ ਦੀ ਮੁਕਤੀ ਅਤੇ ਖ਼ੁਦਮੁਖਤਿਆਰੀ ਵਰਗੇ ਨਵੇਂ ਸੰਕਲਪਾਂ ਨੂੰ ਰਚਨਾ ਵੇਰਵਿਆਂ ਵਿਚੋਂ ਸਪੱਸ਼ਟ ਕਰਦੇ ਹਨ। ਉਨ੍ਹਾਂ ਨੇ ਵਿਹਾਰਕ ਅਧਿਐਨ ਲਈ ਪ੍ਰਮੁੱਖ ਸਮਕਾਲੀ ਕਹਾਣੀਕਾਰਾਂ ਅਤੇ ਕਹਾਣੀਆਂ ਉਪਰ ਫੋਕਸ ਕੀਤਾ। ਉਨ੍ਹਾਂ ਐੱਸ. ਬਲਵੰਤ ਨੂੰ ਸਮਾਜ ਅਤੇ ਮਨੁੱਖ ਦੀਆਂ ਵਿਅਕਤੀਗਤ ਤੇ ਸਮੂਹਿਕ ਸਮੱਸਿਆਵਾਂ ਨੂੰ ਪਰਤ ਦਰ ਪਰਤ ਪੇਸ਼ ਕਰਨ ਵਾਲਾ ਅਜਿਹਾ ਕਹਾਣੀਕਾਰ ਕਿਹਾ, ਜੋ ਕਹਾਣੀ ਪ੍ਰਗਟਾਅ ਸਮੇਂ ਬੇਲੋੜੇ ਬਿਰਤਾਂਤ ਤੋਂ ਗੁਰੇਜ਼ ਕਰਦਾ ਹੈ। ਅਜਮੇਰ ਕੈਂਥ ਨੂੰ ਸੰਕਟਮਈ ਵਿਸਫੋਟਕ ਸਥਿਤੀ ਨਾਲ ਆਰੰਭ ਕਰਕੇ ਕਵਿਤਾ ਵਰਗੀ ਭਾਵੁਕਤਾ ਤੇ ਰਵਾਨੀ ਭਰਪੂਰ ਕਹਾਣੀ ਸਿਰਜਣ ਕਰਨ ਵਾਲਾ ਮੰਨਿਆ, ਜਿਸਦੀ ਕਹਾਣੀ ਜਜ਼ਬਾਤੀ ਰੌਂਅ ਨੂੰ ਉਘਾੜਦੀ ਤਣਾਅ ਸਿਰਜਦੀ ਹੈ। ਉਨ੍ਹਾਂ ਨੇ ਕਹਾਣੀ ਪਾਠ ਅਤੇ ਲੇਖਕ ਦੀ ਵਿਚਾਰਧਾਰਾ ਦੇ ਆਧਾਰ 'ਤੇ ਕਹਾਣੀਕਾਰਾਂ

ਦੀਆਂ ਸਿਰਜਣਾਤਮਕ ਰੁਚੀਆਂ ਅਤੇ ਵਿਲੱਖਣਤਾਵਾਂ ਨੂੰ ਉਭਾਰਿਆ ਹੈ, ਜਿਵੇਂ ਵੰਨ-ਸੁਵੰਨੇ ਰਿਸ਼ਤਿਆਂ ਦਾ ਕਹਾਣੀਕਾਰ ਐੱਸ. ਬਲਵੰਤ, ਰਹੱਸਮਈ ਬਿਰਤਾਂਤ ਦਾ ਕਥਾਕਾਰ- ਸੁਖਜੀਤ, ਸੂਝਵਾਨ ਚਿੰਤਕ ਅਤੇ ਸਹਿਜਵਾਨ ਕਹਾਣੀਕਾਰ-ਜਸਵਿੰਦਰ ਸਿੰਘ, ਔਰਤ ਦੀ ਸਥਿਤੀ ਦੀ ਚਿੱਤਰਕਾਰ-ਰਸ਼ਪਿੰਦਰ ਰਸਮ, ਸਮਕਾਲੀ ਸੰਕਟਗ੍ਰਸਤ ਸਥਿਤੀਆਂ ਦਾ ਕਹਾਣੀਕਾਰ-ਬਲਜਿੰਦਰ ਨਸਰਾਲੀ, ਸਮਾਜਕ ਘੁਟਨ ਦੇ ਅਵਚੇਤਨ ਦਾ ਕਥਾਕਾਰ- ਸਰੂਪ ਸਿਆਲਵੀ। ਡਾ. ਰਜਨੀਸ਼ ਬਹਾਦਰ ਸਿੰਘ ਨੇ ਇਸ ਪੁਸਤਕ ਵਿਚ ਅਧਿਐਨ ਵਸਤੂ ਵਜੋਂ ਕਹਾਣੀ ਵਿਸ਼ੇਸ਼ ਦੀ ਥਾਂ ਕਹਾਣੀਕਾਰ ਵਿਸ਼ੇਸ਼ ਨੂੰ ਚੁਣਿਆ ਅਤੇ ਉਸਦੀਆਂ ਸਮੁੱਚੀਆਂ ਸਿਰਜਣਾਤਮਕ ਰੁਚੀਆਂ, ਕਲਾਤਮਕ ਪ੍ਰਬੰਧ, ਵਸਤੂ ਚੋਣ ਦੇ ਆਧਾਰ ਨੂੰ ਬੇਬਾਕ ਅਤੇ ਪਾਰਖੂ ਦ੍ਰਿਸ਼ਟੀ ਨਾਲ ਪੜਚੋਲਿਆ ਹੈ।

### **ਸਮਕਾਲੀ ਪੰਜਾਬੀ ਕਹਾਣੀ** (2005)

ਡਾ. ਰਜਨੀਸ਼ ਬਹਾਦਰ ਸਿੰਘ ਦੀ ਕਹਾਣੀ ਸਮੀਖਿਆ ਨਾਲ ਸੰਬੰਧਿਤ ਅਹਿਮ ਕ੍ਰਿਤ 'ਸਮਕਾਲੀ ਪੰਜਾਬੀ ਕਹਾਣੀ' ਵਿਸ਼ੇਸ਼ ਤਵੱਜੋਂ ਦੀ ਧਾਰਨੀ ਹੈ। ਉਹ ਆਧੁਨਿਕ ਪੰਜਾਬੀ ਕਹਾਣੀ ਨੂੰ ਬਸਤੀਵਾਦੀ ਦੌਰ ਦੀ ਪੈਦਾਵਾਰ ਮੰਨਣ ਵਾਲੇ ਚਿੰਤਕਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਪਰ ਇਸ ਦੀਆਂ ਜੜ੍ਹਾਂ ਭਾਰਤੀ ਕਥਾ ਸਾਹਿਤ ਵਿਚ ਮੌਜੂਦ ਹੋਣਾ ਮੰਨਦੇ ਹਨ। ਡਾ. ਰਜਨੀਸ਼ ਬਹਾਦਰ ਸਿੰਘ ਨੇ ਪੰਜਾਬੀ ਕਹਾਣੀ ਸੰਬੰਧੀ ਪੂਰਵਲੀਆਂ ਧਾਰਨਾਵਾਂ ਅਤੇ ਪ੍ਰਤਿਮਾਨਾਂ ਦਾ ਤਾਰਕਿਕ ਮੁਲਾਂਕਣ ਕੀਤਾ ਅਤੇ ਆਪਣੀਆਂ ਮੌਲਿਕ ਧਾਰਨਾਵਾਂ ਸਥਾਪਿਤ ਕੀਤੀਆਂ।

ਮਨੁੱਖ ਸਭਿਆਚਾਰਕ ਘਾੜਤ ਹੁੰਦਾ ਹੈ ਜਦਕਿ ਪਾਤਰ ਗਾਲਪਨਿਕ ਘਾੜਤ ਹੁੰਦਾ ਹੈ, ਜਿਹੜਾ ਨਾਂ ਤੋਂ ਭਾਵੇਂ 'ਇਕ' ਪਾਤਰ ਹੁੰਦਾ ਹੈ ਪਰ ਉਸਦੀ ਸਮਝ ਅਤੇ ਸਿਰਜਣਾ ਵਿਚ ਕਈ ਵਿਅਕਤੀਆਂ ਦੀਆਂ ਢੇਰਾਂ ਪਰਤਾਂ ਮੌਜੂਦ ਹੁੰਦੀਆਂ ਹਨ। ਪਾਤਰਾਂ ਦੀ ਬਿਰਤਾਂਤਕ ਹੋਂਦ ਅਤੇ ਉਨ੍ਹਾਂ ਦੀ ਖ਼ੁਦਮੁਖਤਿਆਰੀ ਦੇ ਕਲਾਤਮਕ ਪਾਸਾਰੇ ਡਾ. ਰਜਨੀਸ਼ ਦੀ ਅਧਿਐਨ ਦ੍ਰਿਸ਼ਟੀ ਦੇ ਮੁੱਖ ਫੋਕਸ ਵਿਚ ਰਹਿੰਦੇ ਹਨ। ਡਾ. ਰਜਨੀਸ਼ 'ਕਹਾਣੀ ਦੀ ਪਾਤਰ ਵਿਧੀ' ਮਜ਼ਮੂਨ ਵਿਚ ਆਧੁਨਿਕ ਗਲਪ ਰਚਨਾਵਾਂ ਵਿਚੋਂ ਪਾਤਰ ਵਿਧੀ ਪ੍ਰਕਿਰਿਆ ਨੂੰ ਕਥਾਕਾਰਾਂ ਦੀ ਅਨੁਭਵਮੁਖੀ ਸੋਚ ਦੁਆਲੇ ਕੇਂਦਰਿਤ ਮੰਨਦੇ ਹਨ ਅਤੇ ਗਲਪੀ ਰਚਨਾ ਦੇ ਕਲਾਤਮਕ ਪ੍ਰਬੰਧ ਦੀ ਅਹਿਮ ਕੜੀ ਪਾਤਰਾਂ ਨੂੰ ਵਿਅਕਤੀ ਨਾ ਹੋ ਕੇ ਵਿਅਕਤੀ ਦਾ ਪਰਾ ਰੂਪ ਸਵਿਕਾਰਦੇ ਹਨ। ਪੰਜਾਬੀ ਕਹਾਣੀ ਵਿਚ ਵਿਰਕ ਦੇ ਕਿਸਾਨ ਪਾਤਰ, ਸੁਜਾਨ ਸਿੰਘ ਦੇ ਮਜ਼ਦੂਰ, ਧੀਰ ਦੇ ਕਿਰਤੀ, ਪ੍ਰੇਮ ਪ੍ਰਕਾਸ਼ ਦੀ ਭਿੰਨ-ਭਿੰਨ ਸ਼ੇਡਜ਼ ਵਾਲੀ ਔਰਤ ਨੂੰ ਬਹੁਪਰਤੀ ਅਤੇ ਬਹੁਪਾਸਾਰੀ ਹੋਂਦ ਵਾਲੇ ਪਾਤਰਾਂ ਵਜੋਂ ਪਛਾਣਨਦੇ ਹਨ।

### **ਪੰਜਾਬੀ ਸਾਹਿਤ ਚਿੰਤਨ: ਆਧਾਰ ਤੇ ਉਸਾਰ** (2010)

'ਪੰਜਾਬੀ ਸਾਹਿਤ ਚਿੰਤਨ: ਆਧਾਰ ਤੇ ਉਸਾਰ' ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਸਭਿਆਚਾਰਕ ਰਾਸ਼ਟਰਵਾਦ, ਨਾਰੀ ਚੇਤਨਾ, ਦਲਿਤ ਚੇਤਨਾ ਅਤੇ ਵਿਸ਼ਵੀਕਰਨ ਸੰਬੰਧੀ ਹਰ ਪਹਿਲੂ ਨੂੰ ਆਪਣੀ ਉਚੇਰੀ ਬੌਧਿਕ ਸੂਝ ਨਾਲ ਉਭਾਰਦੇ ਹਨ। ਉਹ ਆਧੁਨਿਕ ਨਵੀਨ ਕਹਾਣੀ ਨੂੰ ਔਰਤ/ਮਰਦ ਦੇ ਅਣਸੁਖਾਵੇਂ ਸੰਬੰਧਾਂ ਦੀ ਪੇਸ਼ਕਾਰੀ ਦੌਰਾਨ ਕਾਮ-ਸੰਬੰਧਾਂ

’ਤੇ ਆਧਾਰਿਤ ਸਦਾਚਾਰਕਤਾ ਦੀ ਮਿੱਥ ਨੂੰ ਤੋੜਨ ਵਾਲੀ ਮੰਨਦੇ ਹਨ। ਸਾਹਿਤ ਵਿਚ ਵਿਵਰਜਿਤ ਅਤੇ ਅਸ਼ਲੀਲ ਮੰਨੇ ਜਾਣ ਵਾਲੇ ਸੰਬੰਧਾਂ ਨੂੰ ਸੰਸਾਰਿਕ ਅਤੇ ਸਮਾਜਕ ਯਥਾਰਥ ਦੇ ਅੰਤਰਵਿਰੋਧਾਂ ਵਿਚੋਂ ਦੁਬਿਧਾਗ੍ਰਸਤ ਮਾਨਸਿਕਤਾ ਦੇ ਰੂਪ ਵਿਚ ਪੇਸ਼ ਕਰਨਾ ਉਹ ਇਸ ਦੌਰ ਦੀ ਕਹਾਣੀ ਦੀ ਪ੍ਰਾਪਤੀ ਮੰਨਦੇ ਹਨ। ਇਸ ਪੁਸਤਕ ਵਿਚ ਉਨ੍ਹਾਂ ਨੇ ਮੈਟਾ ਆਲੋਚਕ ਵਜੋਂ ਪੜ੍ਹਤ ਤਿਆਰ ਕੀਤੀ ਅਤੇ ਸਾਹਿਤ ਆਲੋਚਨਾ ਦੇ ਸੰਖੇਪਿਤ ਇਤਿਹਾਸ ਅਤੇ ਗੋਸ਼ਟੀ ਸਭਿਆਚਾਰ ਬਾਰੇ ਨਿੱਠ ਕੇ ਵਿਚਾਰ ਚਰਚਾ ਕੀਤੀ। ਸਾਹਿਤ ਆਲੋਚਨਾ ਅਤੇ ਖ਼ਾਸਕਰ ਨਾਵਲ ਆਲੋਚਨਾ ਵਿਚ ਉਨ੍ਹਾਂ ਜੋਗਿੰਦਰ ਸਿੰਘ ਰਾਹੀ, ਨਰਿੰਜਨ ਤਸਨੀਮ, ਸੁਖਦੇਵ ਸਿੰਘ ਖਾਹਰਾ ਅਤੇ ਡਾ. ਗੁਰਪਾਲ ਸਿੰਘ ਸੰਧੂ ਦੇ ਸਾਹਿਤ ਚਿੰਤਨ ਨਾਲ ਸੰਵਾਦ ਰਚਾਇਆ। ਇਸੇ ਲੇਖ ਵਿਚ ਉਨ੍ਹਾਂ ਨਵੇਂ ਉਭਰ ਰਹੇ ਨਾਵਲ ਆਲੋਚਕਾਂ ਡਾ. ਪਰਮਜੀਤ ਸਿੱਧੂ, ਡਾ. ਸਰਬਜੋਤ ਸਿੰਘ ਅਤੇ ਪ੍ਰੋ.ਜ਼ੀ.ਬੀ.ਸੇਖੋਂ ਦੇ ਸਾਰਥਕ ਕੰਮ ਦਾ ਸੰਖੇਪ ਜਾਇਜ਼ਾ ਲਿਆ। ਸਮਕਾਲੀ ਨਾਵਲੀ ਆਲੋਚਨਾ ਨੂੰ ਉਹ ਟੈਕਸਟ ਆਧਾਰਿਤ ਮੰਨਦੇ ਹਨ ਜੋ ਨਾਵਲ ਦੀ ਵਿਚਾਰਧਾਰਾ ਅਤੇ ਸੁਹਜ ਦੀਆਂ ਪਰਤਾਂ ਨੂੰ ਵੀ ਨਾਲੋ-ਨਾਲ ਫਰੋਲਦੀ ਹੈ। ਨਿਰਸੰਦੇਹ ਉਨ੍ਹਾ ਦਾ ਇਸ਼ਾਰਾ ਮਾਰਕਸਵਾਦੀ ਅਤੇ ਰੂਪਵਾਦੀ ਵਿਧੀ ਤੋਂ ਅੱਗੋਂ ਵਿਕਸਿਤ ਹੋਈ ਅੰਤਰ ਅਨੁਸ਼ਾਸਨੀ ਵਿਧੀ ਵੱਲ ਹੈ।

**ਪੰਜਾਬੀ ਦਲਿਤ ਕਹਾਣੀ: ਆਧਾਰ ਤੇ ਅਧਿਐਨ’**(2015)

‘ਪੰਜਾਬੀ ਦਲਿਤ ਕਹਾਣੀ: ਆਧਾਰ ਤੇ ਅਧਿਐਨ’ ਪੁਸਤਕ ਵਿਚ ਦਲਿਤ ਚਿੰਤਨ ਦੀ ਪਰਿਭਾਸ਼ਾ, ਦਲਿਤ ਜੀਵਨ ਸੰਬੰਧੀ ਸਮਾਜਕ ਅਤੇ ਰਾਜਨੀਤਿਕ ਧਾਰਨਾਵਾਂ, ਪੰਜਾਬੀ ਦਲਿਤ ਕਹਾਣੀ ਵਿਚ ਦਲਿਤ ਜੀਵਨ ਨਾਲ ਜੁੜੀਆਂ ਸਥਾਪਨਾਵਾਂ, ਮਹਾਜਨੀ ਅਤੇ ਕਿਰਸਾਨੀ ਸਾਂਸਕ੍ਰਿਤਿਕ ਅਵਚੇਤਨ ਆਦਿ ਸੰਬੰਧੀ ਭਰਪੂਰ ਸੰਵਾਦ ਰਚਾਇਆ ਹੈ। ਦਲਿਤ ਜੀਵਨ ਸੰਬੰਧੀ ਉਨ੍ਹਾਂ ਦੀ ਸਮਾਜਕ ਸਮਝ ਇਹ ਬਣਦੀ ਹੈ ਕਿ ਦਲਿਤ ਭਾਈਚਾਰੇ ਨਾਲ ਜੁੜਿਆ ਵਿਅਕਤੀ ਆਰਥਿਕ ਪੱਖੋਂ ਕਿੰਨਾ ਵੀ ਉੱਚਾ ਉੱਠ ਜਾਵੇ ਪਰ ਸਮਾਜਕ ਪੱਧਰ ’ਤੇ ਉਹ ਨਿਮਨ ਹੀ ਗਿਣਿਆ ਜਾਂਦਾ ਹੈ ਜਦਕਿ ਉੱਚ ਸ਼੍ਰੇਣੀ ਦੇ ਥੁੜੇ-ਟੁੱਟੇ ਵੀ ਜਾਤੀ ਅਭਿਮਾਨ ਤੋਂ ਮੁਕਤ ਨਹੀਂ। ਅਤਰਜੀਤ ਰਚਿਤ ਕਹਾਣੀ ‘ਨੂੰਹਾਂ’ ਦੀ ਉਦਾਹਰਣ ਦਿੰਦਿਆਂ ਉਹ ਆਪਣੀ ਇਸ ਧਾਰਨਾ ਨੂੰ ਵਜ਼ਨਦਾਰ ਬਣਾਉਂਦੇ ਹਨ। ਕਹਾਣੀ ਵਿਚ ‘ਹਰਦਮ’ ਵਰਗਾ ਬੇਜ਼ਮੀਨਾ ਹੋ ਕੇ ਦਿਹਾੜੀਦਾਰ ਵਿਚ ਪਰਿਵਰਤਿਤ ਹੋਇਆ ਜੱਟ ਅਜੇ ਵੀ ਉੱਚ ਜਾਤੀ ਅਭਿਮਾਨ ਵਿਚ ਗ੍ਰਸਿਆ ਹੋਇਆ ਹੈ, ਜਦਕਿ ਆਰਥਿਕ ਤੌਰ ’ਤੇ ਸੰਪੰਨ ਕਟਾਰੀਆ ਸਾਹਿਬ ਸਮਾਜਕ ਪੱਧਰ ‘ਤੇ ਹਾਸ਼ੀਏ ਉੱਤੇ ਹੀ ਰਿਹਾ। ਗੁਰਮੇਲ ਮਡਾਹੜ ਦੀ ਕਹਾਣੀ ‘ਹਵਾ ਵਿਚ ਤੈਰਦੀਆਂ ਮਛਲੀਆਂ’, ਮੁਖਤਿਆਰ ਸਿੰਘ ਦੀ ਕਹਾਣੀ ‘ਬੂ’ ਅਤੇ ਅਜਮੇਰ ਸਿੱਧੂ ਦੀ ਕਹਾਣੀ ‘ਗੌਰਜਾਂ’ ਨੂੰ ਉਨ੍ਹਾਂ ਨੇ ਮੱਧਵਰਗੀ ਦਲਿਤ ਦੀ ਵਰਤਮਾਨ ਮਾਨਸਿਕਤਾ ਅਤੇ ਸਾਡੇ ਸਭਿਆਚਾਰਕ ਕਾਲ ਵਿਚ ਦਲਿਤ ਜੀਵਨ ਦੇ ਮਾਨਸਿਕ ਅਤੇ ਸਮਾਜਕ ਤਣਾਅ ਦੀ ਪੇਸ਼ਕਾਰੀ ਲਈ ਚੁਣਿਆ।

**ਪੰਜਾਬੀ ਕਹਾਣੀ** (2017)

ਉਨ੍ਹਾਂ ਦੀ ਕ੍ਰਿਤ ‘ਪੰਜਾਬੀ ਕਹਾਣੀ’ ਕਹਾਣੀ ਦੀ ਵਿਧਾ ਅਤੇ ਪਾਤਰਾਂ ਦੀ

ਖ਼ੁਦਮੁਖਤਿਆਰੀ ਨਾਲ ਸੰਬੰਧਿਤ ਹੈ। ਇਸ ਪੁਸਤਕ ਦੇ ਪਹਿਲੇ ਅੱਠ ਲੇਖ ਕਹਾਣੀ ਦੇ ਵਿਧਾਗਤ ਪ੍ਰਤਿਮਾਨਾਂ, ਮਾਡਲੀ ਸਰੂਪ, ਦਲਿਤ ਅਤੇ ਹਾਸ਼ੀਆਗਤ ਸਮੂਹਾਂ ਨਾਲ ਸਬੰਧਿਤ ਹਨ। ਡਾ. ਰਜਨੀਸ਼ ਬਹਾਦਰ ਸਿੰਘ ਦਾ ਕਹਾਣੀ ਚਿੰਤਨ ਇਤਿਹਾਸਕ ਵਿਕਾਸ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਪ੍ਰਮੁੱਖ ਰੁਝਾਨਾਂ, ਅੰਤਰੀਵ ਸਿਰਜਣਾਤਮਕ ਤੱਤਾਂ, ਕਲਾਤਮਕ ਅਮਲ ਅਤੇ ਨਵੇਂ ਕਹਾਣੀਕਾਰਾਂ ਉੱਤੇ ਫੋਕਸ ਕਰਦਾ ਹੈ। ਪੁਸਤਕ ਦੇ ਪਿਛਲੇ ਅੱਠ ਲੇਖ ਕਹਾਣੀ ਦੇ ਪਾਤਰਾਂ ਦੀ ਖ਼ੁਦਮੁਖਤਿਆਰੀ ਬਾਬਤ ਹਨ। ਪਾਤਰ ਭਾਵੇਂ ਕਲਾਤਮਕ ਪ੍ਰਬੰਧ ਦੀ ਅਹਿਮ ਕੜੀ ਹੁੰਦੇ ਹੋਏ ਵੀ ਰਚਨਾਕਾਰ ਦੀ ਸਿਰਜਣਾਤਮਕ ਸ਼ਕਤੀ ਅਤੇ ਸਮਰੱਥਾ ਦਾ ਪ੍ਰਗਟਾ ਹੁੰਦੇ ਹਨ ਪਰ ਡਾ. ਰਜਨੀਸ਼ ਬਹਾਦਰ ਸਿੰਘ ਪਾਤਰਾਂ ਦੀ ਮੌਲਿਕਤਾ ਉਨ੍ਹਾਂ ਦੀ ਖ਼ੁਦਮੁਖਤਿਆਰੀ ਨੂੰ ਮੰਨਦੇ ਹਨ। ਅੰਮ੍ਰਿਤਾ ਪ੍ਰੀਤਮ ਦੇ ਜ਼ਿਆਦਾਤਰ ਪਾਤਰ ਕਥਾਕਾਰ ਦੇ ਵਿਚਾਰਾਂ ਦਾ ਮੁਜੱਸਮਾ ਹੋਣ ਕਾਰਨ ਉਨ੍ਹਾਂ ਨੂੰ ਸੀਮਤ ਖ਼ੁਦਮੁਖਤਿਆਰੀ ਦੇ ਪ੍ਰਤੀਕ ਜਾਪਦੇ ਹਨ ਪਰ 'ਸ਼ਾਹ ਦੀ ਕੰਜਰੀ' ਅਤੇ 'ਮੁਰੱਬਿਆਂ ਵਾਲੀ' ਕਹਾਣੀਆਂ ਦੇ ਪਾਤਰਾਂ ਨੂੰ ਉਹ ਜੀਵਨ ਦੀ ਰੌਂਅ ਵਿਚੋਂ ਤਰਕ ਸਮੇਤ ਉਭਰਨ ਵਾਲੇ ਖ਼ੁਦਮੁਖਤਿਆਰ ਪਾਤਰਾਂ ਵਜੋਂ ਦੇਖਦੇ ਹਨ। ਸੁਜਾਨ ਸਿੰਘ ਅਤੇ ਸੰਤੋਖ ਸਿੰਘ ਧੀਰ ਦੇ ਪਾਤਰ ਉਨ੍ਹਾਂ ਨੂੰ ਸੇਖੋਂ ਅਤੇ ਵਿਰਕ ਦੇ ਪਾਤਰਾਂ ਤੋਂ ਵਧੇਰੇ ਖ਼ੁਦਮੁਖਤਿਆਰ ਪ੍ਰਤੀਤ ਹੁੰਦੇ ਹਨ। ਭਾਵੇਂ ਉਨ੍ਹਾਂ ਦੀ ਇਸ ਧਾਰਨਾ ਨਾਲ ਸਹਿਮਤੀ/ਅਸਹਿਮਤੀ ਹੋ ਸਕਦੀ ਹੈ ਪਰ ਉਹ ਇਸਦੀ ਤਰਕ ਨਾਲ ਪੁਸ਼ਟੀ ਕਰਦੇ ਹਨ

"ਸੇਖੋਂ ਤੇ ਵਿਰਕ ਦੀ ਸਮੱਸਿਆ ਹੈ ਕਿ ਉਹ ਸਭਿਆਚਾਰ ਅਵਚੇਤਨ ਨੂੰ ਧਰਮ ਨਾਲ ਜੋੜ ਕੇ ਸੀਮਿਤ ਕਰ ਲੈਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦੇ ਪਾਤਰ ਸਮੁੱਚੇ ਭਾਰਤ ਦੀ ਕਿਸਾਨੀ ਦੀ ਪ੍ਰਤਿਨਿੱਧਤਾ ਕਰਨ ਤੋਂ ਖੁੰਝ ਜਾਂਦੇ ਹਨ।

ਸੁਜਾਨ ਸਿੰਘ, ਸੇਖੋਂ ਦੇ ਥੁੜ੍ਹਾਂ ਮਾਰੇ ਕਿਸਾਨ ਦੇ ਸੰਕਟ ਅਤੇ ਵਿਰਕ ਦੇ ਆਪਣਾ ਪ੍ਰਤਾਪ ਖੋਹ ਰਹੇ ਕਬਾਈਲੀ ਮਾਨਸਿਕਤਾ ਵਾਲੇ ਪਾਤਰਾਂ ਸਾਹਮਣੇ ਸਮਾਜਕ ਨਾ ਬਰਾਬਰੀ ਦਾ ਸੰਕਟ ਭੋਗਦੇ ਕਿਰਤੀ ਦਾ ਚਿੱਤਰ ਪੇਸ਼ ਕਰਦਾ ਹੈ।"

### ਸਿਧਾਂਤਕਾਰੀ ਅਤੇ ਇਤਿਹਾਸਕਾਰੀ

ਡਾ. ਰਜਨੀਸ਼ ਬਹਾਦਰ ਸਿੰਘ ਉੱਚ ਪਾਇ ਦੇ ਲੋਕ ਹਿਤੈਸ਼ੀ ਵਿਚਾਰ ਰੱਖਣ ਵਾਲੇ ਸਾਹਿਤ ਚਿੰਤਕ ਸਨ। ਸਾਹਿਤ ਚਿੰਤਨ ਦੇ ਜਿਸ ਵੀ ਖੇਤਰ ਵਿਚ ਉਨ੍ਹਾਂ ਆਲੋਚਨਾਤਮਕ ਕਾਰਜ ਕੀਤਾ ਉਸ ਵਿਚ ਬੌਧਿਕਤਾ 'ਤੇ ਵਿਸ਼ੇਸ਼ ਬਲ ਦਿੱਤਾ। ਸਾਹਿਤ ਸਮੀਖਿਆ ਦੌਰਾਨ ਉਨ੍ਹਾਂ ਸਾਹਿਤ ਸੰਕਲਪ, ਸਾਹਿਤ ਸਿਰਜਣਾ, ਸਾਹਿਤ ਪ੍ਰਯੋਜਨ, ਸਾਹਿਤ ਸੁਭਾਅ, ਸਾਹਿਤ ਮੰਤਵ, ਸਾਹਿਤਕ ਰੂਪਾਕਾਰਾਂ/ ਵਿਧਾਵਾਂ, ਆਲੋਚਨਾ ਅਤੇ ਮੈਟਾ ਆਲੋਚਨਾ ਵਰਗੇ ਸਿਧਾਂਤਕ ਮੁੱਦਿਆਂ ਉਪਰ ਨਿੱਠ ਕੇ ਵਿਚਾਰ ਚਰਚਾ ਕੀਤੀ।

ਉਨ੍ਹਾਂ ਲੇਖਕ-ਪਾਠਕ-ਆਲੋਚਕ ਦੇ ਆਪਸੀ ਰਿਸ਼ਤਿਆਂ ਨੂੰ ਗਹੁ ਨਾਲ ਵਾਚਿਆ ਅਤੇ ਇਨ੍ਹਾਂ ਦੇ ਵੱਖਰੇ ਹਿੱਤਾਂ, ਮੰਤਵਾਂ, ਅਨੁਸ਼ਾਸਨਾਂ ਅਤੇ ਕਾਰਜਾਂ ਦੀ ਉਚੇਚੇ ਰੂਪ ਵਿਚ ਨਿਸ਼ਾਨਦੇਹੀ ਕੀਤੀ। ਉਹ ਸਾਹਿਤ ਸਿਰਜਣਾ ਨੂੰ ਸੂਖ਼ਮਭਾਵੀ ਵਿਅਕਤੀ ਦੁਆਰਾ ਕੀਤਾ ਸੁਹਜਮਈ ਕਲਾਤਮਕ ਅਮਲ ਮੰਨਦੇ ਹਨ ਅਤੇ ਸਾਹਿਤਕ ਪ੍ਰਕਿਰਿਆ ਨੂੰ ਸਮਾਜਕ ਮਨੁੱਖ ਦੀ ਸਮਾਜਕ ਸਰਗਰਮੀ ਦਾ ਬੌਧਿਕ ਤੇ ਸੁਹਜਾਤਮਕ ਪ੍ਰਗਟਾਵਾ ਮੰਨਿਆ। ਸਾਹਿਤ ਸਿਰਜਣਾ

ਦੌਰਾਨ ਉਨ੍ਹਾਂ 'ਲੇਖਕ ਦੇ ਕਲਾਤਮਕ ਅਨੁਭਵ' ਅਤੇ 'ਜਜ਼ਬਿਆਂ ਦੀ ਤੀਬਰਤਾ' ਨੂੰ ਪ੍ਰਥਮ ਸਥਾਨ ਉਪਰ ਰੱਖਿਆ, ਜਦਕਿ ਸਾਹਿਤਕ ਤੱਤਾਂ ਨੂੰ ਮਾਣਨਾ ਪਾਠਕ ਅਤੇ ਸਾਹਿਤਕ ਤੱਤਾਂ ਦੀ ਨਿਸ਼ਾਨਦੇਹੀ ਕਰ ਇਨ੍ਹਾਂ ਦੇ ਪਾਸਾਰਾਂ ਤਕ ਪਹੁੰਚਣਾ ਆਲੋਚਕ ਦਾ ਧਰਮ ਕਿਹਾ ਜੋ ਲੇਖਕ, ਰਚਨਾ ਅਤੇ ਪਾਠਕ ਵਿਚਕਾਰ ਇਕ ਸੰਚਾਰਕ ਦੀ ਭੂਮਿਕਾ ਨਿਭਾਉਂਦਾ ਹੈ।'

ਸਾਹਿਤ ਦੀ ਹੋਂਦ ਵਿਧੀ ਅਤੇ ਪ੍ਰਯੋਜਨ ਬਾਬਤ ਉਨ੍ਹਾਂ ਦੀ ਸਪੱਸ਼ਟ ਰਾਇ ਹੈ "ਸਾਹਿਤ ਜੀਵਨ ਦੇ ਕਿਸੇ ਇਕ ਅੰਗ ਉਪ-ਅੰਗ ਨੂੰ ਪੇਸ਼ ਕਰਨ ਦੀ ਥਾਂ ਸਮੁੱਚੇ ਜੀਵਨ ਨੂੰ ਆਪਣੇ ਕਲੇਵਰ ਵਿਚ ਸਮੇਟਦਾ ਹੈ। ਸਾਹਿਤ ਵਿਚਲਾ ਬਿੰਬ, ਜੀਵਨ ਦੇ ਪ੍ਰਤਿਬਿੰਬ ਦਾ ਵਿਸ਼ੇਸ਼ ਰੂਪ ਹੀ ਨਹੀਂ ਸਗੋਂ ਇਹ ਪ੍ਰਤੀਬਿੰਬ ਠੋਸ ਜੀਵਨ ਵਸਤੂ ਨਾਲ ਵੀ ਸੰਬੰਧਿਤ ਹੈ। ਸਾਹਿਤਕਾਰ ਜ਼ਿੰਦਗੀ ਵਿਚ ਚੁਣੇ ਗਏ ਪ੍ਰਸੰਗਾਂ ਨੂੰ ਸਿਰਜਣਾਤਮਕ ਪੱਧਰ 'ਤੇ ਪੁਨਰ-ਸਿਰਜਤ ਕਰਦਾ ਅਤੇ ਆਪਣੀ ਕਲਪਨਾ ਸ਼ਕਤੀ ਨਾਲ ਅਮੀਰ ਕਰਦਾ ਹੈ ਅਤੇ ਨਵੇਂ ਅਰਥ ਦਿੰਦਾ ਹੈ।" ਆਪਣੀ ਸਮੁੱਚੀ ਸਾਹਿਤ ਸਮੀਖਿਆ ਦੌਰਾਨ ਉਹ ਸਾਹਿਤ ਨੂੰ ਸਮਾਜਕ ਜੀਵਨ ਦਾ ਅਨਿੱਖੜ ਅੰਗ ਕਹਿੰਦੇ ਹਨ।

ਸਾਹਿਤ ਸਿਰਜਣਾ, ਪ੍ਰਯੋਜਨ, ਅਨੁਸ਼ਾਸਨ ਅਤੇ ਹੋਂਦ ਵਿਧੀ ਦੇ ਨਿਰਧਾਰਨ ਪਿਛੇ ਉਨ੍ਹਾਂ ਦਾ ਵਿਸ਼ੇਸ਼ ਮਾਰਕਸੀ ਦ੍ਰਿਸ਼ਟੀਕੋਣ ਕਾਰਜਸ਼ੀਲ ਹੈ। ਸਮਾਜਕ ਆਰਥਿਕ ਵਿਵਸਥਾ ਵਿਚੋਂ ਰੂਪ ਗ੍ਰਹਿਣ ਕਰਦੀ ਉਨ੍ਹਾਂ ਦੀ ਦ੍ਰਿਸ਼ਟੀ ਉਨ੍ਹਾਂ ਦੇ ਸਮੁੱਚੇ ਵਿਸ਼ਲੇਸ਼ਣੀ ਅਤੇ ਮੁਲਾਂਕਣੀ ਅਮਲ ਨੂੰ ਨਿਰਧਾਰਤ ਕਰਦੀ ਹੈ। ਉਨ੍ਹਾਂ ਨੇ ਪੰਜਾਬ ਦੇ ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਹਾਲਾਤ ਨੂੰ ਦਵੰਦਾਤਮਕ ਸਬੰਧਾਂ ਵਿੱਚ ਬੱਝੇ ਹੋਣ ਦੀ ਧਾਰਨਾ ਉੱਤੇ ਬਲ ਦਿੱਤਾ ਹੈ। ਉਹ ਆਰਥਿਕ, ਸਮਾਜਕ, ਰਾਜਸੀ ਮੁੱਦਿਆਂ, ਵਿਰੋਧਤਾਈਆਂ, ਮਾਨਵੀ ਸਮਝ ਅਤੇ ਸੂਝ ਨੂੰ ਅਧਿਕ ਮਹੱਤਵ ਦਿੰਦੇ ਹਨ ਅਤੇ ਸਮਕਾਲੀ ਕਾਰਪੋਰੇਟੀ, ਪੂੰਜੀਵਾਦੀ ਸਿਸਟਮਾਂ ਪ੍ਰਤਿ ਵੰਗਾਰਮਈ ਦ੍ਰਿਸ਼ਟੀ ਰੱਖਦੇ ਹਨ। ਉਹ ਇਤਿਹਾਸਿਕ ਪਦਾਰਥਵਾਦੀ ਵਿਧੀ ਨੂੰ ਅਧਿਐਨ ਮਾਡਲ ਵਜੋਂ ਵਰਤਦੇ ਹਨ। ਡਾ. ਰਜਨੀਸ਼ ਬਹਾਦਰ ਸਿੰਘ ਅਨੁਸਾਰ, "ਪਦਾਰਥਵਾਦੀ ਪਹੁੰਚ ਮੈਨੂੰ ਤਰਕਸ਼ੀਲ ਲੱਗਦੀ ਹੈ। ਇਹ ਜਦੋਂ ਵਿਰੋਧ-ਵਿਕਾਸੀ ਪਦਾਰਥਵਾਦ ਤੱਕ ਪਹੁੰਚਦੀ ਹੈ ਤਾਂ ਮਾਰਕਸਵਾਦੀ ਪਹੁੰਚ ਅਪਣਾਉਂਦੀ ਹੈ। ਇਹ ਪਹੁੰਚ ਹੈ, ਇਹ ਸੋਚ ਹੈ, ਇਹ ਵਿਧੀ ਹੈ।"

ਡਾ. ਰਜਨੀਸ਼ ਬਹਾਦਰ ਸਿੰਘ ਸਮਾਜਕ ਪ੍ਰਬੰਧ, ਰਾਜਨੀਤਿਕ ਪ੍ਰਬੰਧ, ਦਰਸ਼ਨ ਅਤੇ ਸਾਹਿਤਕ ਰੂਪਾਂ ਦੀ ਬੁਨਿਆਦ ਪ੍ਰਕਿਰਤੀ ਅਤੇ ਮਨੁੱਖ, ਮਨੁੱਖ ਅਤੇ ਸਮਾਜ, ਪੈਦਾਵਾਰ ਤੇ ਮਨੁੱਖ ਦੇ ਅੰਤਰ-ਵਿਰੋਧੀ ਦਵੰਦਾਤਮਕ ਰਿਸ਼ਤੇ ਵਿਚ ਨਿਹਿਤ ਮੰਨਦੇ ਹਨ। ਉਨ੍ਹਾਂ ਅਨੁਸਾਰ ਹਰ ਆਰਥਿਕ ਪ੍ਰਬੰਧ ਵਿਚੋਂ ਸਮਾਜਕ, ਰਾਜਨੀਤਕ, ਅਤੇ ਦਾਰਸ਼ਨਿਕ ਪ੍ਰਬੰਧ ਉਸਰਦਾ ਹੈ। ਉਹ ਇਨ੍ਹਾਂ ਦਵੰਦਾਤਮਕ ਸੰਬੰਧਾਂ ਵਿਚੋਂ ਹੀ ਸਾਹਿਤ ਦੀਆਂ ਵਿਧਾਵਾਂ ਦਾ ਉਦਭਵ ਅਤੇ ਵਿਗਾਸ ਮੰਨਦੇ ਹਨ। ਉਨ੍ਹਾਂ ਦੀ ਸਮਾਜਕ ਪ੍ਰਬੰਧ, ਆਰਥਿਕ ਪ੍ਰਬੰਧ, ਰਾਜਨੀਤਕ ਪ੍ਰਬੰਧ, ਦਰਸ਼ਨ ਅਤੇ ਸਾਹਿਤਕ ਰੂਪਾਂ ਦੇ ਉਦਭਵ ਦੀ ਇਤਿਹਾਸਿਕ ਪ੍ਰਕਿਰਿਆ ਪ੍ਰਤੀ ਮਿਆਰੀ ਸਮਝ ਨੂੰ ਅਸੀਂ ਇਸ ਚਾਰਟ ਰਾਹੀਂ ਦ੍ਰਿਸ਼ਟੀਗੋਚਰ ਕਰ ਸਕਦੇ ਹਾਂ।

| ਸਮਾਜਕ ਪ੍ਰਬੰਧ | ਆਰਥਿਕਤਾ | ਰਾਜਨੀਤਕ/ਪ੍ਰਬੰਧਕੀ | ਦਰਸ਼ਨ | ਸਾਹਿਤਕ ਰੂਪ |
|---|---|---|---|---|
| ਕਬਾਇਲੀ ਸਮਾਜ | ਮੁਢਲਾ ਸਮਾਜਵਾਦ ਸਾਂਝੀਵਾਲਤਾ | ਕਬੀਲਿਆਂ ਦੀਆਂਤਰਿਕ ਖੁਦਮੁਖਤਿਆਰੀ | ਜਾਦੂਈ | ਪਰੀ ਕਥਾਵਾਂ/ ਲੋਕ ਕਥਾਵਾਂ |
| ਜਗੀਰਦਾਰੀ ਸਮਾਜ | ਖੇਤੀ/ਦਸਤਕਾਰੀ | ਇਕ-ਪੁਰਖੀ ਰਾਜ | ਧਰਮ | ਮਹਾਂਕਾਵਿ/ਲਘੂ ਕਾਵਿ/ਛੰਦ ਕਾਵਿ/ਨਾਟਕ |
| ਸਰਮਾਏਦਾਰੀ ਸਮਾਜ | ਸਨਅਤੀ | ਲੋਕਤੰਤਰੀ ਪ੍ਰਣਾਲੀ | ਤਰਕ | ਗਲਪ/ਆਧੁਨਿਕ/ਕਾਵਿਰੂਪ/ ਨਾਟਕ |
| ਸਮਾਜਵਾਦੀ ਸਮਾਜ | ਸਾਂਝੀਵਾਲਤਾ | ਪਰੋਲਤਾਰੀ ਡਿਕਟੇਟਰਸ਼ਿਪ | ਤਰਕਵਾਦ | ਸਨਅਤੀ ਸਮਾਜ ਦੇ ਸਾਹਿਤਕ ਰੂਪਾਂ ਵਿਚ ਵਸਤੂਗਤ/ ਦ੍ਰਿਸ਼ਟੀਗਤ ਬਦਲਾਅ |

ਸਮੁੱਚੀ ਸਾਹਿਤ ਸਮੀਖਿਆ ਦੇ ਖੇਤਰ ਵਿਚੋਂ ਗਲਪ ਸਮੀਖਿਆ ਉਨ੍ਹਾਂ ਦਾ ਪਸੰਦੀਦਾ ਖੇਤਰ ਬਣਿਆ। ਗਲਪ ਸੰਬੰਧੀ ਉਨ੍ਹਾਂ ਦੀ ਸਿਧਾਂਤਕ ਸੂਝ ਸਪੱਸ਼ਟ ਅਤੇ ਸੁਲਝੀ ਹੋਈ ਸੀ। ਉਨ੍ਹਾਂ ਨਾਵਲ/ਕਹਾਣੀ ਦਾ ਉਦਭਵ, ਵਿਕਾਸ, ਵਿਧਾਗਤ ਵਿਲੱਖਣਤਾ ਅਤੇ ਖ਼ੁਦਮੁਖਤਿਆਰੀ, ਪਕ੍ਰਿਤੀ, ਰੁਝਾਨ ਅਤੇ ਪ੍ਰਵਿਰਤੀਆਂ ਦਾ ਵਿਸ਼ਲੇਸ਼ਣ-ਮੁਲਾਂਕਣ ਕਰਨ ਦਾ ਉੱਦਮ ਕੀਤਾ ਅਤੇ ਗੌਲਣਯੋਗ ਰਾਵਾਂ/ਧਾਰਨਾਵਾਂ ਪੇਸ਼ ਕੀਤੀਆਂ।

ਪੰਜਾਬੀ ਨਾਵਲ ਸਮਾਜਕ ਵਿਕਾਸ ਦੇ ਵਿਸ਼ੇਸ਼ ਇਤਿਹਾਸਕ ਪੜਾਅ ਉੱਤੇ ਪੱਛਮੀ ਸੰਸਕ੍ਰਿਤੀ ਦੇ ਪ੍ਰਭਾਵ ਅਧੀਨ ਹੋਂਦ ਵਿਚ ਆਇਆ। ਬਦਲਦੀਆਂ ਜੀਵਨ ਕੀਮਤਾਂ ਨੂੰ ਪੇਸ਼ ਕਰਨ ਲਈ ਅਤੇ ਸੰਸਕ੍ਰਿਤੀ ਦੇ ਨਵੇਂ ਪਾਸਾਰਾਂ ਨੂੰ ਆਪਣੇ ਕਲੇਵਰ ਵਿਚ ਸਮੇਟਨ ਦੇ ਸਮਰੱਥ ਨਵੇਂ ਸਾਹਿਤਕ ਰੂਪ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਦੇ ਮਹਾਂਕਾਵਿ ਅਸਮਰੱਥ ਸੀ। ਸੋ ਅਜਿਹੀਆ ਬਦਲਦੀਆਂ ਪ੍ਰਸਥਿਤੀਆਂ ਨਾਵਲ ਦੀ ਹੋਂਦ ਪ੍ਰਕਿਰਿਆ ਵਿਚ ਸਹਾਈ ਹੋਈਆਂ।

ਉਹ ਸਮਕਾਲੀ ਕਹਾਣੀ ਨੂੰ ਪੱਛਮ ਦੇ ਦੁਖਾਂਤਕ ਪੈਟਰਨ ਵਿਚ ਢਲੀ ਹੋਈ ਕਹਾਣੀ ਮੰਨਦੇ ਹਨ, ਜਿਹੜੀ ਭਾਸ਼ਾਈ ਬਿੰਬਾਂ 'ਤੇ ਟਿਕੀ ਹੋਈ ਆਪਣੇ ਖੁੱਲ੍ਹੇ ਅੰਤ ਨਾਲ ਬਹੁਤ ਕੁੱਝ ਅਣਕਿਹਾ ਛੱਡ ਜਾਂਦੀ ਹੈ। ਕਹਾਣੀ ਦੇ ਉਦਭਵ ਅਤੇ ਸਮਕਾਲੀ ਕਹਾਣੀ ਬਾਰੇ ਉਨ੍ਹਾਂ ਦੀ

ਇਹ ਰਾਇ ਜ਼ਿਕਰਯੋਗ ਹੈ,

"ਆਧੁਨਿਕ ਕਹਾਣੀ ਦੀ ਵਿਧਾ ਦੇ ਉਦਭਵ ਦਾ ਆਧਾਰ ਸਨਅਤੀਕਰਨ ਦੇ ਪੜਾਅ, ਲੋਕਤੰਤਰੀ ਵਿਵਸਥਾ ਅਤੇ ਇਹਲੌਕਿਕ ਦਰਸ਼ਨ ਬਣਦਾ ਹੈ।"

"ਪੰਜਾਬੀ ਸਾਹਿਤ ਵਿਸ਼ੇਸ਼ ਤੌਰ 'ਤੇ ਕਹਾਣੀ ਵਿਵਰਜਤ ਖੇਤਰਾਂ ਵਿਚ ਪ੍ਰਵੇਸ਼ ਕਰ ਗਈ ਅਤੇ ਕਹਾਣੀ ਦਿਸ਼ਾ ਦੀ ਥਾਂ ਦਸ਼ਾ, ਇਕ ਪਰਤੀ ਦੀ ਥਾਂ ਬਹੁ ਪਰਤੀ, ਉਪਦੇਸ਼ ਦੀ ਥਾਂ ਸਥਿਤੀ, ਬੰਦ-ਅੰਤ ਦੀ ਥਾਂ ਖੁੱਲ੍ਹਾਂ ਅੰਤ, ਇਕ ਅਰਥੀ ਦੀ ਥਾਂ ਬਹੁਅਰਥੀ, ਕੁਝ ਕਹੇ ਦੀ ਥਾਂ ਅਣਕਿਹਾ, ਸਮਕਾਲ ਦੀ ਥਾਂ ਅਤੀਤ ਵੱਲ ਨੂੰ ਫੈਲਣੀ ਸ਼ੁਰੂ ਹੋਈ ਹੈ।"

ਉਹ ਕਹਾਣੀ ਵਿਧਾ ਨੂੰ ਪੂੰਜੀਵਾਦੀ ਪ੍ਰਬੰਧ ਨਾਲ ਦਵੰਦਾਤਮਕ ਸੰਬੰਧਾਂ 'ਚ ਬੱਝੀ ਹੋਣ ਦੀ ਧਾਰਨਾ ਉੱਤੇ ਬਲ ਦੇ ਕੇ ਇਸਦੇ ਸਮਾਜ ਸ਼ਾਸਤਰੀ ਸੰਦਰਭਾਂ ਵੱਲ ਸੰਕੇਤ ਕਰਦੇ ਹਨ। ਗਲਪ ਅਧਿਐਨ ਦੌਰਾਨ ਕੁੱਝ ਕੁ ਅਜਿਹੇ ਕੇਂਦਰੀ ਸੂਤਰ ਉਘੜ ਕੇ ਸਾਹਮਣੇ ਆਉਂਦੇ ਹਨ ਜੋ ਉਨ੍ਹਾਂ ਦੀ ਸਮੀਖਿਆ ਵਿਚ ਹਾਜ਼ਰ ਰਹਿੰਦੇ ਹਨ। ਮਸਲਨ ਗਲਪ ਵਿਚ ਕਹਾਣੀ ਅਤੇ ਨਾਵਲ ਦੀ ਟੈਕਸਟ ਕਿਸ ਸਮੇਂ ਨੂੰ ਸੰਬੋਧਿਤ ਹੈ ? ਉਸ ਦੌਰ ਦਾ ਮੁਹਾਵਰਾ ਕੀ ਹੈ ? ਗਲਪਕਾਰ ਟੈਕਸਟ ਸਿਰਜਣ ਲਈ ਕਿਸ ਜੁਗਤ ਦੀ ਵਰਤੋਂ ਕਰ ਰਿਹਾ ਹੈ ? ਉਹ ਪਾਤਰਾਂ ਅਤੇ ਬਿਰਤਾਂਤ ਦੇ ਭਾਸ਼ਾਈ ਪੈਟਰਨਾ ਦਾ ਨਿਖੇੜਾ ਕਿਵੇਂ ਕਰ ਰਿਹਾ ਹੈ ? ਆਦਿ। ਡਾ. ਰਜਨੀਸ਼ ਬਹਾਦਰ ਸਿੰਘ ਦੀ ਸਮੁੱਚੀ ਆਲੋਚਨਾ ਇਨ੍ਹਾਂ ਕੇਂਦਰੀ ਸੂਤਰਾਂ ਦੇ ਆਰ-ਪਾਰ ਫੈਲੀ ਹੋਈ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਪ੍ਰਚਲਿਤ ਸਾਹਿਤ ਸਿਧਾਂਤਾਂ ਸੰਬੰਧੀ ਵੀ ਸੰਵਾਦ ਰਚਾਇਆ। ਰੂਪਵਾਦ, ਸੰਰਚਨਾਵਾਦ, ਮਾਰਕਸਵਾਦ, ਉਤਰ ਮਾਰਕਸਵਾਦ, ਉਤਰ ਆਧੁਕਿਤਾਵਾਦ, ਵਿਸ਼ਵੀਕਰਨ ਅਤੇ ਸਭਿਆਚਾਰ ਵਰਗੇ ਸਿਧਾਂਤਕ ਮਸਲਿਆਂ ਸੰਬੰਧੀ ਉਨ੍ਹਾਂ ਦੀ ਸਮਝ ਕਾਬਲ-ਏ-ਤਾਰੀਫ਼ ਸੀ। ਉਨ੍ਹਾਂ ਸਾਹਿਤਕ ਸਿਰਜਣਾਵਾਂ ਅਤੇ ਕਲਾਤਮਕ ਰੁਚੀਆਂ ਨੂੰ ਬੇਬਾਕ ਤੇ ਨਿਡਰ ਹੋ ਕੇ ਵਿਭਿੰਨ ਪੱਖਾਂ, ਪਾਸਾਰਾਂ, ਪਹਿਲੂਆਂ ਤੋਂ ਪੜਚੋਲਿਆ ਹੈ। ਆਪਣੀ ਵਸੀਹ ਪੜ੍ਹਤ, ਮਿਆਰੀ ਤੇ ਨਿੱਗਰ ਪਾਰਖੂ ਦ੍ਰਿਸ਼ਟੀ ਸਦਕਾ ਮੁੱਲਵਾਨ ਸਥਾਪਨਾਵਾਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਦਾ ਲਾਹਾ ਵਿਦਿਆਰਥੀ/ਖੋਜਾਰਥੀ ਆਪਣੇ ਖੋਜ ਕਾਰਜ ਦੌਰਾਨ ਲੈ ਰਹੇ ਹਨ।

## ਵਿਹਾਰਕ ਸਮੀਖਿਆ ਦੇ ਮੂਲ ਸੰਕਲਪ

ਡਾ. ਰਜਨੀਸ਼ ਦੀ ਮੁੱਲਵਾਨ ਪ੍ਰਾਪਤੀ ਇਹ ਹੈ ਕਿ ਉਹ ਸਾਹਿਤ ਸਾਸ਼ਤਰ ਦੇ ਚੌਖਟੇ ਅਨੁਕੂਲ ਸਾਹਿਤ ਰਚਨਾ ਨੂੰ ਘਟਾਉਣ ਦੀ ਬਜਾਇ, ਸਾਹਿਤਕ ਪਾਠ ਵਿਚੋਂ ਸ਼ਾਸਤਰ ਉਸਾਰਨ ਦਾ ਯਤਨ ਕਰਦੇ ਹਨ। ਉਹ ਨਿਰੋਲ ਸਿਧਾਂਤਕਾਰੀ ਤੋਂ ਪ੍ਰਹੇਜ਼ ਕਰਦੇ ਹਨ ਅਤੇ ਉਨ੍ਹਾਂ ਦੀ ਜ਼ਿਆਦਾਤਰ ਕੋਸ਼ਿਸ਼ ਵਿਸ਼ਲੇਸ਼ਣ, ਵਿਆਖਿਆ ਅਤੇ ਜਮਾਤੀ ਦ੍ਰਿਸ਼ਟੀਕੋਣ ਤੋਂ ਪੰਜਾਬੀ ਕਹਾਣੀ ਦਾ ਮੁਲਾਂਕਣ ਕਰਨ ਦੀ ਰਹੀ। ਗਿਆਨ ਪ੍ਰਬੰਧ ਨੂੰ ਸਿਧਾਂਤਕਾਰੀ ਦੀ ਸ਼ਕਲ ਵਿਚ ਅਗਰਭੂਮੀ ਵਿਚ ਲੈ ਕੇ ਆਉਣਾ, ਉਨ੍ਹਾਂ ਦੇ ਆਲੋਚਨਾਤਮਕ ਕਾਰਜ ਦਾ ਮੰਤਵ ਨਹੀਂ ਹੈ ਬਲਕਿ ਸਿਧਾਂਤ ਉਨ੍ਹਾਂ ਦੇ ਵਿਹਾਰਕ ਸਮੀਖਿਆ ਦੇ ਲੇਖਾਂ ਵਿਚ ਜਜ਼ਬ ਹੁੰਦਾ ਹੈ। ਉਨ੍ਹਾਂ ਨੇ ਮੁੱਢਲੇ ਪੰਜਾਬੀ ਨਾਵਲ, ਇਤਿਹਾਸਕ ਨਾਵਲ, ਪਰਵਾਸੀ ਕਹਾਣੀ, ਦਲਿਤ ਹਾਸ਼ੀਆਗਤ ਸਮੂਹਾਂ ਬਾਬਤ ਲਿਖੀ ਕਹਾਣੀ, ਪ੍ਰਗਤੀਵਾਦੀ ਪੰਜਾਬੀ ਕਹਾਣੀ, ਸਮਕਾਲੀ ਪੰਜਾਬੀ ਕਹਾਣੀ ਅਤੇ

ਕਹਾਣੀਕਾਰਾਂ ਦੀ ਵਿਹਾਰਕ ਸਮੀਖਿਆ ਲਈ ਚੋਣ ਕੀਤੀ। ਸਾਹਿਤ ਦਾ ਸਮਾਜ ਸਭਿਆਚਾਰਕ ਸੰਦਰਭ ਉਨ੍ਹਾਂ ਦੇ ਵਿਹਾਰਕ ਅਧਿਐਨ ਦੌਰਾਨ ਵਿਸ਼ੇਸ਼ ਮਹੱਤਵ ਗ੍ਰਹਿਣ ਕਰਦਾ ਹੈ।

ਸਮਾਜਕ ਪਾੜੇ ਦਾ ਪ੍ਰਵਚਨ- ਵਿੱਥ, ਵਿਅਕਤੀਗਤ ਵੇਦਨਾ ਦਾ ਸਮੂਹਿਕ ਪ੍ਰਗਟਾਵਾ-ਰੁਦਨ ਬਿੱਲੀਆਂ ਦਾ, ਭਾਰਤੀ ਸਮਾਜਕ ਵਿਵਸਥਾ ਦਾ ਜਾਤੀਮੂਲਕ ਪ੍ਰਸੰਗ- ਠੂੰਹਾਂ, ਕਿਸਾਨੀ ਜੀਵਨ ਦੇ ਕਠੋਰ ਯਥਾਰਥ ਦਾ ਚਿਤੇਰਾ-ਬਲਬੀਰ ਪਰਵਾਨਾ, ਉਸਦੇ ਜ਼ਿਕਰਯੋਗ ਲੇਖ ਹਨ। ਬਲਬੀਰ ਪਰਵਾਨਾ ਦੇ ਗਲਪ ਸਾਹਿਤ ਬਾਬਤ ਉਨ੍ਹਾਂ ਦੀ ਟਿੱਪਣੀ ਉਲੇਖਯੋਗ ਹੈ:-

"ਪਰਵਾਨੇ ਦੀਆਂ ਕਹਾਣੀਆਂ ਦਾ ਪਾਸਾਰ ਬੇਰੁਜ਼ਗਾਰੀ ਦੇ ਫਲਸਰੂਪ ਆਰਥਿਕ ਸੰਕਟ ਹੰਢਾ ਰਿਹਾ ਮੱਧਵਰਗ ਅਤੇ ਉਸ ਨਾਲ ਜੁੜੀ ਨੌਜਵਾਨ ਪੀੜ੍ਹੀ ਹੈ। ਪਰਵਾਨੇ ਦੀਆਂ ਕਹਾਣੀਆਂ ਵਿਚ ਜਮਾਤੀ ਸੰਘਰਸ਼ਮੂਲਕ ਚੇਤਨਾ ਭਾਰੂ ਹੋਣ ਕਾਰਨ, ਆਰਥਿਕ ਸੰਕਟ ਦਾ ਤੱਤ ਇਕ ਫ਼ੈਸਲਾਕੁੰਨ ਸੂਤਰ ਬਣਕੇ ਉਭਰਦਾ ਹੈ।"

ਪੰਜਾਬੀ ਦੇ ਪ੍ਰਮੁੱਖ ਕਹਾਣੀਕਾਰਾਂ ਦੀ ਪਾਤਰ ਚੋਣ ਅਤੇ ਪੇਸ਼ਕਾਰੀ ਸੰਬੰਧੀ ਉਸਦੀਆਂ ਕੁੱਝ ਧਾਰਨਾਵਾਂ ਵੇਖਣਯੋਗ ਹਨ।

ਅਜੀਤ ਕੌਰ ਦੇ ਪਾਤਰ ਉਸਦੇ ਆਪਣੇ ਪਰਾਰੂਪ ਹਨ। ਉਹ ਆਪਣੇ ਪਾਤਰਾਂ ਤੋਂ ਵਿੱਥ ਸਥਾਪਿਤ ਕਰਨ ਤੋਂ ਅਸਮਰੱਥ ਹੈ। ਇਸ ਲਈ ਉਹ ਕਿਸੇ ਵੀ ਪੱਧਰ 'ਤੇ ਖ਼ੁਦਮੁਖਤਿਆਰ ਨਹੀਂ ਹੁੰਦੇ।

ਵਿਰਕ ਨੇ ਅਜਿਹੇ ਸ਼ਕਤੀਸਾਲੀ ਪਾਤਰਾਂ ਦੀ ਸਿਰਜਣਾ ਕੀਤੀ ਹੈ, ਜਿਹੜੇ ਪੰਜਾਬੀ ਪਾਠਕਾਂ ਦੇ ਚੇਤਿਆਂ ਵਿਚ ਵੱਸੇ ਹੋਏ ਹਨ।

ਸੇਖੋਂ ਦੀਆਂ ਕਹਾਣੀਆਂ ਦੇ ਪਾਤਰ ਅਸਲ ਵਿਚ ਥੁੜ੍ਹਾਂ ਮਾਰੇ ਕਿਸਾਨ ਦੀਆਂ ਵੱਖੋਂ ਵੱਖਰੀਆਂ ਪਰਤਾਂ ਹਨ।

ਆਪਣੇ ਸਿਧਾਂਤਕ ਅਤੇ ਵਿਹਾਰਕ ਆਲੋਚਨਾਤਮਕ ਮਜ਼ਮੂਨਾਂ ਵਿਚ ਉਨ੍ਹਾਂ ਸਾਹਿਤ ਦੇ ਵਿਭਿੰਨ ਪਹਿਲੂਆਂ 'ਤੇ ਕਾਫੀ ਸੰਵਾਦ ਰਚਾਇਆ ਅਤੇ ਆਪਣੇ ਲੇਖਾਂ ਵਿਚ ਥਾਂ ਪਰ ਥਾਂ ਪ੍ਰਮੁੱਖ ਪੰਜਾਬੀ ਸਿਰਜਣਾਵਾਂ ਦੀ ਨਿੱਠ ਕੇ ਸਮੀਖਿਆ ਕੀਤੀ ਹੈ।

## ਅਧਿਐਨ ਵਿਧੀ ਦੇ ਮੂਲ ਆਧਾਰ ਤੇ ਮੂਲ ਉਦੇਸ਼

ਡਾ. ਰਜਨੀਸ਼ ਬਹਾਦਰ ਸਿੰਘ ਬੌਧਿਕ ਵਿਸ਼ਲੇਸ਼ਣੀ ਅਤੇ ਤਰਕਸ਼ੀਲ ਅਧਿਐਨ ਵਿਧੀ ਦੇ ਧਾਰਨੀ ਹਨ। ਉਨ੍ਹਾਂ ਦੀ ਮਾਰਕਸੀ ਪ੍ਰਤਿਬੱਧਤਾ, ਆਰਥਿਕ ਸਮਾਜਕ, ਰਾਜਨੀਤਕ ਪ੍ਰਕਰਣ, ਵਿਚਾਰਧਾਰਾ ਅਤੇ ਜਮਾਤੀ ਚੇਤਨਾ ਉਨ੍ਹਾਂ ਨੂੰ ਬੌਧਿਕ ਅਤੇ ਤਾਰਕਿਕ ਵਿਸ਼ਲੇਸ਼ਣ ਦੇ ਨਿੱਗਰ ਆਧਾਰ ਪ੍ਰਦਾਨ ਕਰਦੀ ਹੈ। ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਧਾਰਨਾ ਇਸ ਕਥਨ ਦੀ ਪੁਸ਼ਟੀ ਕਰਦੀ ਹੈ, "ਸਾਹਿਤ ਸਿਰਜਣਾ ਦੀਆਂ ਪ੍ਰੇਰਕ ਸ਼ਕਤੀਆਂ ਸਮਾਜਕ ਵਿਵਸਥਾ ਵਿਚ ਮੌਜੂਦ ਹੁੰਦੀਆਂ ਹਨ। ਸਮਾਜਕ ਵਿਵਸਥਾ ਜੀਵਨ ਦੀ ਵਾਸਤਵਿਕਤਾ ਹੁੰਦੀ ਹੈ। ਲੇਖਕ ਇਸ ਵਿਵਸਥਾ ਚੋਂ ਉਪਜੀਆਂ ਸਮੱਸਿਆਵਾਂ ਨੂੰ ਸਾਹਿਤਕ ਵਸਤ ਬਣਾ ਕੇ ਪੇਸ਼ ਕਰਦਾ ਹੈ। ਪੇਸ਼ਕਾਰੀ ਸਮੇਂ ਉਹ ਵਿਵਸਥਾ ਦੀ ਸਥਿਤੀ ਅਤੇ ਲੁਕਵੇਂ ਰੂਪ ਵਿਚ ਵਿਵਸਥਾ ਦਾ ਬਦਲ ਪੇਸ਼ ਕਰਦਾ ਹੈ।"

ਉਨ੍ਹਾਂ ਕੋਲ ਅਜਿਹੀ ਚਿੰਤਨੀ ਭਾਸ਼ਾ ਦਾ ਭੰਡਾਰ ਸੀ ਜਿਹੜੀ ਸਾਧਾਰਨ ਪਾਠਕ ਤੋਂ ਲੈ ਕੇ ਚਿੰਤਨ ਨਾਲ ਜੁੜੇ ਲੋਕਾਂ ਤੱਕ ਸੰਚਾਰਿਤ ਹੋਣ ਦਾ ਗੁਣ ਰੱਖਦੀ ਸੀ। ਉਹ ਚਿੰਤਨੀ ਭਾਸ਼ਾ ਵਿਚ ਇਲਾਕਾਈ ਸੰਕੀਰਣਤਾ, ਭਾਵੁਕਤਾ ਅਤੇ ਕੱਟੜਤਾ ਦਾ ਵਿਰੋਧ ਕਰਦੇ ਸਨ।

ਉਨ੍ਹਾਂ ਦੀ ਅਧਿਐਨ ਵਿਧੀ ਦਾ ਦੂਸਰਾ ਪਹਿਲੂ ਕਟਾਖ਼ਸ਼ੀ, ਤੁਲਨਾਤਮਕ ਅਤੇ ਸੰਵਾਦ ਯੁਕਤ ਹੋਣਾ ਹੈ। ਉਹ ਸਾਹਿਤਕ ਪਾਠ ਨੂੰ ਅਧਿਐਨ ਵਸਤੂ ਵਜੋਂ ਗ੍ਰਹਿਣ ਕਰਦਿਆਂ ਆਪਣੇ ਤਰਕ ਸਿਰਜਣ ਅਤੇ ਧਾਰਨਾ ਉਸਾਰਨ ਲਈ ਇਕ ਲੇਖਕ ਦੀ ਦੂਸਰੇ ਲੇਖਕ (ਹਮਖ਼ਿਆਲੀ ਜਾਂ ਵਿਚਾਰਧਾਰਕ ਸਾਂਝ ਵਾਲੇ ਲੇਖਕ) ਨਾਲ ਵਿਭਿੰਨ ਸਾਹਿਤਕ ਪਹਿਲੂਆਂ ਦੀ ਤੁਲਨਾ ਅਕਸਰ ਕਰਦੇ ਹਨ। ਉਹ ਪੂਰਵਲੇ ਚਿੰਤਕਾਂ ਨਾਲ ਸੰਵਾਦ ਰਚਾਉਣ ਦੀ ਰੁਚੀ ਦੇ ਧਾਰਨੀ ਸਨ ਅਤੇ ਉਹ ਆਪਣੀਆਂ ਧਾਰਨਾਵਾਂ ਨੂੰ ਦਰੁਸਤ ਅਤੇ ਤਰਕਸੰਗਤ ਪੇਸ਼ ਕਰਨ ਲਈ ਪ੍ਰਸੰਗਯੁਕਤ ਤੱਥਾਂ ਨੂੰ ਆਧਾਰ ਬਣਾਉਂਦੇ ਹਨ। ਡਾ. ਜੋਗਿੰਦਰ ਸਿੰਘ ਰਾਹੀ 'ਪੰਜਾਬੀ ਸਾਹਿਤ ਦਾ ਵਿਦਿਆਚਾਰ' ਲੇਖ ਦੇ ਅੰਤਰਗਤ ਡਾ. ਰਜਨੀਸ਼ ਬਾਬਤ ਵਿਚਾਰ ਪੇਸ਼ ਕਰਦੇ ਹਨ, "ਡਾ. ਰਜਨੀਸ਼ ਬਹਾਦਰ ਸਿੰਘ ਨੂੰ ਪੰਜਾਬੀ ਦੇ ਉਨ੍ਹਾਂ ਚੰਦ ਵਿਦਵਾਨਾਂ ਵਿਚੋਂ ਮੰਨਦਾ ਹਾਂ ਜੋ ਚੱਲ ਰਹੇ ਵਰਤਾਰੇ ਤੋਂ ਕੁਝ ਅੱਗੇ ਵੱਧ ਕੇ ਸੋਚਦੇ ਹਨ। ਜ਼ਮਾਨੇ ਦੇ ਹਾਲਾਤ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਸਮਝਣ ਦੀ ਕੋਸ਼ਿਸ਼ ਕਰਦੇ ਹੋਇਆਂ ਉਹ ਹਮੇਸ਼ਾ ਬਿਨ੍ਹਾਂ ਕਿਸੇ ਗਿਲੇ ਸ਼ਿਕਵੇ ਦੇ ਕੰਮਕਾਜ ਵਿਚ ਰੁੱਝਾ ਵੀ ਰਹਿੰਦਾ ਹੈ ਅਤੇ ਸੋਚਦਾ ਵੀ ਰਹਿੰਦਾ ਹੈ। ਡਾ. ਰਜਨੀਸ਼ ਆਪਣੀ ਗੱਲ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਕਹਿਣ ਵਿੱਚ ਨਿਪੁੰਨ ਹਨ। ਉਨ੍ਹਾਂ ਦੀ ਕਟਾਖ਼ਸ਼ੀ ਵਿਧੀ ਕਾਫ਼ੀ ਦਿਲਚਸਪ ਹੈ:

"ਗੁਰਬਖਸ਼ ਸਿੰਘ ਆਪਣੇ ਪਾਤਰਾਂ ਰਾਹੀਂ ਜਿਹੜੇ ਆਦਰਸ਼ਕ ਪਿਆਰ ਨੂੰ ਪ੍ਰਚਾਰਦਾ ਹੈ, ਉਸ ਵਿਚ ਕਾਮ ਸੰਬੰਧਾਂ ਸੰਬੰਧੀ ਅਪ੍ਰਕਿਰਤਕ ਪਹੁੰਚ ਅਪਣਾਉਂਦਾ ਹੈ। ਇਹ ਆਦਰਸ਼ ਸਿਰਫ਼ ਕਲਪਨਾ ਵਿਚ ਮੌਜੂਦ ਹੈ। ਇਸੇ ਲਈ ਇਹ ਪਾਤਰ ਸੁਭਾਵਿਕ ਨਹੀਂ ਲਗਦੇ ਅਤੇ ਨਾ ਹੀ ਉਹ ਲੇਖਕ ਦੀ ਵਿਚਾਰਧਾਰਾ ਦੀ ਉਲੰਘਣਾ ਕਰਦੇ ਹਨ।"

## ਅਧਿਐਨ ਦ੍ਰਿਸ਼ਟੀ ਅਤੇ ਸਮਾਜਕ ਯਥਾਰਥ ਪ੍ਰਤੀ ਸੂਝ

ਡਾ. ਰਜਨੀਸ਼ ਨਿੱਗਰ ਇਤਿਹਾਸਕ ਸੋਝੀ ਅਤੇ ਲੋਕ ਪੱਖੀ ਪ੍ਰਗਤੀਸ਼ੀਲ ਦ੍ਰਿਸ਼ਟੀ ਦੇ ਧਾਰਨੀ ਸਨ ਅਤੇ ਵਿਰੋਧ ਵਿਕਾਸੀ ਪਦਾਰਥਵਾਦ ਵਿਚ ਵਿਸ਼ਵਾਸ ਰੱਖਣ ਵਾਲੇ ਪ੍ਰਬੁੱਧ ਮਾਰਕਸੀ ਚਿੰਤਕ ਸਨ। ਉਹ ਸਾਹਿਤਕ ਰਚਨਾ ਦੇ ਸਮਾਜਕ, ਰਾਜਸੀ, ਆਰਥਿਕ ਸਰੋਕਾਰਾਂ ਨੂੰ ਕੇਂਦਰੀ ਮਹੱਤਵ ਦਿੰਦੇ ਸਨ। ਸਾਹਿਤ ਨੂੰ ਉਹ ਸਮਾਜਕ ਮਨੁੱਖ ਦੀ ਸਮਾਜਕ ਸਰਗਰਮੀ ਦਾ ਬੌਧਿਕ ਤੇ ਸੁਹਜਾਤਮਕ ਪ੍ਰਗਟਾਵਾ ਮੰਨਦੇ ਹਨ ਅਤੇ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਸਾਹਿਤ ਤੇ ਸਮਾਜ ਦਾ ਦਵੰਦਾਤਮਕ ਰਿਸ਼ਤੇ ਵਿਚ ਬੱਝੇ ਹੋਣਾ ਇਕ ਦੂਸਰੇ 'ਤੇ ਮੋੜਵਾਂ ਅਸਰ ਪਾਉਂਦਾ ਹੈ। ਪ੍ਰੇਮ ਪ੍ਰਕਾਸ਼ ਉਨ੍ਹਾਂ ਦੀ ਦ੍ਰਿਸ਼ਟੀ ਬਾਬਤ ਲਿਖਦੇ ਹਨ:

"ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ-ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰੱਥਾ ਹੈ। ਆਪਣੀ ਕਮਾਲ ਦੀ ਯਾਦਸ਼ਕਤੀ, ਤੀਬਰ ਬੁੱਧੀ ਵਿਵੇਕ ਕਰਕੇ ਉਸ ਦੇ ਚਿੰਤਨ ਵਿਚ ਗਹਿਰਾਈ

ਪੈਦਾ ਹੁੰਦੀ ਹੈ।"

ਉਹ ਸਮਾਜਵਾਦੀ ਪਰਿਵਰਤਨਾਂ ਵੱਲ ਸਮਾਜ/ਜੀਵਨ ਨੂੰ ਲੈ ਕੇ ਜਾਣ ਦੀ ਚੇਤਨਾ ਰੱਖਣ ਵਾਲਾ ਲੇਖਕ ਹੈ। ਉਸਦੀ ਪੜਚੋਲਵੀਂ ਤਰਕਸ਼ੀਲ ਦ੍ਰਿਸ਼ਟੀ ਉਸਨੂੰ ਮਾਨਵ ਹਿਤੈਸ਼ੀ ਅਤੇ ਮਾਨਵ ਵਿਰੋਧੀ ਧਿਰਾਂ ਵਿਚ ਨਿਖੇੜਾ ਕਰਨ ਦੇ ਸਮਰੱਥ ਬਣਾਉਂਦੀ ਹੈ। ਪਰ ਉਹ ਸਿਧਾਂਤਾ ਨੂੰ ਥੋਪਣ ਦੀ ਬਜਾਇ ਸਮੇਂ ਨਾਲ ਉਨ੍ਹਾਂ ਵਿਚ ਬਦਲਾਅ ਦਾ ਹਿਤੈਸ਼ੀ ਹੈ, ਸੁਕੀਰਤ ਦਾ ਮੱਤ ਹੈ:-

"ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ, ਜੋ ਨਾ ਸਿਰਫ ਸਿਧਾਂਤਕ ਸੂਝ ਦੇ ਧਨੀ ਹਨ ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ 'ਤੇ ਲਗਾਤਾਰ ਤਿੱਖਿਆਂ ਕਰਨ ਦੇ ਉਪਰਾਲੇ ਵੀ ਕਰਦੇ ਰਹਿੰਦੇ ਹਨ।"

ਉਹ ਨਾ ਸਿਰਫ਼ ਆਪਣੀ ਧਾਰਨਾ ਨੂੰ ਦ੍ਰਿੜਤਾ ਨਾਲ ਪੇਸ਼ ਕਰਦੇ ਹਨ, ਸਗੋਂ ਆਪਣੀਆਂ ਧਾਰਨਾਵਾਂ ਨੂੰ ਪ੍ਰਮਾਣਿਤ ਕਰਨ ਲਈ ਉਹ ਸਮਾਜ ਸਭਿਆਚਾਰਕ ਪਰਿਵੇਸ਼ ਵਿਚੋਂ ਢੁੱਕਵੇਂ ਹਵਾਲੇ ਵੀ ਦਿੰਦੇ ਹਨ ਅਤੇ ਉਨ੍ਹਾਂ ਕੋਲ ਤਰਕਸ਼ੀਲ ਦ੍ਰਿਸ਼ਟੀ ਨਾਲ ਵਿਆਖਿਆ ਕਰ ਸਕਣ ਦਾ ਆਧਾਰ ਵੀ ਮੌਜੂਦ ਹੁੰਦਾ ਹੈ। ਇਹ ਆਧਾਰ ਉਹ ਸਾਹਿਤਕ ਪਰਿਵੇਸ਼ ਅਤੇ ਸਿਰਜਣਾਤਮਕ ਲਿਖਤਾਂ ਵਿਚੋਂ ਪ੍ਰਾਪਤ ਕਰਦੇ ਹਨ। ਕਹਾਣੀ ਵਿਚ ਫਾਲਤੂ ਕਿਸਮ ਦੀ ਬਿਆਨਬਾਜ਼ੀ ਨੂੰ ਨਾ ਸਿਰਫ਼ ਪਾਠਕ ਦੀ ਇਕਾਗਰਤਾ ਨੂੰ ਭੰਗ ਕਰਨ ਵਾਲੀ ਮੰਨਦੇ ਹਨ, ਸਗੋਂ ਅਕਾਊ ਵੇਰਵੇ ਅਤੇ ਅਣਚਾਹੀ ਜਾਣਕਾਰੀ ਉਨ੍ਹਾਂ ਨੂੰ ਪਾਤਰ ਦੀ ਖ਼ੁਦਮੁਖਤਿਆਰੀ ਨੂੰ ਖ਼ਤਮ ਕਰਦੀ ਪ੍ਰਤੀਤ ਹੁੰਦੀ ਹੈ।

ਡਾ. ਰਜਨੀਸ਼ ਦੀ ਸਾਹਿਤ ਚਿੰਤਨ ਪ੍ਰਤਿਭਾ ਬਾਰੇ ਲਿਖਦੇ ਹੋਏ ਡਾ. ਜਸਵਿੰਦਰ ਕਹਿੰਦੇ ਹਨ, "ਡਾ. ਰਜਨੀਸ਼ ਦਾ ਕਹਾਣੀ ਅਧਿਐਨ ਇਹ ਪ੍ਰਮਾਣਿਤ ਕਰਦਾ ਹੈ ਕਿ ਉਹ ਪੰਜਾਬੀ ਕਹਾਣੀ ਦਾ ਗੰਭੀਰ ਪਾਠਕ ਹੈ। ਕਹਾਣੀ ਪਾਠ ਦਾ ਵਿਸ਼ਲੇਸ਼ਣ ਕਰਕੇ ਡਾ. ਰਜਨੀਸ਼ ਨੇ ਪੰਜਾਬੀ ਆਲੋਚਨਾ ਕਾਰਜ ਦੀਆਂ ਪ੍ਰਮੁੱਖ ਵੰਗਾਰਾਂ ਅਤੇ ਸੀਮਾਵਾਂ ਨੂੰ ਉਲੰਘਿਆ ਹੈ ਅਤੇ ਪੰਜਾਬੀ ਸਾਹਿਤ ਵਿੱਚ ਥੋੜ੍ਹੀ ਹੀ ਸਹੀ ਚੱਲੀ ਆ ਰਹੀ ਵਧੀਆ ਪਿਰਤ ਨੂੰ ਅੱਗੇ ਤੋਰਿਆ ਹੈ। ਉਸ ਦੀਆਂ ਸਥਾਪਨਾਵਾਂ ਨਾਲ ਸਹਿਮਤ ਹੋਇਆ ਜਾਵੇ ਜਾਂ ਨਾ, ਪਰ ਉਸਨੇ ਪੰਜਾਬੀ ਸਾਹਿਤ ਆਲੋਚਨਾ ਦੀ ਜ਼ਰੂਰੀ ਪਰ ਬਹੁਤ ਘੱਟ ਪ੍ਰਾਪਤ ਰਵਾਇਤ ਨੂੰ ਅੱਗੇ ਤੋਰਿਆ ਹੈ। ਜਿਸ ਦੇ ਸਦਕੇ ਪੰਜਾਬੀ ਸਾਹਿਤ ਦੀ ਮਾਣਯੋਗ ਸਮਾਜੀ ਸਾਰਥਿਕਤਾ ਅਤੇ ਲੋਕ ਪੱਖੀ ਪੰਜਾਬੀ ਚਿੰਤਨ ਦੀ ਨਵੀਂ ਠੁੱਕ ਅਤੇ ਨਵੀਆਂ ਸੰਭਾਵਨਾਵਾਂ ਵਿੱਚ ਵਿਸ਼ਵਾਸ ਬੱਝਦਾ ਹੈ। ਸਾਨੂੰ ਅਜਿਹੇ ਜ਼ੁੰਮੇਵਾਰ ਸੰਵਾਦਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।"

### ਤਤਕਾਲੀ ਭੱਖਦੇ ਮਸਲਿਆਂ ਪ੍ਰਤਿ ਦ੍ਰਿਸ਼ਟੀਕੋਣ

ਡਾ. ਰਜਨੀਸ਼ ਬਹਾਦਰ ਸਿੰਘ ਨੇ ਅੱਜ ਦੇ ਦੌਰ ਵਿਚ ਭੱਖਦੇ ਮਸਲਿਆਂ ਰਾਸ਼ਟਰਵਾਦ, ਸਮਕਾਲੀ ਚਿੰਤਨ ਦੀ ਸਮੱਸਿਆਵਾਂ, ਕੋਵਿਡ 19, ਪੰਜਾਬੀ ਚਿੰਤਨ ਅਤੇ ਸਿਰਜਣਕਾਰੀ, ਕਿਸਾਨੀ ਸੰਘਰਸ਼, ਹਾਸ਼ੀਆਗਤ ਸਮੂਹਾਂ ਅਤੇ ਘੱਟ ਗਿਣਤੀਆਂ ਦੀ ਚੇਤਨਾ, ਰਾਜਸੀ

ਚਰਚਾਵਾਂ ਆਦਿ ਰਾਸ਼ਟਰੀ ਅੰਤਰਰਾਸ਼ਟਰੀ ਸੰਕਲਪਾਂ ਪ੍ਰਤਿ ਸੁਚੱਜੇ ਢੰਗ ਨਾਲ ਆਪਣਾ ਪੱਖ ਰੱਖਿਆ ਅਤੇ ਸੂਝਵਾਨ ਚਿੰਤਕ ਵਾਲੀ ਪਹੁੰਚ ਅਪਣਾਈ।

ਡਾ. ਰਜਨੀਸ਼ ਰਾਸ਼ਟਰਵਾਦ ਦੇ ਮਸਲੇ ਬਾਬਤ ਚਿੰਤਾ ਜ਼ਾਹਿਰ ਕਰਦੇ ਹਨ ਕਿ ਭਾਰਤ ਵਿਚ ਰਾਸ਼ਟਰਵਾਦ ਨੂੰ ਧਰਮ ਦੇ ਉੱਥਾਨ ਨਾਲ ਜੋੜਿਆ ਜਾ ਰਿਹਾ ਹੈ ਅਤੇ ਆਪਣੇ ਧਰਮ ਦੀ ਸ੍ਰੇਸ਼ਟਤਾ ਰਾਸ਼ਟਰਵਾਦ ਵਿਚ ਪ੍ਰਮੁੱਖ ਮੁੱਦਾ ਬਣ ਕੇ ਉੱਭਰ ਰਿਹਾ ਹੈ। ਉਹ ਭਾਰਤ ਵਿਚਲੇ ਰਾਸ਼ਟਰਵਾਦ ਨੂੰ ਯੂਰਪੀ ਰਾਸ਼ਟਰਵਾਦ ਦੇ ਸੰਕਲਪ ਦੇ ਮੁਕਾਬਲੇ 'ਅਨੁਭਵ ਦੇ ਆਧਾਰ' ਕਾਰਨ ਵੱਖਰਾ ਮੰਨਦੇ ਹਨ। ਉਨ੍ਹਾਂ ਅਨੁਸਾਰ ਜਿੱਥੇ ਯੂਰਪ ਸਨਅਤੀ ਇਨਕਲਾਬ ਤੋਂ ਪਹਿਲਾ ਨਸਲੀ, ਧਾਰਮਿਕ, ਭਾਸ਼ਾਈ ਤੌਰ 'ਤੇ ਬਹੁਤੀਆਂ ਭਿੰਨਤਾਵਾਂ ਦਾ ਧਾਰਨੀ ਨਹੀਂ ਸੀ ਉੱਥੇ ਭਾਰਤ ਵਰਗੇ ਬਹੁ-ਧਰਮੀ, ਬਹੁ-ਨਸਲੀ ਅਤੇ ਬਹੁ ਭਾਸ਼ਾਈ ਦੇਸ਼ ਦਾ ਰਾਸ਼ਟਰਵਾਦ ਯੂਰਪ ਦਾ ਅਨੁਸਰਣ ਨਹੀਂ ਹੋ ਸਕਦਾ।

ਡਾ. ਰਜਨੀਸ਼ ਬਹਾਦਰ ਸਿੰਘ ਦੀ ਸਮਝ ਮੁਤਾਬਿਕ ਭਾਰਤੀ ਰਾਜਨੀਤੀ ਲਾਹੇਵੰਦ ਧੰਦੇ ਵਿਚ ਤਬਦੀਲ ਹੋ ਗਈ ਹੈ। ਚੋਣਾਂ ਦੌਰਾਨ ਕੀਤੇ ਖ਼ਰਚ, ਇਲੈਕਟੋਰਲ ਬਾਂਡਜ਼ ਦੀ ਨਜਾਇਜ਼ ਵਰਤੋਂ, ਜਿੱਤ ਤੋਂ ਬਾਅਦ ਉਸ ਪੈਸੇ ਦੀ ਉਗਰਾਹੀ ਲਈ ਭ੍ਰਿਸ਼ਟ ਤਰੀਕੇ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਦੇਣਦਾਰੀਆਂ/ਵਸੂਲੀਆਂ ਨੂੰ ਉਹ ਭ੍ਰਿਸ਼ਟ ਰਾਜਨੀਤੀ ਦਾ ਪ੍ਰਮੁੱਖ ਕਾਰਣ ਮੰਨਦੇ ਹਨ। ਉਨ੍ਹਾਂ ਦੀ ਸੂਝ ਵਿਚਲੀ ਪ੍ਰੋੜਤਾ, ਵਿਚਾਰਧਾਰਾ ਦੀ ਗਹਿਰਾਈ, ਉਚੇਰੀ ਅਤੇ ਡੂੰਘੇਰੀ ਬੌਧਿਕ ਸਮਰੱਥਾ ਉਨ੍ਹਾਂ ਨੂੰ ਪ੍ਰਤਿਭਾਸ਼ਾਲੀ ਆਲੋਚਕ ਬਣਾਉਂਦੇ ਹਨ।

ਡਾ. ਰਜਨੀਸ਼ ਮਾਰਕਸਵਾਦੀ ਆਲੋਚਨਾ ਦ੍ਰਿਸ਼ਟੀ ਨਾਲ ਪੰਜਾਬੀ ਕਹਾਣੀ ਆਲੋਚਨਾ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਦੀ ਆਲੋਚਨਾ ਵਿਧੀ ਲੇਖਕ ਦੀ ਵਿਚਾਰਧਾਰਕ ਦ੍ਰਿਸ਼ਟੀ ਨੂੰ ਜਮਾਤੀ ਨੁਕਤੇ ਤੋਂ ਪੜਚੋਲਣ ਵਾਲੀ ਹੈ। ਇਸ ਲਈ ਉਨ੍ਹਾਂ ਦਾ ਮੁੱਖ ਬਲ ਵਿਚਾਰਧਾਰਕ ਸਰੋਕਾਰਾਂ 'ਤੇ ਰਹਿੰਦਾ ਹੈ। ਉਨ੍ਹਾਂ ਦੇ ਆਲੋਚਨਾਤਮਕ ਪਾਠਾਂ ਵਿਚ ਸਾਹਿਤਕ ਪਾਠਾਂ ਦੇ ਅਧਿਐਨ ਦੌਰਾਨ ਵਸਤੂਗਤ ਅਧਿਐਨ ਵੱਲ ਝੁਕਾਅ ਮੁਕਾਬਲਤਨ ਵਧੇਰੇ ਨਜ਼ਰ ਆਉਂਦਾ ਹੈ ਅਤੇ ਕਲਾਤਮਕ ਸਰੋਕਾਰ ਕਈ ਵਾਰ ਮਹਿਜ਼ ਟਿੱਪਣੀ ਰੂਪ ਵਿਚ ਹੀ ਨਜ਼ਰ ਆਉਂਦੇ ਹਨ। ਡਾ. ਰਜਨੀਸ਼ ਬਹਾਦਰ ਸਿੰਘ ਦੀ ਮੁੱਲਵਾਨ ਪ੍ਰਾਪਤੀ ਇਹ ਹੈ ਕਿ ਉਹ ਮਹਿਜ਼ ਸਿਧਾਂਤ ਉਸਾਰਨ ਦੀ ਬਜਾਇ ਵਿਹਾਰਕ ਸਮੀਖਿਆ ਦੌਰਾਨ ਵਿਸ਼ਲੇਸ਼ਣ ਅਤੇ ਵਿਆਖਿਆ ਰਾਹੀਂ ਬਿਰਤਾਂਤਕ ਪ੍ਰਵਚਨ ਦਾ ਵਿਲੱਖਣ ਸਰੂਪ ਉਘੇੜਨ ਅਤੇ ਸ਼ਾਸਤਰ ਉਸਾਰੀ ਵੱਲ ਅਗਰਸਰ ਹੋਏ। ਉਨ੍ਹਾਂ ਦੀ ਮਾਰਕਸਵਾਦੀ ਸਿਧਾਂਤ ਪ੍ਰਤਿ ਪ੍ਰਪੱਕ ਅਤੇ ਵਿਸ਼ਾਲ ਸੂਝ, ਉਨ੍ਹਾਂ ਦਾ ਲੋਕ ਹਿਤੈਸ਼ੀ ਅਤੇ ਇਤਿਹਾਸਕ ਵਿਕਾਸ ਪ੍ਰਕਿਰਿਆ ਦੇ ਨਾਲ ਉਸਾਰਿਆ ਤੇ ਵਿਕਸਿਤ ਕੀਤਾ ਚਿੰਤਨ ਅਤੇ ਦ੍ਰਿਸ਼ਟੀਕੋਣ ਉਨ੍ਹਾਂ ਨੂੰ ਸਮਰੱਥ, ਸੂਝਵਾਨ, ਪਾਰਖੂ, ਨਿਡਰ, ਮਿਹਨਤੀ ਅਤੇ ਉਚੇਰੀ ਚਿੰਤਨੀ ਸਮਰੱਥਾ ਵਾਲਾ ਆਲੋਚਕ ਬਣਾਉਂਦਾ ਹੈ। ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਕਹਾਣੀ ਚਿੰਤਨ ਜਗਤ ਦੇ ਉਗਲਾਂ 'ਤੇ ਗਿਣੇ ਜਾ ਸਕਣ ਵਾਲੇ ਚਿੰਤਕਾਂ ਵਿਚੋਂ ਸਨ ਅਤੇ ਉਨ੍ਹਾਂ ਦਾ ਇਸ ਤਰ੍ਹਾਂ ਰੁਖਸਤ ਹੋ ਜਾਣਾ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੈ।

***

# ਡਾ. ਰਜਨੀਸ਼ ਬਹਾਦਰ ਸਿੰਘ ਦੀ ਸਾਹਿਤ ਚਿੰਤਨ ਦ੍ਰਿਸ਼ਟੀ

**(ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ ਪੁਸਤਕ ਦੇ ਆਧਾਰ 'ਤੇ)**

***ਪਵਨ ਕੁਮਾਰ: 9041888921**

ਡਾ. ਰਜਨੀਸ਼ ਬਹਾਦਰ (1957-2022) ਪੰਜਾਬੀ ਸਾਹਿਤ ਚਿੰਤਨ ਦੀ ਇਤਿਹਾਸ ਰੇਖਾ ਵਿਚ ਤੀਸਰੇ ਪੜਾਅ ਦੇ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ ਨਾਲ ਸੰਬੰਧਿਤ ਇਕ ਅਹਿਮ ਹਸਤਾਖ਼ਰ ਹੈ। ਪਹਿਲੇ ਪੜਾਅ ਦੇ ਮਾਰਕਸਵਾਦੀ ਸਾਹਿਤ ਚਿੰਤਨ ਵਿਚ ਪ੍ਰਿੰ. ਸੰਤ ਸਿੰਘ ਸੇਖੋਂ, ਪ੍ਰੋ. ਕਿਸ਼ਨ ਸਿੰਘ, ਨਜ਼ਮ ਹੁਸੈਨ ਸੱਯਦ ਅਤੇ ਡਾ. ਅਤਰ ਸਿੰਘ ਅਜਿਹੇ ਚਿੰਤਕ ਸਨ ਜਿਨ੍ਹਾਂ ਦੇ ਪਰਵੇਸ਼ ਸਦਕਾ ਸਾਹਿਤਕ-ਵਸਤੂ ਵਿਗਿਆਨਕ ਅਧਿਐਨ ਦੀ ਪਿਰਤ ਪਈ। ਪਰੰਤੂ ਰਚਨਾਵਾਂ ਦੇ ਰੂਪਾਤਮਕ ਸੰਗਠਨ ਬਾਰੇ ਇਹ ਕੋਈ ਗੰਭੀਰ ਚਰਚਾ ਨਹੀਂ ਛੇੜ ਪਾਏ। ਇਹ ਬਹਿਰੰਗ ਅਧਿਐਨ ਵਿਧੀ ਤਕ ਹੀ ਮਹਿਦੂਦ ਰਹੇ। ਮਾਰਕਸਵਾਦੀ ਪੰਜਾਬੀ ਆਲੋਚਨਾ ਦੇ ਦੂਜੇ ਪੜਾਅ (ਜਿਸ ਨੂੰ ਨਵ-ਮਾਰਕਸਵਾਦੀ ਪੰਜਾਬੀ ਆਲੋਚਨਾ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ) ਵਿਚ ਡਾ. ਟੀ. ਆਰ. ਵਿਨੋਦ, ਡਾ. ਰਵਿੰਦਰ ਸਿੰਘ ਰਵੀ, ਡਾ. ਤੇਜਵੰਤ ਗਿੱਲ, ਡਾ. ਗੁਰਬਖਸ਼ ਸਿੰਘ ਫਰੈਂਕ, ਡਾ. ਕੇਸਰ ਸਿੰਘ ਕੇਸਰ ਅਤੇ ਜੋਗਿੰਦਰ ਸਿੰਘ ਰਾਹੀ ਵਰਗੇ ਪ੍ਰਬੁੱਧ ਤੇ ਪ੍ਰੋੜ੍ਹ ਚਿੰਤਕ ਸ਼ੁਮਾਰ ਹਨ। ਇਨ੍ਹਾਂ ਚਿੰਤਕਾਂ ਨੇ ਪਹਿਲੇ ਪੜਾਅ ਦੇ ਮਾਰਕਸਵਾਦੀ ਚਿੰਤਨ ਵਿਚ ਕਾਰਜਸ਼ੀਲ ਵੱਥ ਮੂਲਕ ਅਧਿਐਨ ਦੀ ਪ੍ਰਵਿਰਤੀ ਨੂੰ ਸਵੀਕਾਰ ਤਾਂ ਕੀਤਾ, ਪ੍ਰੰਤੂ ਨਾਲ ਹੀ ਆਪਣੇ ਤੋਂ ਪੂਰਬਲੀ ਮਾਰਕਸਵਾਦੀ ਪੰਜਾਬੀ ਆਲੋਚਨਾ ਦਾ ਕੇਵਲ ਵੱਥ ਤਕ ਮਹਿਦੂਦ ਰਹਿ ਜਾਣਾ, ਨੂੰ ਸਿੱਧੇ ਤੌਰ ਉਪਰ ਨਕਾਰਿਆ। ਇਹਨਾਂ ਦੀ ਵਿਰਸੇ ਪ੍ਰਤੀ ਪਹੁੰਚ ਭਾਵੁਕ ਹੋਣ ਦੀ ਥਾਵੇਂ ਤਾਰਕਿਕ ਸੁਭਾਅ ਵਾਲੀ ਸੀ। ਦੂਜੇ ਪੜਾਅ ਦੀ ਮਾਰਕਸਵਾਦੀ ਪੰਜਾਬੀ ਆਲੋਚਨਾ ਨਾਲ ਪ੍ਰਤੀਬੱਧ ਇਨ੍ਹਾਂ ਚਿੰਤਕਾਂ ਨੇ ਵੱਥ ਤੇ ਕੱਥ ਦੋਵਾਂ ਵਿਚਾਲੇ ਇਕ ਤਵਾਜ਼ਨ ਬਣਾਉਣ ਦੇ ਆਹਰ ਵਿੱਚ ਰਚਨਾਵਾਂ ਦੇ ਵਸਤੂ, ਵਿਧੀ, ਵਿਚਾਰਧਾਰਾ ਤੇ ਜੀਵਨ ਦ੍ਰਿਸ਼ਟੀ ਆਦਿ ਬਹੁਪੱਖੀ ਵਿਸ਼ਲੇਸ਼ਣ ਰਾਹੀਂ ਅੰਤਰ-ਅਨੁਸਾਸ਼ਨੀ ਸੁਭਾਅ ਵਾਲੇ ਚਿੰਤਨ ਦਾ ਮੁਹਾਂਦਰਾ ਉਲੀਕਿਆ। ਅੰਤਰ-ਅਨੁਸ਼ਾਸਨੀ ਸੁਭਾਅ ਦੇ ਧਾਰਨੀ ਹੋਣ ਕਾਰਨ ਇਨ੍ਹਾਂ ਚਿੰਤਕਾਂ ਦੇ ਅਧਿਐਨ ਦੇ ਰਸਤੇ ਬੇਸ਼ਕ ਵੱਖੋ-ਵੱਖਰੇ ਸਨ, ਪਰੰਤੂ ਇਨ੍ਹਾਂ ਸਭਨਾਂ ਦਾ ਮਕਸਦ ਇੱਕੋ ਹੀ ਸੀ, ਭਾਵ ਸਮਾਜਵਾਦੀ ਚੇਤਨਾ ਪੈਦਾ ਕਰਨੀ। ਤੀਜੇ ਪੜਾਅ ਦੇ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ ਨਾਲ ਸੰਬੰਧਿਤ ਵੱਖ ਵੱਖ ਚਿੰਤਕ ਜਿਵੇਂ ਸੁਰਜੀਤ ਸਿੰਘ ਭੱਟੀ, ਸੁਰਿੰਦਰ ਕੁਮਾਰ ਦਵੇਸ਼ਵਰ, ਹਰਿਭਜਨ ਸਿੰਘ ਭਾਟੀਆ, ਸੁਖਦੇਵ ਸਿੰਘ, ਰਜਨੀਸ਼ ਬਹਾਦਰ, ਸੁਖਦੇਵ ਸਿੰਘ ਖਾਹਰਾ ਆਦਿ ਨੇ ਆਪਣੇ ਵਿਰਸੇ ਵਿਚਲੇ ਸਾਹਿਤ ਚਿੰਤਨ ਦੀਆਂ ਪੈੜਾਂ ਉੱਪਰ ਚੱਲਦੇ ਹੋਏ ਮਾਰਕਸਵਾਦੀ ਪੰਜਾਬੀ ਸਾਹਿਤ ਚਿੰਤਨ ਨੂੰ ਗੁਣਾਤਮਕ ਅਤੇ ਗਿਣਾਤਮਕ ਦੋਵਾਂ ਕੋਣਾਂ ਤੋਂ ਅਮੀਰ ਕੀਤਾ। ਇਸੇ ਦੌਰ ਵਿੱਚ ਡਾ ਰਜਨੀਸ਼ ਬਹਾਦਰ ਇਕ ਗੌਰਵਸ਼ਾਲੀ ਚਿੰਤਕ ਹੈ, ਜਿਸਨੇ ਆਪਣੇ ਅਧਿਐਨ ਦੇ

*** ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

ਮੁੱਢਲੇ ਕਾਲ ਵਿੱਚ ਗਲਪ ਦੇ ਵਿਸ਼ਲੇਸ਼ਣ ਤੇ ਵਿਵੇਚਨ ਵੱਲ ਖ਼ਾਸ ਰੁਚੀ ਦਿਖਾਈ। ਇਸ ਉਪਰੰਤ ਉਹ ਗਲਪ ਦੇ ਨਾਲ-ਨਾਲ ਸਾਹਿਤ ਦੀਆਂ ਬਾਕੀ ਵਿਧਾਵਾਂ ਨੂੰ ਵੀ ਆਪਣੇ ਅਧਿਐਨ ਦੇ ਘੇਰੇ ਵਿਚ ਲੈ ਆਉਂਦਾ ਹੈ। ਉਸਨੇ ਆਪਣੇ ਵਿਰਸੇ ਵਿਚਲੇ ਮਾਰਕਸਵਾਦੀ ਸਾਹਿਤ ਚਿੰਤਨ ਨਾਲ ਬਰ ਮੇਚਦੇ ਹੋਏ ਮਾਰਕਸਵਾਦੀ ਸਾਹਿਤ-ਸ਼ਾਸਤਰ ਤੋਂ ਅੱਗੇ ਮਾਰਕਸਵਾਦੀ ਸੁਹਜ-ਸ਼ਾਸਤਰ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ। ਆਪਣੇ ਬੌਧਿਕ ਵਿਰਸੇ ਵਿਚੋਂ ਉਹ ਰਵਿੰਦਰ ਸਿੰਘ ਰਵੀ ਤੇ ਜੋਗਿੰਦਰ ਸਿੰਘ ਰਾਹੀ ਵਰਗੇ ਚਿੰਤਕਾਂ ਤੋਂ ਖਾਸਾ ਪ੍ਰਭਾਵਿਤ ਹੁੰਦਾ ਹੋਇਆ, ਇਨ੍ਹਾਂ ਨੂੰ ਆਪਣਾ ਸਮੀਖਿਆ ਆਦਰਸ਼ ਥਾਪਦਾ ਹੈ। ਆਪਣੀ ਇਸੇ ਅਧਿਐਨ ਵਿਧੀ ਨਾਲ ਪ੍ਰਤੀਬੱਧਤਾ ਸਥਾਪਿਤ ਕਰਦੇ ਹੋਏ ਉਸਨੇ ਦੋ ਦਰਜਨ ਦੇ ਕਰੀਬ ਮੌਲਿਕ ਤੇ ਸੰਪਾਦਿਤ ਪੁਸਤਕਾਂ ਲਿਖੀਆਂ ਹਨ। ਗਲਪ-ਅਧਿਐਨ (1999), ਅਜੋਕੀ ਪੰਜਾਬੀ ਕਹਾਣੀ : ਕਥਾ ਪ੍ਰਵਚਨ, ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ, ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ (2010), ਪੰਜਾਬੀ ਕਹਾਣੀ (2017) ਉਸ ਦੀਆਂ ਸਾਹਿਤ ਚਿੰਤਨ ਨਾਲ ਸੰਬੰਧਿਤ ਮੁੱਲਵਾਨ ਮੌਲਿਕ ਪੁਸਤਕਾਂ ਹਨ। ਆਪਣੀ ਪ੍ਰਥਮ ਮੌਲਿਕ ਪੁਸਤਕ ਗਲਪ-ਅਧਿਐਨ ਦੇ ਪ੍ਰਕਾਸ਼ਨ ਤੋਂ ਪਹਿਲਾਂ ਉਹ ਰੀਵਿਊਕਾਰੀ ਦੇ ਖੇਤਰ ਵਿਚ ਖਾਸਾ ਸਰਗਰਮ ਰਹਿੰਦਾ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਸਾਹਿਤ ਚਿੰਤਨ ਦੇ ਖੇਤਰ ਵਿੱਚ ਲਗਾਤਾਰ ਹਰਕਤ ਵਿੱਚ ਰਹਿਣ ਵਾਲੇ ਸਾਹਿਤ ਚਿੰਤਕਾਂ ਵਿਚ ਸ਼ੁਮਾਰ ਹੈ। ਹਰਿਭਜਨ ਸਿੰਘ ਭਾਟੀਆ ਉਸਨੂੰ ਨਵੀਂ ਪੀੜ੍ਹੀ ਦੇ ਸਮਰੱਥ ਮਾਰਕਸਵਾਦੀ ਆਲੋਚਕਾਂ ਵਿੱਚ ਸ਼ੁਮਾਰ ਕਰਦਾ ਹੋਇਆ, ਉਸਦੀ ਅਧਿਐਨ ਵਿਧੀ ਬਾਰੇ ਮੁਖਤਸਰ ਜਿਹੀ ਟਿੱਪਣੀ ਪੇਸ਼ ਕਰਦਾ ਹੈ :

> ਇਸੇ ਕੜੀ ਵਿਚ ਡਾ. ਰਜਨੀਸ਼ ਬਹਾਦਰ ਦੀ ਪੁਸਤਕ ਗਲਪ ਅਧਿਐਨ (1999) ਨੇ ਵੀ ਆਪਣੇ ਅੰਤਰੀਵ ਗੁਣਾਂ ਸਦਕਾ ਪੰਜਾਬੀ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਇਸ ਵਿਚਲੀ ਅਧਿਐਨ ਵਿਧੀ ਦੀ ਖ਼ੂਬੀ "ਪੱਛਮੀ ਨਾਵਲੀ ਸੁਹਜ-ਸ਼ਾਸਤਰ ਦੀ ਸਹਾਇਤਾ ਨਾਲ ਪੰਜਾਬੀ ਨਾਵਲ ਵਿਚਲੀ ਲੋਕ-ਮਾਨਸਿਕਤਾ ਦਾ ਵਿਸ਼ਲੇਸ਼ਣ ਕਰਨ ਵਿੱਚ ਹੈ" ਇਹ ਲੇਖਕ ਦਾ ਦਾਅਵਾ ਹੈ। ਸਮਾਜ-ਸਭਿਆਚਾਰਕ ਸੰਦਰਭ ਅਤੇ ਸਾਹਿਤ ਦਾ ਸਮਾਜਿਕ ਰੋਲ ਦੋ ਅਜਿਹੇ ਮੁੱਦੇ ਹਨ ਜਿਹੜੇ ਉਸਦੇ ਵਿਹਾਰਕ ਅਧਿਐਨਾਂ ਵਿਚ ਮਹੱਤਵ ਗ੍ਰਹਿਣ ਕਰਦੇ ਹਨ।[1]

ਉਪਰੋਕਤ ਟਿੱਪਣੀ ਤੋਂ ਉਸਦੇ ਸਿਧਾਂਤਕ ਤੇ ਵਿਹਾਰਕ ਅਧਿਐਨ ਵਿਚਾਲੇ ਇਕਸਾਰਤਾ ਹੋਣ ਦੀ ਟੋਹ ਪ੍ਰਾਪਤ ਹੁੰਦੀ ਹੈ। ਨਾਲ ਹੀ ਰਜਨੀਸ਼ ਬਹਾਦਰ ਦੇ ਗਲਪ-ਚਿੰਤਨ ਵਿਚਲੀ ਪਾਠ ਤੇ ਪ੍ਰਸੰਗ ਦੀ ਜਿਸ ਸੰਯੁਕਤੀ ਬਾਰੇ ਉਪਰੋਕਤ ਸਾਨੂੰ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸਨੂੰ ਪੰਜਾਬੀ ਦਾ ਸਥਾਪਿਤ ਗਲਪ-ਸ਼ਾਸਤਰੀ ਡਾ. ਟੀ. ਆਰ. ਵਿਨੋਦ ਤਸਦੀਹ ਦਿੰਦਾ ਹੈ। ਆਪਣੇ ਭੂਮਿਕਾ ਨੁਮਾ ਲੇਖ ਵਿਚ ਉਹ ਰਜਨੀਸ਼ ਬਹਾਦਰ ਦੇ ਗਲਪ-ਚਿੰਤਨ ਬਾਰੇ ਲਿਖਦਾ ਹੈ ਕਿ "ਲੇਖਕ ਦਾ ਇਹ ਪੱਕਾ ਪੀਡਾ ਵਿਚਾਰ ਹੈ ਕਿ ਸਾਹਿਤ ਨਿਰਾ ਕਿਤਾਬਾਂ ਤੱਕ ਮਹਿਦੂਦ ਨਹੀਂ ਹੈ, ਇਸਦਾ ਕੋਈ ਸਾਹਿਤ ਬਾਹਰਾ ਪ੍ਰਸੰਗ ਵੀ ਹੁੰਦਾ ਹੈ ਜਿਸ ਵਿੱਚੋਂ ਸਾਹਿਤ ਉਗਮਦਾ ਅਤੇ ਮੋੜਵੇਂ ਪੈਰੀਂ ਉਸ ਉੱਤੇ ਅਸਰ ਅੰਦਾਜ਼ ਹੁੰਦਾ ਹੈ। ਇਉਂ ਕਿਸੇ ਵੀ ਸਾਹਿਤ ਪਾਠ ਦੀ ਪੂਰੀ ਸਮਝ

ਸਾਹਿਤ ਬਾਹਰੀ ਸਮਾਜ ਸੱਭਿਆਚਾਰਕ ਪਰਿਵੇਸ਼ ਦੇ ਪ੍ਰਸੰਗ ਵਿੱਚ ਹੀ ਪੈ ਸਕਦੀ ਹੈ। ਸਾਹਿਤ ਪਾਠ ਇਕ ਪਾਸਿਓਂ ਲੇਖਕ ਰਾਹੀਂ ਅਤੇ ਦੂਜੇ ਪਾਸਿਓਂ ਪਾਠਕ ਰਾਹੀਂ ਇਸ ਪਰਵੇਸ਼ ਨਾਲ ਹਮੇਸ਼ਾ ਜੁੜਿਆ ਰਹਿੰਦਾ ਹੈ। ਸੋ ਸਾਹਿਤ ਸੁਤੰਤਰ ਸਭਿਆਚਾਰਕ ਸਿਰਜਣਾ ਨਹੀਂ ਹੈ, ਸਗੋਂ ਇਹ ਵਿਆਪਕ ਸਭਿਆਚਾਰ ਦਾ ਅਟੁੱਟ ਅੰਗ ਹੈ। ਇਸ ਤੋਂ ਵੀ ਅੱਗੇ ਇਸ ਅੰਗ ਨੂੰ ਰੋਗੀ ਸ਼ਖ਼ਸੀਅਤ ਦਾ ਪ੍ਰਗਟਾਵਾ ਮਾਤਰ ਹੀ ਨਹੀਂ ਹੋਣਾ ਚਾਹੀਦਾ ਸਗੋਂ ਸਮਾਜਿਕ ਪ੍ਰਗਤੀ ਵਿਚ ਸਾਹਿਤ ਵਜੋਂ ਸਿਹਤਮੰਦ ਹਿੱਸਾ ਪਾਉਣ ਵਾਲਾ ਹੋਣਾ ਚਾਹੀਦਾ ਹੈ। ਡਾਕਟਰ ਰਜਨੀਸ਼ ਬਹਾਦਰ ਦੀ ਲਿਖਤ ਦੀਆਂ ਇਹ ਦੋਵੇਂ ਧਾਰਨਾਵਾਂ ਬੁਨਿਆਦੀ ਆਧਾਰ ਹਨ।"[2] ਚਿੰਤਕ ਦੀ ਇਸ ਧਾਰਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਰਜਨੀਸ਼ ਬਹਾਦਰ ਪ੍ਰਤੀਬੱਧ ਮਾਰਕਸਵਾਦੀ ਚਿੰਤਕ ਸੀ ਜੋ ਸਾਹਿਤ ਦੀ ਸਾਹਿਤਕ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਆਪਣੇ ਚਿੰਤਨ ਦੇ ਕੇਂਦਰ ਵਿਚ ਰੱਖਦਾ ਹੈ। ਇਸ ਲਈ ਜਿੱਥੇ ਉਹ ਕਲਾ, ਕਲਾ ਲਈ ਦੀ ਦ੍ਰਿਸ਼ਟੀ ਨਾਲ ਸੰਵਾਦ ਰਚਾਉਂਦਾ ਹੈ ਉਥੇ ਉਹ ਅਖੌਤੀ ਖੱਬੇ ਪੱਖੀ ਵਿਚਾਰਧਾਰਾ ਦੀ ਭੂਮਿਕਾ ਅੰਦਰਲੇ ਕੱਚ ਸੱਚ ਨੂੰ ਵੀ ਬੜੀ ਜੁਰੱਅਤ ਨਾਲ ਪੇਸ਼ ਕਰਦਾ ਹੈ।

ਹਥਲੇ ਮਜ਼ਮੂਨ ਵਿਚ ਅਸੀਂ ਰਜਨੀਸ਼ ਬਹਾਦਰ ਦੀ ਇਕ ਅਹਿਮ ਆਲੋਚਨਾਤਮਕ ਕਿਰਤ ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ ਨਾਲ ਸੰਵਾਦ ਰਚਾਉਣ ਦਾ ਯਤਨ ਕੀਤਾ ਹੈ। ਇਸ ਪੁਸਤਕ ਤੋਂ ਪਹਿਲਾਂ ਉਸ ਦੀਆਂ ਚਾਰ ਮੌਲਿਕ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ ਜੋ ਕਿ ਵਿਧਾ ਦੇ ਨੁਕਤਾ ਨਿਗਾਹ ਤੋਂ ਸ਼ੁੱਧ ਰੂਪ ਵਿੱਚ ਗਲਪ ਦੇ ਅਧਿਐਨ ਨੂੰ ਸਮਰਪਿਤ ਸਨ। ਇਨ੍ਹਾਂ ਪੁਸਤਕਾਂ ਵਿੱਚ ਉਸਦਾ ਬਿੰਬ ਪੰਜਾਬੀ ਦੇ ਸਮਰੱਥ ਗਲਪ ਚਿੰਤਕ ਵਜੋਂ ਸਥਾਪਿਤ ਹੋ ਚੁੱਕਾ ਸੀ। ਪਰੰਤੂ ਵਿਚਾਰਾਧੀਨ ਪੁਸਤਕ ਵਿਚ ਉਹ ਗਲਪ ਚਿੰਤਨ ਦੇ ਸਮਵਿੱਥ ਸਮੁੱਚੇ ਪੰਜਾਬੀ ਸਾਹਿਤ ਨੂੰ ਆਪਣੇ ਚਿੰਤਨ-ਮੰਥਨ ਦੇ ਕਲਾਵੇ ਵਿੱਚ ਲੈ ਲੈਂਦਾ ਹੈ। ਸਾਡੀ ਸਮਝ ਮੁਤਾਬਕ ਇਹ ਰਜਨੀਸ਼ ਬਹਾਦਰ ਦੀ ਵਾਹਦ ਪੁਸਤਕ ਹੈ, ਜਿਸ ਵਿੱਚ ਉਸਨੇ ਵਿਸ਼ੇਸ਼ ਵਿਧਾ ਦੀ ਥਾਵੇਂ ਸੰਪੂਰਨ ਪੰਜਾਬੀ ਸਾਹਿਤਧਾਰਾ ਨੂੰ ਆਪਣੇ ਸੰਵਾਦ ਦਾ ਮਰਕਜ਼ ਬਣਾਇਆ ਹੈ। ਉਸਦੀ ਸਮੁੱਚੀ ਆਲੋਚਨਾ ਯਾਤਰਾ ਵਿਚ ਇਹ ਇਕ ਅਨੂਠੀ ਆਲੋਚਨਾਤਮਕ ਕਿਰਤ ਹੈ। ਇਸ ਤੋਂ ਪਹਿਲਾਂ ਅਤੇ ਬਾਅਦ ਵਿਚ ਉਸਨੇ ਸਮੁੱਚੀ ਸਾਹਿਤਕ ਧਾਰਾ ਦੀ ਆਲੋਚਨਾ ਬਾਰੇ ਕੋਈ ਮੌਲਿਕ ਕਿਰਤ ਨਹੀਂ ਲਿਖੀ। ਗੌਰਤਲਬ ਹੈ ਕਿ ਅਧਿਐਨ-ਵਸਤੂ ਦੇ ਕੋਣ ਤੋਂ ਜੇਕਰ ਇਸ ਪੁਸਤਕ ਨੂੰ ਦੇਖਿਆ ਜਾਵੇ ਤਾਂ ਇਹ ਉਸ ਦੀਆਂ ਬਾਕੀ ਆਲੋਚਨਾਤਮਕ ਪੁਸਤਕਾਂ ਨਾਲੋਂ ਬੇਸ਼ੱਕ ਵੱਖਰੀ ਭਾਂਤ ਦੀ ਹੈ, ਪਰੰਤੂ ਇਸ ਵਿਚਲੀ ਅਧਿਐਨ ਵਿਧੀ ਤੇ ਵਿਚਾਰਧਾਰਾ ਉਸ ਦੀਆਂ ਬਾਕੀ ਪੁਸਤਕਾਂ ਨਾਲ ਸਿਹਤਯਾਬ ਰਿਸ਼ਤਾ ਬਣਾਈ ਰੱਖਦੀ ਹੈ। ਸੋ ਇਸ ਪੁਸਤਕ ਵਿੱਚੋਂ ਗੁਜ਼ਰਿਆਂ ਅਸੀਂ ਇੱਕੋ ਵੇਲੇ ਉਸਦੀ ਸਾਹਿਤ ਚਿੰਤਨ ਯਾਤਰਾ ਨਾਲ ਇਸਦੀ ਸਾਂਝ ਤੇ ਵੱਖਰਤਾ ਨੂੰ ਪਛਾਣ ਸਕਦੇ ਹਾਂ। ਕਿਹਾ ਜਾ ਸਕਦਾ ਹੈ ਕਿ "ਉਹ ਅਜਿਹਾ ਸਮਰੱਥ ਆਲੋਚਕ ਹੈ, ਜਿਸ ਨੂੰ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਸਵੀਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ। ਇਸ ਸਵੀਕਾਰਨ ਸਤਿਕਾਰਨ ਪਿੱਛੇ ਪਹਿਲਾ ਗੁਣ ਉਸਦੀ ਮਾਰਕਸਵਾਦੀ ਸਾਹਿਤ ਸਿਧਾਂਤ ਦੀ ਪਰਪੱਕ ਅਤੇ ਵਿਸ਼ਾਲ ਸਮਝਦਾਰੀ ਹੈ। ਉਸਦੇ ਸਾਹਿਤ ਅਧਿਐਨ ਦਾ ਮੂਲ ਮਾਡਲ

ਮਾਰਕਸਵਾਦੀ ਹੈ, ਪਰ ਉਹ ਮਕਾਨਕੀ ਮਾਰਕਸਵਾਦੀ ਸਮੀਖਿਆ ਤੋਂ ਹਮੇਸ਼ਾ ਦੂਰ ਰਿਹਾ ਹੈ। ਉਸ ਨੇ ਪੰਜਾਬ ਦੀ ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਹਾਲਾਤ ਅਤੇ ਇਤਿਹਾਸਕ ਵਿਕਾਸ ਪ੍ਰਕਿਰਿਆ ਦੇ ਹਵਾਲੇ ਨਾਲ ਆਪਣੇ ਮਾਰਕਸਵਾਦੀ ਚਿੰਤਨ ਨੂੰ ਉਸਾਰਿਆ ਅਤੇ ਵਿਕਸਿਤ ਕੀਤਾ ਹੈ।"[3] ਰਜਨੀਸ਼ ਬਹਾਦਰ ਦੀ ਵਿਚਾਰਾਧੀਨ ਪੁਸਤਕ ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ ਦੇ ਸਿਰਲੇਖ ਤੋਂ ਹੀ ਉਸਦੇ ਮਾਰਕਸਵਾਦੀ ਅਧਿਐਨ ਮਾਡਲ ਅਤੇ ਵਿਚਾਰਧਾਰਾ ਪ੍ਰਤੀ ਪੂਰਨ ਪ੍ਰਤੀਬੱਧਤਾ ਜ਼ਾਹਿਰ ਹੋ ਜਾਂਦੀ ਹੈ।

ਚਿੰਤਕ ਦੀ ਇਹ ਪੰਜਵੀਂ ਮੌਲਿਕ ਆਲੋਚਨਾਤਮਕ ਪੁਸਤਕ ਹੈ। ਇਸ ਪੁਸਤਕ ਵਿਚ ਉਸਦੇ ਪੰਝੀ ਆਲੋਚਨਾਤਮਕ ਲੇਖ ਦਰਜ ਹਨ। ਇਨ੍ਹਾਂ ਲੇਖਾਂ ਵਿਚ ਸੁਭਾਅ ਪੱਖੋਂ ਬਹੁਤ ਵੰਨ-ਸੁਵੰਨਤਾ ਹੈ। ਜੇਕਰ ਇਨ੍ਹਾਂ ਲੇਖਾਂ ਨੂੰ ਸਾਹਿਤ ਅਧਿਐਨ ਦੇ ਵੱਖ ਵੱਖ ਅਨੁਸ਼ਾਸਨਾਂ ਦੇ ਕੋਣ ਤੋਂ ਦੇਖੀਏ ਤਾਂ ਇਨ੍ਹਾਂ ਵਿਚ ਸਾਹਿਤ ਸਿਧਾਂਤ ਤੇ ਸਾਹਿਤ ਆਲੋਚਨਾ ਅਨੁਸ਼ਾਸਨ ਅਗਰ ਭੂਮੀ ਵਿੱਚ ਵਿਚਰਦੇ ਨਜ਼ਰੀਂ ਪੈਂਦੇ ਹਨ। ਇੱਕ ਅੱਧ ਮਜ਼ਮੂਨ ਮੈਟਾ ਆਲੋਚਨਾ ਦੀ ਦ੍ਰਿਸ਼ਟੀ ਤੋਂ ਵੀ ਲਿਖਿਆ ਗਿਆ ਹੈ। ਇਸੇ ਤਰ੍ਹਾਂ ਇਨ੍ਹਾਂ ਲੇਖਾਂ ਵਿਚ ਮੁੱਖਧਾਰਾ ਦੇ ਸਾਹਿਤ ਦੇ ਨਾਲ ਨਾਲ ਉਪ ਮੁੱਖਧਾਰਾ ਦੇ ਸਾਹਿਤ (ਪਰਵਾਸੀ ਪੰਜਾਬੀ ਸਾਹਿਤ) ਨੂੰ ਵੀ ਵਿਸ਼ਲੇਸ਼ਣ ਦਾ ਬਿੰਦੂ ਬਣਾਇਆ ਗਿਆ ਹੈ। ਇਸ ਪੁਸਤਕ ਵਿਚਲੇ ਸਮਗ੍ਰ ਲੇਖਾਂ ਨੂੰ ਦੋ ਖੰਡਾਂ ਸਿੱਧਾਂਤਕਾਰੀ ਅਤੇ ਪੰਜਾਬੀ ਸਾਹਿਤ/ਗਲਪ ਚਿੰਤਨ ਵਿੱਚ ਤਕਸੀਮ ਕਰਕੇ ਸਮਝਿਆ ਜਾ ਸਕਦਾ ਹੈ। ਨਿਰਸੰਦੇਹ ਉਸਦੇ ਸਾਹਿਤ ਚਿੰਤਨ ਵਿਚ ਸਿੱਧਾਂਤ ਤੇ ਵਿਹਾਰ ਦੋਵਾਂ ਦੀ ਹੀ ਬਰਾਬਰ ਦੀ ਕਿਰਿਆਸ਼ੀਲਤਾ ਨਜ਼ਰੀਂ ਪੈਂਦੀ ਹੈ। ਇਸ ਪੁਸਤਕ ਦੇ ਹਰੇਕ ਲੇਖ ਵਿੱਚ ਉਸਦੀ ਸਿਧਾਂਤਕ ਸਮਝ ਤੇ ਇਸ ਸਮਝ ਨੂੰ ਵਿਹਾਰਕ ਅਧਿਐਨ ਰੁਖ ਫੈਲਾਉਣ ਦੀ ਰੁਚੀ ਦ੍ਰਿਸ਼ਟੀਗੋਚਰ ਹੁੰਦੀ ਹੈ ਤਾਂ ਵੀ ਇਸ ਪੁਸਤਕ ਵਿਚ ਤਿੰਨ ਲੇਖ ਅਜਿਹੇ ਹਨ ਜੋ ਸ਼ੁੱਧ ਸਾਹਿਤ ਸਿਧਾਂਤਕਾਰੀ ਨੂੰ ਮੁਖਾਤਿਬ ਹਨ। ਇਸ ਪੁਸਤਕ ਵਿਚਲੇ ਅਗਲੇ ਮਜ਼ਮੂਨ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਤੋਂ ਚੱਲ ਕੇ ਹੌਲੀ ਹੌਲੀ ਵਿਸ਼ੇਸ਼ ਵਿਧਾ ਦੇ ਅਧਿਐਨ ਵੱਲ ਗਤੀ ਕਰਦੇ ਹੋਏ ਇਕ ਲੜੀ ਵਿੱਚ ਪਰੁੱਚੇ ਦਿਸਦੇ ਹਨ। ਇਸਦੀ ਤਹਿ ਹੇਠ ਵਿਰਾਟ ਅਧਿਐਨ ਤੋਂ ਲੈ ਕੇ ਵਾਮਨ ਅਧਿਐਨ ਦੀ ਵਿਧੀ ਕੰਮ ਕਰਦੀ ਹੈ।

ਰਜਨੀਸ਼ ਬਹਾਦਰ ਦੇ ਅਧਿਐਨ ਦਾ ਪ੍ਰਥਮ ਖੰਡ ਸਾਹਿਤ ਸਿਧਾਂਤਕਾਰੀ ਨਾਲ ਤਅੱਲੁਕ ਰੱਖਦਾ ਹੈ। ਸਾਹਿਤ ਸਿਧਾਂਤ ਅਸਲ ਵਿੱਚ ਅਜਿਹੇ ਨਿਯਮਾਂ/ਮਿਆਰਾਂ ਦਾ ਇਕ ਸੰਗਠਨ ਹੁੰਦਾ ਹੈ, ਜਿਸਦੀ ਸਮਝ ਸਦਕਾ ਕੋਈ ਵੀ ਚਿੰਤਕ ਕਿਸੇ ਰਚਨਾ ਵਿਸ਼ੇਸ਼ ਨੂੰ ਨਿਰਖਣ-ਪਰਖਣ ਦਾ ਆਬੂਰ ਹਾਸਲ ਕਰਦਾ ਹੈ। ਰਜਨੀਸ਼ ਬਹਾਦਰ ਨੂੰ ਇਸ ਗੱਲ ਦਾ ਇਲਮ ਸੀ ਕਿ ਸਿਧਾਂਤਕ ਸਮਝ ਤੋਂ ਕੋਰੇ ਰਹਿ ਕੇ ਰਚਨਾਵਾਂ ਦੇ ਵਿਸ਼ਲੇਸ਼ਣ ਬਾਰੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਉਸਦੇ ਹਰ ਮਜ਼ਮੂਨ ਦੇ ਕੇਂਦਰ ਵਿਚ ਇਕ ਵਿਗਿਆਨਕ ਸਿਧਾਂਤਕ ਸਮਝ ਵਿਦਮਾਨ ਰਹਿੰਦੀ ਹੈ। ਇਸ ਪੁਸਤਕ ਵਿਚ "ਵਿਸ਼ਵੀਕਰਨ: ਪ੍ਰੀਭਾਸ਼ਾ ਪਰਿਪੇਖ ਅਤੇ ਪ੍ਰਸੰਗਿਕਤਾ", "ਗਲਪ ਅਧਿਐਨ ਤੇ ਅਧਿਆਪਨ" ਅਤੇ "ਕਹਾਣੀ ਦੇ ਵਿਧਾਗਤ ਸਰੋਕਾਰ" ਅਜਿਹੇ ਮਜ਼ਮੂਨ ਹਨ ਜੋ ਸ਼ੁੱਧ ਸਿਧਾਂਤਕਾਰੀ ਨੂੰ ਹੀ ਮੁਖਾਤਿਬ ਹਨ। ਇਨ੍ਹਾਂ ਤੋਂ ਇਲਾਵਾ ਬਾਕੀ ਬਚਦੇ ਮਜ਼ਮੂਨਾਂ ਦੇ ਕੇਂਦਰ ਵਿਚ ਸਿਧਾਂਤ ਤੇ ਆਲੋਚਨਾ ਅਨੁਸ਼ਾਸਨ ਦੋਵੇਂ ਹੀ ਆਪਣੀ ਸ਼ਕਤੀਸਾਲੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਤਿੰਨਾਂ ਲੇਖਾਂ ਨੂੰ ਉਹ ਮਾਨਵੀ ਸੰਘਰਸ਼, ਦਵੰਦਵਾਦੀ

ਪਦਾਰਥਵਾਦੀ, ਇਤਿਹਾਸ, ਆਧੁਨਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਕ ਆਦਿ ਦੀ ਮਦਦ ਨਾਲ ਉਸਾਰਦਾ ਹੈ। ਇਸੇ ਕਰਕੇ ਉਸਦੀ ਪੱਕੀ ਧਾਰਨਾ ਹੈ ਕਿ "ਕੋਈ ਵੀ ਸੰਕਲਪ ਠੋਸ ਪਦਾਰਥਕ ਹਾਲਾਤ ਵਿਚੋਂ ਪੈਦਾ ਹੁੰਦਾ ਹੈ। ਇਹ ਸੰਕਲਪ ਜਦੋਂ ਚਰਚਾ ਵਿੱਚ ਆਉਂਦਾ ਹੈ ਤਾਂ ਉਸਦੇ ਉਨ੍ਹਾਂ ਤੱਤਾਂ ਦੀ ਨਿਸ਼ਾਨਦੇਹੀ ਹੁੰਦੀ ਹੈ, ਜਿਹੜੇ ਉਸਨੂੰ ਦੂਜੇ ਸੰਕਲਪਾਂ ਤੋਂ ਵੱਖਰਿਆਉਂਦੇ ਹਨ। ਇਹ ਵੱਖਰਤਾ ਉਸ ਸੰਕਲਪ ਦੀ ਪ੍ਰੀਭਾਸ਼ਾ ਦਾ ਆਧਾਰ ਬਣਦੀ ਹੈ"[4] ਸਪੱਸ਼ਟ ਹੋ ਜਾਂਦਾ ਹੈ ਕਿ ਚਿੰਤਕ ਮੁਤਾਬਿਕ ਹਰ ਸੰਕਲਪ ਦਾ ਇਕ ਪ੍ਰਤੱਖ/ਦਿਸਦਾ/ਪਦਾਰਥਕ ਵਜੂਦ ਜ਼ਰੂਰ ਹੁੰਦਾ ਹੈ। ਉਸਦਾ ਇਹੀ ਵਜੂਦ ਅੱਗੋਂ ਬਾਕੀ ਖੇਤਰਾਂ ਵਿੱਚ ਪ੍ਰਵੇਸ਼ ਕਰਦਾ ਹੈ। ਵਿਸ਼ਵੀਕਰਨ ਦੇ ਸੰਕਲਪ ਨੂੰ ਵੀ ਉਹ ਇਸੇ ਨਜ਼ਰੀਏ ਤੋਂ ਪਰਿਭਾਸ਼ਿਤ ਕਰਦਾ ਹੋਇਆ ਇਸਦੇ ਬਾਤਿਨ ਧਰਾਤਲ ਵਿਚ ਕਾਰਜਸ਼ੀਲ ਤੱਤਾਂ ਦੀ ਉਹ ਮਹਿਜ਼ ਨਿਸ਼ਾਨਦੇਹੀ ਹੀ ਨਹੀਂ ਕਰਦਾ ਬਲਕਿ ਉਸਦੇ ਮਾਨਵੀ ਸਮਾਜ ਉੱਤੇ ਪਏ ਨਾਕਾਰਾਤਮਕ ਅਤੇ ਸਾਕਾਰਾਤਮਕ ਅਸਰ ਨੂੰ ਵੀ ਸਾਹਮਣੇ ਲਿਆਉਂਦਾ ਹੈ। ਵਿਸ਼ਵੀਕਰਨ ਦੇ ਸਮੁੱਚੇ ਵਰਤਾਰੇ ਨੂੰ ਉਹ ਮਾਰਕਸਵਾਦੀ ਵਿਚਾਰਧਾਰਾ ਦੀ ਟੇਕ ਲੈ ਕੇ ਹੀ ਵਿਸ਼ਲੇਸ਼ਿਤ ਕਰਦਾ ਹੈ। ਇਸੇ ਕਰਕੇ ਉਹ ਇਸਦੇ ਕੇਂਦਰ ਵਿੱਚ ਅੰਨ੍ਹੀ ਮਾਇਆ ਦੀ ਖੇਡ ਨੂੰ ਕਿਰਿਆਸ਼ੀਲ ਹੁੰਦੇ ਪਛਾਣਦਾ ਹੈ। ਇੱਥੇ ਉਹ ਸਾਮਰਾਜਵਾਦ ਅਤੇ ਸਮਾਜਵਾਦ ਦੋ ਵਿਰੋਧੀ ਧਿਰਾਂ ਨੂੰ ਪਛਾਣਦਾ ਹੋਇਆ, ਵਿਸ਼ਵੀਕਰਨ ਦੇ ਸੰਕਲਪ ਨੂੰ ਸਾਮਰਾਜੀ ਨੀਤੀ ਦੀ ਪੈਦਾਇਸ਼ ਪ੍ਰਵਾਨਦਾ ਹੈ। ਉਹ ਇਸ ਸੰਕਲਪ ਨੂੰ ਨਿੱਜੀਕਰਨ ਤੇ ਵਪਾਰੀਕਰਨ ਦੀ ਲੱਗੀ ਬੇਰੋਕ ਦੌੜ ਨਾਲ ਨੱਥੀ ਕਰਦਾ ਹੋਇਆ ਇਸਨੂੰ ਅਵਾਮ ਵਿਰੋਧੀ ਸੰਕਲਪ ਸਿੱਧ ਕਰਦਾ ਹੈ। ਸੂਚਨਾ ਤਕਨਾਲੋਜੀ ਅਤੇ ਪੂੰਜੀਵਾਦ (ਜਿਸ ਕਰਕੇ ਉਦਾਰੀਕਰਨ, ਨਿੱਜੀਕਰਨ ਅਤੇ ਵਪਾਰੀਕਰਨ ਵਰਗੇ ਵਰਤਾਰੇ ਹੋਂਦ ਵਿੱਚ ਆਏ) ਤੇ ਮੰਡੀਕਰਨ ਦਾ ਵਿਸਥਾਰ ਆਦਿ ਅਜਿਹੇ ਤੱਤ ਹਨ ਜੋ ਬਿਨ੍ਹਾਂ ਕਿਸੇ ਰੋਕ ਦੇ ਖੁੱਲ੍ਹਮ-ਖੁੱਲ੍ਹੇ ਵਿਸ਼ਵੀਕਰਨ ਦੇ ਸੰਕਲਪ ਅੰਦਰ ਕਿਰਿਆਸ਼ੀਲ ਹਨ। ਉਸਦਾ ਮੰਨਣਾ ਹੈ ਕਿ:

ਵਿਸ਼ਵੀਕਰਨ ਦਾ ਵਰਤਾਰਾ ਵਿਕਸਿਤ ਦੇਸ਼ਾਂ ਵੱਲੋਂ ਪੂੰਜੀ, ਵਸਤਾਂ, ਸੂਚਨਾ ਅਤੇ ਪ੍ਰਚਾਰ ਸਾਧਨਾਂ ਨੂੰ ਪਾਰ ਰਾਸ਼ਟਰੀ ਹੱਦਾਂ ਤਕ ਲੈ ਜਾਂਦਾ ਹੈ। ਇਸਦਾ ਪਹਿਲਾ ਪੜਾਅ ਉਦਾਰੀਕਰਨ ਦਾ ਹੈ। ਇਸ ਰਾਹੀਂ ਵਿਕਾਸਸ਼ੀਲ ਦੇਸ਼ਾਂ ਨੂੰ ਪਰੰਪਰਾਗਤ ਆਰਥਿਕਤਾ ਤੋਂ ਮੁਕਤ ਕਰਨਾ ਹੈ। ਇਸ ਵਿਚ ਉਦਾਰੀਕਰਨ ਰਾਹੀਂ ਨਿੱਜੀਕਰਨ ਲਈ ਰਾਹ ਪੱਧਰਾ ਕਰਨਾ ਸੀ। ਸਰਕਾਰੀ ਅਦਾਰਿਆਂ ਦੇ ਬਰਾਬਰ ਵਧੀਆ ਸੇਵਾਵਾਂ ਦੇਣ ਦੇ ਭਰਮਜਾਲ ਨੇ ਲੋਕਾਂ ਅੰਦਰ ਨਿੱਜੀ ਅਦਾਰਿਆਂ ਪ੍ਰਤੀ ਭਰੋਸੇਯੋਗਤਾ ਪੈਦਾ ਕੀਤੀ। ਇਸ ਸਥਿਤੀ ਵਿਚੋਂ ਵਿਸ਼ਵੀਕਰਨ ਦੀ ਸਥਿਤੀ ਸਾਹਮਣੇ ਆਈ, ਜਿਸਦੇ ਸਿੱਟੇ ਵਜੋਂ ਪਛੜੇ ਦੇਸ਼ਾਂ ਦੀਆਂ ਸਰਕਾਰਾਂ ਪਬਲਿਕ ਸੈਕਟਰ ਤੋਂ ਬਾਹਰ ਆ ਰਹੀਆਂ ਹਨ।[5]

ਨਿਰਸੰਦੇਹ ਮੰਡੀ, ਮੁਕਾਬਲੇ ਤੇ ਮੁਨਾਫ਼ੇ ਨਾਲ ਜੁੜਿਆ ਹੋਣ ਕਰਕੇ ਵਿਸ਼ਵੀਕਰਨ ਦਾ ਸੰਕਲਪ ਖੇਤੀ, ਸਹਾਇਕ ਧੰਦਿਆਂ ਅਤੇ ਘਰੇਲੂ ਉਦਯੋਗਾਂ ਉੱਪਰ ਮਾਰੂ ਅਸਰ ਪਾ ਰਿਹਾ ਹੈ। ਇਸ ਰਾਹੀਂ ਉਹ ਮਨੁੱਖੀ ਸੋਚ, ਕਲਾ ਤੇ ਸਿੱਖਿਆ ਦੇ ਦਿਨ ਪ੍ਰਤੀ ਦਿਨ ਹੋ ਰਹੇ ਵਪਾਰੀਕਰਨ ਦੀ ਮਾਰੂ ਪ੍ਰਵਿਰਤੀ ਦੀ ਸ਼ਨਾਖ਼ਤ ਕਰਦਾ ਹੋਇਆ, ਇਸਨੂੰ ਪਬਲਿਕ ਸੈਕਟਰ ਤੇ ਇਸ ਨਾਲ ਜੁੜੇ ਆਮ ਮਨੁੱਖ ਲਈ ਸਭ ਤੋਂ ਵੱਧ ਖ਼ਤਰਨਾਕ ਗਰਦਾਨਦਾ ਹੈ। ਰਾਜਨੀਤੀ ਵਿੱਚੋਂ ਲੋਕਤੰਤਰ

ਦਾ ਖਾਤਮਾ, ਸਮੂਹਿਕ ਸੰਘਰਸ਼ਾਂ ਦਾ ਖਾਤਮਾ, ਵਿਅਕਤੀਵਾਦੀ ਸੋਚ ਵਿੱਚ ਉਭਾਰ, ਸਭਿਆਚਾਰਕ-ਮੁੱਲਾਂ ਦਾ ਖਾਤਮਾ, ਇਸ਼ਤਿਹਾਰਬਾਜ਼ੀ ਅਤੇ ਦੇਹ ਵਪਾਰ ਦਾ ਬੇਰੋਕ ਫੈਲਾਓ ਆਦਿ ਉਸਨੂੰ ਵਿਸ਼ਵੀਕਰਨ ਦੇ ਮਾਰੂ ਪ੍ਰਭਾਵ ਨਜਰੀਂ ਪੈਂਦੇ ਹਨ। ਇਸਦੇ ਮੁਕਾਬਲੇ ਉਸਨੇ ਵਿਸ਼ਵੀਕਰਨ ਦੇ ਸਾਕਾਰਾਤਮਕ ਪ੍ਰਭਾਵਾਂ ਬਾਰੇ ਜੋ ਵਿਚਾਰ ਪੇਸ਼ ਕੀਤੇ ਹਨ, ਉਹ ਘੱਟ ਸਥਾਈ ਹਨ। ਨਿਰਸੰਦੇਹ ਉਸਨੇ ਇਸ ਲੇਖ ਵਿੱਚ ਵਿਸ਼ਵੀਕਰਨ ਸੰਕਲਪ ਨੂੰ ਬੜੇ ਵਿਗਿਆਨਕ ਜ਼ਾਵੀਏ ਤੋਂ ਵਿਸ਼ਲੇਸ਼ਿਤ ਕੀਤਾ ਹੈ। ਪਰੰਤੂ ਸਾਹਿਤ ਦੇ ਕੋਣ ਤੋਂ ਵੇਖਿਆਂ ਇਹ ਲੇਖ ਸਾਹਿਤ ਬਾਹਰੀ ਸੰਦਰਭਾਂ ਪ੍ਰਤੀ ਉਲਾਰ ਜ਼ਰੂਰ ਹੈ। ਤਾਂ ਵੀ ਇਸ ਲੇਖ ਵਿੱਚ ਉਸਦੀ ਵਿਚਾਰਧਾਰਾ ਮਾਰਕਸਵਾਦੀ ਅਤੇ ਦ੍ਰਿਸ਼ਟੀ ਦੇ ਕੇਂਦਰ ਵਿੱਚ ਮਾਨਵਵਾਦ ਜ਼ਰੂਰ ਰਹਿੰਦਾ ਹੈ।

"ਗਲਪ ਅਧਿਐਨ ਤੇ ਅਧਿਆਪਨ" ਲੇਖ ਵਿਚ ਵੀ ਉਹ ਪਰਿਵਰਤਨ ਨੂੰ ਲਾਜ਼ਮੀ ਤਸਲੀਮ ਕਰਦਾ ਹੋਇਆ ਅਕਾਦਮਿਕ ਖੇਤਰ ਨੂੰ ਸਮਾਜਿਕ ਗਤੀਸ਼ੀਲਤਾ ਨਾਲ ਨੱਥੀ ਕਰਦਾ ਹੈ। ਉਹ ਵਰਤਮਾਨ ਅਕਾਦਮਿਕਤਾ ਨੂੰ ਜਦੋਂ ਸਾਮਰਾਜੀ ਬਸਤੀਵਾਦ ਦੇ ਪ੍ਰਭਾਵ ਅਧੀਨ ਕਿਰਿਆਸ਼ੀਲ ਪ੍ਰਵਾਨਦਾ ਹੈ ਤਾਂ ਉਸ ਸਮੇਂ ਉਸਦੇ ਵਿਚਾਰਾਂ ਉੱਪਰ ਡਾ. ਰਵਿੰਦਰ ਸਿੰਘ ਰਵੀ ਦੇ ਚਿੰਤਨ ਦਾ ਪ੍ਰਤੱਖ ਪ੍ਰਭਾਵ ਨਜ਼ਰੀਂ ਪੈਂਦਾ ਹੈ। ਉਸਨੂੰ ਪੰਜਾਬੀ ਅਕਾਦਮਿਕ ਜਗਤ ਵਧੇਰੇ ਕਰਕੇ ਸੰਕਟਸ਼ੀਲ ਸਥਿਤੀਆਂ ਵਿਚ ਘਿਰਿਆ ਨਜਰੀਂ ਪੈਂਦਾ ਹੈ। ਉਸਦਾ ਇਹ ਵਿਚਾਰ ਸਵੀਕਾਰਨ ਯੋਗ ਹੈ ਕਿ ਵਰਤਮਾਨ ਅਕਾਦਮਿਕ ਜਗਤ ਵਿੱਚ ਅਧਿਆਪਕ ਤੇ ਵਿਦਿਆਰਥੀ ਵਿਚਾਲੇ ਸੰਵਾਦ ਦੀ ਅਣਹੋਂਦ ਹੋਣ ਕਾਰਨ ਇਹ ਰਿਸ਼ਤਾ ਮਕੈਨਕੀ ਸੁਭਾਅ ਵਾਲਾ ਹੋ ਗਿਆ ਹੈ ਅਤੇ ਇਸ ਵਿੱਚ ਮਾਨਸਿਕ ਤੰਗਦਿਲੀ ਦਾ ਆਲਮ ਪੈਦਾ ਹੋ ਚੁੱਕਾ ਹੈ। ਉਸਨੂੰ ਵਰਤਮਾਨ ਸਮੇਂ ਦਾ ਅਧਿਐਨ ਤੇ ਅਧਿਆਪਨ ਦਾ ਕਾਰਜ ਤਰਕਹੀਣਤਾ ਦਾ ਸ਼ਿਕਾਰ ਹੋਇਆ ਨਜ਼ਰੀਂ ਪੈਂਦਾ ਹੈ ਅਤੇ ਇਸਦੀ ਵੱਡੀ ਕਮਜ਼ੋਰੀ ਡਾਇਲਾਗ ਦੀ ਥਾਵੇਂ ਮੋਨੋਲਾਗ ਦਾ ਕੇਂਦਰ ਵਿੱਚ ਆ ਜਾਣਾ ਹੈ। ਚਿੰਤਕ ਦਾ ਮੰਨਣਾ ਹੈ ਕਿ "ਇੱਥੋਂ ਤਕ ਟੈਕਸਟ ਨੂੰ ਪੜ੍ਹਣ, ਮੁਲੰਕਣ ਕਰਨ ਅਤੇ ਵਿਦਿਆਰਥੀਆਂ ਨਾਲ ਨੁਕਤੇ ਸਾਂਝੇ ਕਰਨ ਦਾ ਪੈਟਰਨ ਵੀ ਇਸੇ ਮਾਨਸਿਕਤਾ ਵਿੱਚੋਂ ਪੈਦਾ ਹੋ ਰਿਹਾ ਹੈ। ਭਰੀ ਕਲਾਸ ਵਿੱਚ ਅਧਿਆਪਕ ਆਪਣਾ ਭਾਸ਼ਨ ਇਸੇ ਪੈਟਰਨ 'ਤੇ ਸ਼ੁਰੂ ਕਰਦਾ ਹੈ ਅਤੇ ਵਿਦਿਆਰਥੀ ਆਪਣੇ ਮਨ ਵਿੱਚ ਬਿਨਾਂ ਕੋਈ ਸਮਾਨੰਤਰ ਤਰਕ ਸਿਰਜੇ ਸ਼ਰਧਾ ਵੱਸ ਭਾਸ਼ਣ ਨੂੰ ਗ੍ਰਹਿਣ ਕਰਦੇ ਹਨ। ਇਸ ਸਥਿਤੀ ਵਿਚ ਤਰਕ ਵਿਤਰਕ ਸਿਰਜਣ ਦਾ ਕੋਈ ਮਾਹੌਲ ਨਹੀਂ ਪੈਦਾ ਹੁੰਦਾ। ਸੀਮਤ ਸਮਾਂ, ਰਜਿਸਟਰ ਵਿੱਚ ਹਾਜ਼ਰੀ ਦਾ ਇੰਦਰਾਜ਼ ਕਈ ਵਾਰੀ ਵਿਦਿਆਰਥੀਆਂ 'ਤੇ ਮਾਨਸਿਕ ਦਾਬੇ ਦਾ ਕਾਰਨ ਬਣਦਾ ਹੈ। ਅਧਿਆਪਕ ਤੇ ਵਿਦਿਆਰਥੀਆਂ ਦਾ ਸੰਬੰਧ ਸਿਰਜਣਾਤਮਕ ਹੋਣ ਦੀ ਥਾਂ ਮਕੈਨੀਕਲ ਹੁੰਦਾ ਹੈ। ਇਹੀ ਪੈਟਰਨ ਲਗਭਗ ਸਾਰੇ ਅਨੁਸ਼ਾਸਨਾਂ ਉੱਤੇ ਲਾਗੂ ਕੀਤਾ ਜਾਂਦਾ ਹੈ। ਸਾਹਿਤ ਦੀ ਹਰ ਵਿਧਾ ਪੜ੍ਹਾਉਣ ਸਮੇਂ ਲਗਭਗ ਇਹੀ ਪੈਟਰਨ ਵਰਤਿਆ ਜਾਂਦਾ ਹੈ। ਗਲਪ, ਵਾਰਤਕ, ਕਵਿਤਾ, ਨਾਟਕ, ਸਾਹਿਤ ਦਾ ਇਤਿਹਾਸ, ਆਲੋਚਨਾ ਅਤੇ ਭਾਸ਼ਾ ਵਿਗਿਆਨ ਆਦਿ ਪੜ੍ਹਾਉਂਦੇ ਸਮੇਂ ਇਕੋ ਫਾਰਮੂਲਾ ਲਾਗੂ ਕੀਤਾ ਜਾਂਦਾ ਹੈ। ਇਹੀ ਮੋਨੋਲਾਗ ਦੀ ਵਿਧੀ ਅਜੋਕੇ ਸਮੇਂ ਤਕ ਪ੍ਰਚੱਲਿਤ ਹੈ।"[6] ਇਸ ਉਪਰੰਤ ਉਹ ਗਲਪ ਅਧਿਆਪਨ ਲਈ ਵਰਤੇ ਜਾਂਦੇ ਤਿੰਨ ਤਰੀਕਿਆਂ (ਅਧਿਆਪਕ ਦਾ ਨੋਟਸ ਤਿਆਰ ਕਰਕੇ ਵਿਦਿਆਰਥੀਆਂ ਨੂੰ ਪੜ੍ਹ ਕੇ ਬੋਲ ਕੇ ਲਿਖਾਉਣਾ,

ਵਿਦਿਆਰਥੀਆਂ ਵਿਚ ਨੋਟਸ ਵੰਡਣਾ, ਪੇਪਰ ਨਾਲ ਜੁੜੇ ਵੱਖ ਵੱਖ ਪੱਖਾਂ ਨੂੰ ਵਿਦਿਆਰਥੀਆਂ ਵਿਚ ਵੰਡਕੇ ਨੋਟਸ ਤਿਆਰ ਕਰਨ ਲਈ ਕਹਿਣਾ) ਦੀ ਡੂੰਘੀ ਪਰਖ-ਪੜਚੋਲ ਕਰਕੇ ਇਨ੍ਹਾਂ ਨੂੰ ਲਗਭਗ ਮਕਾਨਕੀ ਸਿੱਧ ਕਰਦਾ ਹੈ। ਉਸਨੂੰ ਵਰਤਮਾਨ ਅਕਾਦਮਿਕਤਾ ਉੱਪਰ ਵੀ ਮੰਡੀ ਦਾ ਪੂਰਾ ਦਬਦਬਾ ਨਜ਼ਰੀਂ ਪੈਂਦਾ ਹੈ, ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀਆਂ ਦਾ ਟੈਕਸਟ ਪੜ੍ਹਨ ਤੋਂ ਗੁਰੇਜ਼ ਕਰਨਾ, ਗਾਈਡਾਂ ਵਰਤਣਾ ਅਤੇ ਗੁਣਾਤਮਕਤਾ ਦੀ ਥਾਵੇਂ ਗਿਣਤੀ ਨੂੰ ਅਹਿਮੀਅਤ ਦੇਣਾ ਆਦਿ ਵਰਗੇ ਰੁਝਾਨ ਭਾਰੂ ਪੈਂਦੇ ਜਾਪਦੇ ਹਨ। ਰਜਨੀਸ਼ ਬਹਾਦਰ ਦਾ ਇਹ ਅਧਿਐਨ ਵੀ ਮਾਰਕਸਵਾਦੀ ਮਾਡਲ ਦੇ ਮਤੀਹ ਵਿਚਰਦਾ ਹੈ। ਦਰਅਸਲ ਇਸ ਸਾਰੇ ਲੇਖ ਵਿੱਚ ਉਹ ਕਿਰਤ ਤੇ ਆਰਥਿਕ ਲੁੱਟ ਨੂੰ ਰੋਕਣਾ ਚਾਹੁੰਦਾ ਹੈ। ਇਸੇ ਕਰਕੇ ਉਹ ਅਧਿਐਨ ਤੇ ਅਧਿਆਪਨ ਦੀਆਂ ਕੇਵਲ ਸੀਮਾਵਾਂ ਨੂੰ ਹੀ ਪੇਸ਼ ਨਹੀਂ ਕਰਦਾ ਬਲਕਿ ਇਸ ਵਿੱਚ ਸਮੇਂ ਅਨੁਸਾਰ ਪੈਦਾ ਹੋਈਆਂ ਡਿਜੀਟਲ ਤਕਨੀਕਾਂ ਨੂੰ ਵਰਤਣ, ਸਿਲੇਬਸਾਂ ਨੂੰ ਸਮੇਂ ਦੇ ਹਾਣੀ ਬਣਾਉਣ ਅਤੇ ਪੱਛਮੀ ਸਿਧਾਂਤਾਂ ਦੇ ਆਰੋਪਣ ਦੀ ਥਾਵੇਂ ਪੂਰਬੀ ਕਾਵਿ-ਸ਼ਾਸਤਰ ਨੂੰ ਅਹਿਮੀਅਤ ਦੇਣਾ ਆਦਿ ਸੁਝਾਅ ਦੇ ਕੇ ਸੰਕਟਮਈ ਸਥਿਤੀ ਦੇ ਪਰਿਵਰਤਨ ਲਈ ਸੰਭਾਵਨਾ ਪੈਦਾ ਕਰਦਾ ਹੈ। ਆਪਣੇ ਅਗਲੇ ਸਿਧਾਂਤਕ ਲੇਖ "ਕਹਾਣੀ ਦੇ ਵਿਧਾਗਤ ਸਰੋਕਾਰ" ਵਿੱਚ ਉਹ ਕਹਾਣੀ ਨੂੰ ਮਨੁੱਖੀ ਸੰਘਰਸ਼ ਦੀ ਗਾਥਾ ਸਵੀਕਾਰਦਾ ਹੈ। ਇਸ ਵਿਚ ਉਹ ਉਪਰੋਕਤ ਲੇਖ ਵਾਂਗ ਹੀ ਪੱਛਮ ਦੇ ਸਿਧਾਂਤਾਂ ਦੀ ਅੰਨ੍ਹੀ ਵਰਤੋਂ ਕਰਨ ਤੋਂ ਗੁਰੇਜ਼ ਕਰਦਾ ਹੋਇਆ ਪੰਜਾਬੀ ਦੇ ਮੌਲਿਕ ਗਲਪ-ਸ਼ਾਸਤਰ ਦੀ ਤਲਾਸ਼ ਵਿੱਚ ਹੈ। ਇਸੇ ਕਰਕੇ ਉਸਦਾ ਵਿਚਾਰ ਹੈ ਕਿ "ਅਸੀਂ ਕਹਾਣੀ ਦੇ ਗਲਪ ਸ਼ਾਸਤਰ ਦੀ ਤਲਾਸ਼ ਲੋਕ ਕਹਾਣੀ ਵਿਚੋਂ ਕਰਨ ਦੀ ਥਾਂ ਪੱਛਮੀ ਸ਼ਾਸਤਰ ਵਿੱਚੋਂ ਕੀਤੀ। ਹੁਣ ਇਹ ਇਕ ਇਤਿਹਾਸਕ ਲੋੜ ਬਣ ਚੁੱਕੀ ਹੈ। ਅਜੋਕੀ ਕਹਾਣੀ ਨੂੰ ਇਸੇ ਕਾਲ-ਕ੍ਰਮ ਵਿੱਚ ਹੀ ਸਮਝਣਾ ਪਏਗਾ, ਇਸਦੇ ਕਾਰਨ ਭਾਰਤੀ ਸਮਾਜਿਕ-ਆਰਥਿਕ ਵਿਕਾਸ ਦੀ ਗਤੀ ਵਿੱਚ ਮੌਜੂਦ ਹਨ। ਅਜੋਕੀ ਪੰਜਾਬੀ ਕਹਾਣੀ ਸਿਰਜਣਾ ਦੇ ਨਵੇਂ ਪ੍ਰਤੀਮਾਨ ਸਿਰਜ ਕੇ ਪੰਜਾਬੀ ਕਹਾਣੀ ਦੇ ਸੁਹਜ ਲਈ ਭੂਮੀ ਤਿਆਰ ਕਰ ਰਹੀ ਹੈ। ਪ੍ਰੰਤੂ ਮਸਲਾ ਇਸ ਭੂਮੀ ਵਿੱਚੋਂ ਤਿਆਰ ਹੋਈ ਫਸਲ ਦੀ ਪਛਾਣ ਦਾ ਹੈ।"[7] ਪੱਛਮ ਦੇ ਮੁਕਾਬਲੇ ਉਹ ਪੂਰਬ (ਖਾਸ ਕਰਕੇ ਪੰਜਾਬੀ ਜਗਤ ਵਿੱਚ ਹੋਈ ਕਹਾਣੀ ਬਾਰੇ ਚਰਚਾ) ਨੂੰ ਜ਼ਿਆਦਾ ਗੰਭੀਰ ਗਰਦਾਨਦਾ ਹੈ। ਆਪਣੇ ਇਸ ਮੱਤ ਦੀ ਪ੍ਰੋੜ੍ਹਤਾ ਉਹ ਸੰਤ ਸਿੰਘ ਸੇਖੋਂ, ਡਾ ਹਰਿਭਜਨ ਸਿੰਘ, ਡਾ ਅਤਰ ਸਿੰਘ, ਡਾ ਗੁਰਲਾਲ ਸਿੰਘ, ਡਾ. ਟੀ. ਆਰ. ਵਿਨੋਦ, ਡਾ ਗੁਰਬਖਸ਼ ਸਿੰਘ ਫਰੈਂਕ, ਡਾ ਧਨਵੰਤ ਕੌਰ, ਡਾ ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ ਅਤੇ ਜੋਗਿੰਦਰ ਸਿੰਘ ਰਾਹੀ ਦੇ ਨਿੱਕੀ ਕਹਾਣੀ ਸੰਬੰਧੀ ਪੇਸ਼ ਕੀਤੇ ਆਪੋ-ਆਪਣੇ ਵਿਚਾਰਾਂ ਦੇ ਹਵਾਲੇ ਦੇ ਕੇ ਕਰਦਾ ਹੈ। ਇਨ੍ਹਾਂ ਚਿੰਤਕਾਂ ਦੁਆਰਾ ਪਛਾਣੇ ਗਏ ਨਿੱਕੀ ਕਹਾਣੀ ਦੇ ਤੱਤਾਂ ਨੂੰ ਉਹ ਮਕੈਨਕੀ ਦੀ ਥਾਵੇਂ ਗਤੀਸ਼ੀਲ ਵਰਤਾਰੇ ਦੇ ਧਾਰਨੀ ਮੰਨਦਾ ਹੈ। ਉਹ ਜਦੋਂ ਨਿੱਕੀ ਕਹਾਣੀ ਦੀ ਵਿਧਾ ਦੇ ਹੋਂਦ ਵਿੱਚ ਆਉਣ ਨੂੰ ਇਤਿਹਾਸਕ-ਸਮਾਜਿਕ ਪਰਿਸਥਿਤੀਆਂ ਨਾਲ ਮੇਚ-ਮਾਪ ਕੇ ਵੇਖਦਾ ਹੈ, ਤਾਂ ਉਸ ਸਮੇਂ ਉਹ ਸੇਖੋਂ ਦੇ ਵਿਚਾਰਾਂ ਨੂੰ ਫੈਲਾਓ ਪ੍ਰਦਾਨ ਕਰਦਾ ਨਜ਼ਰੀਂ ਪੈਂਦਾ ਹੈ। ਉਸਦਾ ਮੰਨਣਾ ਹੈ ਕਿ "ਕਹਾਣੀ ਦੀ ਵਿਧਾ ਦੇ ਹੋਂਦ ਵਿੱਚ ਆਉਣ ਦੇ ਕਾਰਨ ਹੋਰ ਵਰਤਾਰਿਆਂ ਵਿੱਚ ਵੀ ਮੌਜੂਦ ਸਨ। ਕਿਉਂਕਿ ਸਾਹਿਤ ਦੀ ਹਰ ਵਿਧਾ ਇਕ ਵਿਸ਼ੇਸ਼ ਇਤਿਹਾਸਕ ਦੌਰ ਦੀਆਂ ਪ੍ਰਸਥਿਤੀਆਂ

ਵਿੱਚੋਂ ਉਪਜਦੀ ਹੈ। ਕਹਾਣੀ ਵਿਧਾ ਦੇ ਸ਼ਾਸਤਰੀਆਂ ਨੇ ਇਨ੍ਹਾਂ ਤੱਤਾਂ ਦੀ ਪਛਾਣ ਵੀ ਕੀਤੀ ਹੈ। ਇਨ੍ਹਾਂ ਵਿੱਚੋਂ ਇੱਕ ਤੱਤ ਲੋਕਰਾਜੀ ਉਦਾਰਵਾਦੀ ਵਿਵਸਥਾ ਨਾਲ ਜੁੜਿਆ ਹੋਇਆ ਹੈ। ਸੰਸਾਰ ਵਿੱਚ ਸਨਅਤੀ ਇਨਕਲਾਬ ਨੇ ਲੋਕਤੰਤਰੀ ਵਿਵਸਥਾ ਨੂੰ ਮਜ਼ਬੂਤ ਕੀਤਾ ਕਿਉਂਕਿ ਸਨਅਤ ਦੇ ਵਿਕਾਸ ਲਈ ਇਹ ਜ਼ਰੂਰੀ ਸੀ। ਇਸ ਵਿਵਸਥਾ ਨੇ ਵਿਸ਼ੇਸ਼ ਵਿਅਕਤੀ ਨੂੰ ਕੇਂਦਰ ਵਿਚ ਵਿੱਚੋਂ ਪਾਸੇ ਧੱਕ ਦਿੱਤਾ। ਇਸਦੀ ਥਾਂ ਸਾਧਾਰਨ ਵਿਅਕਤੀ ਨੇ ਲੈ ਲਈ। ਇਸ ਸਾਧਾਰਨ ਮਨੁੱਖ ਦਾ ਜੀਵਨ ਸਾਧਾਰਨ ਘਟਨਾਵਾਂ ਨਾਲ ਭਰਿਆ ਸੀ। ਨਿੱਕੀ ਕਹਾਣੀ ਸਾਧਾਰਨ ਮਨੁੱਖ ਦੀ ਸਾਧਾਰਨਤਾ ਨੂੰ ਕਾਇਮ ਰੱਖਦੀ ਹੈ। ਇਸ ਸਾਧਾਰਨਤਾ ਦੀ ਪਛਾਣ ਨਾਲ ਹੀ ਵਿਅਕਤੀਵਾਦ ਉੱਭਰ ਕੇ ਸਾਹਮਣੇ ਆਉਂਦਾ ਹੈ। ਆਧੁਨਿਕ ਯੁੱਗ ਵਿੱਚ ਜਿੱਥੇ ਵਿਅਕਤੀ ਦਾ ਮਹੱਤਵ ਵਧਿਆ, ਉੱਥੇ ਮਨੁੱਖ ਸਮੂਹਿਕਤਾ ਤੋਂ ਵੀ ਟੁੱਟਣਾ ਸ਼ੁਰੂ ਹੋਇਆ। ਹੁਣ ਉਸਨੇ ਦੈਵੀ ਸ਼ਕਤੀਆਂ ਦੀ ਥਾਂ ਆਪਣੀ ਸ਼ਕਤੀ ਨੂੰ ਵੀ ਪਛਾਣਨਾ ਸ਼ੁਰੂ ਕਰ ਦਿੱਤਾ। ਵਿਅਕਤੀਵਾਦ ਨੇ ਮਨੁੱਖ ਨੂੰ ਉਸਦੀ ਹੋਂਦ ਦਾ ਅਹਿਸਾਸ ਕਰਾਇਆ। ਪਹਿਲਾਂ ਉਹ ਵਿਅਕਤੀ ਵਿਸ਼ੇਸ਼ ਰਾਹੀਂ ਹੀ ਆਪਣੀਆਂ ਦੱਬੀਆਂ ਮਨੋ-ਭਾਵਨਾਵਾਂ ਨੂੰ ਸੰਤੁਸ਼ਟ ਕਰਦਾ ਸੀ। ਪ੍ਰੰਤੂ ਹੁਣ ਉਹ ਆਪਣੀਆਂ ਭਾਵਨਾਵਾਂ ਦੀ ਸੰਤੁਸ਼ਟੀ ਦਾ ਮਾਡਲ ਉਹ ਆਪ ਹੀ ਬਣ ਗਿਆ।"[8] ਕੁੱਲ ਮਿਲਾ ਕੇ ਉਹ ਨਿੱਕੀ ਕਹਾਣੀ ਦੇ ਉਪਜਣ ਤੇ ਵਿਗਸਣ ਦੀ ਪ੍ਰਕਿਰਿਆ ਨੂੰ ਵਿਰੋਧ-ਵਿਕਾਸੀ ਨਿਯਮ ਰਾਹੀਂ ਹੀ ਸਮਝਦਾ ਹੈ।

ਰਜਨੀਸ਼ ਬਹਾਦਰ ਦੇ ਸਾਹਿਤ ਚਿੰਤਨ ਦਾ ਅਗਲਾ ਖੰਡ ਸਮੁੱਚੇ ਸਾਹਿਤ ਦੇ ਵਿਹਾਰਕ ਅਧਿਐਨ ਨਾਲ ਸਬੰਧਿਤ ਹੈ। ਇਨ੍ਹਾਂ ਲੇਖਾਂ ਵਿੱਚ ਉਸਦੇ ਅਧਿਐਨ ਦੇ ਪੈਟਰਨ ਵਿਚ ਰਾਜਸੀ-ਸਿਆਸੀ ਸਰੋਕਾਰ ਕੇਂਦਰੀ ਸਥਾਨ ਗ੍ਰਹਿਣ ਕਰ ਜਾਂਦੇ ਹਨ। ਪਹਿਲੇ ਲੇਖ "ਸਾਮਰਾਜ, ਸੱਭਿਆਚਾਰਕ-ਰਾਸ਼ਟਰਵਾਦ ਅਤੇ ਸਾਹਿਤ" ਵਿਚ ਉਹ ਅੰਗਰੇਜ਼ਾਂ ਦੀ ਬਸਤੀਵਾਦੀ ਨੀਤੀ ਤੇ ਸਾਮਰਾਜੀ ਸੋਚ ਨੂੰ ਲੋਕਤੰਤਰ ਤੇ ਧਰਮ ਨਿਰਪੱਖਤਾ ਲਈ ਖ਼ਤਰਾ ਦੱਸਦਾ ਹੈ। ਇੱਥੇ ਉਹ ਗ਼ੁਲਾਮੀ ਤੇ ਆਜ਼ਾਦੀ ਦੇ ਵਿਰੋਧੀ ਜੁੱਟ ਸਿਰਜਦਾ ਹੋਇਆ, ਮਾਨਵੀ ਆਜ਼ਾਦੀ ਦੇ ਪੱਖ ਵਿਚ ਖੜ੍ਹੋਂਦਾ ਹੈ। ਬੇਸ਼ੱਕ ਉਹ ਖ਼ੁਦ ਵੀ ਖੱਬੇ ਪੱਖੀ ਵਿਚਾਰਧਾਰਾ ਦਾ ਧਾਰਨੀ ਸੀ ਪਰੰਤੂ ਬਸਤੀਵਾਦੀ ਦੌਰ ਵਿਚ ਖੱਬੇ ਪੱਖੀਆਂ ਦੀ ਭੂਮਿਕਾ ਉੱਤੇ ਵੀ ਉਂਗਲ ਧਰਨ ਤੋਂ ਗੁਰੇਜ਼ ਨਹੀਂ ਕਰਦਾ। ਉਸਦੀ ਪੱਕੀ ਪੀਡੀ ਧਾਰਨਾ ਹੈ ਕਿ ਸਾਹਿਤ ਸਮਾਜ ਵਿੱਚੋਂ ਹੀ ਜਨਮਦਾ ਹੈ। ਗ਼ੁਲਾਮੀ ਦੇ ਦੌਰ ਦੀ ਕਵਿਤਾ ਵਿਚ ਨਾਅਰੇ ਦਾ ਭਾਰੂ ਹੋਣਾ ਤੇ ਸਾਹਿਤਕਤਾ ਦਾ ਕਮਜ਼ੋਰ ਹੋਣਾ ਵਰਗੇ ਵਿਚਾਰ ਪੇਸ਼ ਕਰਕੇ ਉਹ ਆਪਣੇ ਤਾਰਕਿਕ ਦ੍ਰਿਸ਼ਟੀ ਦੇ ਧਾਰਨੀ ਹੋਣ ਦਾ ਪ੍ਰਮਾਣ ਦਿੰਦਾ ਹੈ। ਉਹ ਭਾਈ ਵੀਰ ਸਿੰਘ ਦੇ ਸਾਹਿਤ ਵਿੱਚੋਂ ਮੱਧਵਰਗੀ ਨਾਇਕ, ਸਿੱਖ ਧਰਮ ਨੂੰ ਸ੍ਰੇਸ਼ਟ ਮੰਨਣ ਵਾਲੀ ਬਿਰਤੀ, ਪੰਜਾਬੀਅਤ ਦੀ ਥਾਵੇਂ ਸੰਪਰਦਾਇਕ ਸਾਹਿਤ ਸਿਰਜਣਾ ਆਦਿ ਰੁਝਾਨਾਂ ਦੀ ਪਛਾਣ ਕਰਕੇ ਉਸਦੇ ਸਾਹਿਤ ਨੂੰ ਸਾਮਰਾਜ ਦੇ ਹਿੱਤ ਵਿੱਚ ਭੁਗਤਣ ਵਾਲਾ ਸਿੱਧ ਕਰਦਾ ਹੈ। ਵੀਰ ਸਿੰਘ ਦੇ ਮੁਕਾਬਲੇ ਉਹ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਫ਼ੀਰੋਜ਼ਦੀਨ ਸਰਫ਼ ਨੂੰ ਪੰਜਾਬੀ ਕੌਮੀਅਤ ਦੇ ਵਾਹਕ ਸਵੀਕਾਰਦਾ ਹੈ। ਇੱਥੇ ਉਸਦੇ ਅਧਿਐਨ ਦੀ ਸੀਮਾ ਇਹ ਹੈ ਕਿ ਉਹ ਵੀਰ ਸਿੰਘ ਦੇ ਪ੍ਰਕਿਰਤੀ ਚਿਤਰਨ ਦੇ ਸਰੂਪ ਨੂੰ ਕਿਧਰੇ ਵੀ ਤਸਰੀਹ ਨਹੀਂ ਦਿੰਦਾ। ਸਗੋਂ ਇਸਨੂੰ ਸਮਾਜਿਕਤਾ ਦੇ ਪੈਮਾਨੇ ਉੱਪਰ ਹੀ ਪਰਖਦਾ। ਡਾ. ਰਵਿੰਦਰ ਸਿੰਘ ਰਵੀ ਵਾਂਗ ਉਹ ਵੀ ਭਾਈ

ਵੀਰ ਸਿੰਘ ਨੂੰ ਸਿੱਖ ਬੁਰਜੂਆਜ਼ੀ ਜਮਾਤ ਦਾ ਪ੍ਰਤੀਨਿਧ ਗਰਦਾਨਦਾ ਹੈ।[9] "ਸੁਹਜ-ਸ਼ਾਸਤਰ ਅਤੇ ਪੰਜਾਬੀ ਸੁਹਜ-ਸ਼ਾਸਤਰ" ਵਿਚ ਉਹ ਇਸ ਸੰਕਲਪ ਨੂੰ ਗੋਚਰ ਜਗਤ ਨਾਲ ਜੋੜਦਾ ਹੋਇਆ, ਇਸਨੂੰ ਪਰਿਵਰਤਨਸ਼ੀਲਤਾ ਦਾ ਧਾਰਨੀ ਮੰਨਦਾ ਹੈ। ਉਹ ਜਦੋਂ ਇਹ ਆਖਦਾ ਹੈ ਕਿ "ਭਾਵਨਾਵਾਂ ਦੀ ਅਭਿਵਿਅਕਤੀ ਦੀ ਤਰਤੀਬ ਵਿੱਚੋਂ ਸੁਹਜ ਪੈਦਾ ਹੁੰਦਾ ਹੈ। ਭਾਵਨਾਵਾਂ ਦੀ ਅਭਿਵਿਅਕਤੀ ਲਈ ਵਿਅਕਤੀ ਵੱਖੋ-ਵੱਖਰੇ ਕਲਾਤਮਕ ਰੂਪਾਂ ਦੀ ਸਿਰਜਣਾ ਕਰਦਾ ਹੈ। ਇਹ ਕਲਾਤਮਕ ਰੂਪ ਵਿਅਕਤੀ ਤੇ ਪ੍ਰਕਿਰਤੀ ਅਤੇ ਵਿਅਕਤੀ ਤੇ ਸਮਾਜ ਦੇ ਦਵੰਦਾਤਮਕ ਰਿਸ਼ਤੇ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਇਹ ਸੋਧ ਪ੍ਰਕਿਰਿਆ ਨੂੰ ਲੈ ਕੇ ਸੁਹਜ ਸ਼ਾਸਤਰ ਦਾ ਗਿਆਨ ਅਤੇ ਇਸ 'ਤੇ ਆਧਾਰਿਤ ਪ੍ਰਤੀਮਾਨ ਸਨਅਤੀ ਇਨਕਲਾਬ ਤੋਂ ਬਾਅਦ ਪੈਦਾ ਹੋਈ ਚੇਤਨਾ 'ਤੇ ਆਧਾਰਿਤ ਗਿਆਨ ਦਾ ਸਿੱਟਾ ਹਨ।"[10] ਤਾਂ ਇਸ ਵੇਲੇ ਉਹ ਮਾਰਕਸਵਾਦੀ ਸੁਹਜ-ਸ਼ਾਸਤਰ ਦੀ ਹੀ ਤਾਮੀਰ ਕਰਦਾ ਨਜਰੀਂ ਪੈਂਦਾ ਹੈ। ਇਸੇ ਕਰਕੇ ਉਹ ਸੁਹਜ ਨੂੰ ਅਸਾਧਾਰਨਤਾ ਦੀ ਥਾਵੇਂ ਸਮਾਜਿਕ ਹੋਂਦ ਭਾਵ ਸਾਧਾਰਨ ਜੀਵਨ ਵਿੱਚੋਂ ਪੈਦਾ ਹੋਇਆ ਸੰਕਲਪ ਮੰਨਦਾ ਹੈ। ਨਿਰਸੰਦੇਹ ਇੱਥੇ ਉਹ ਸੁਹਜ-ਸ਼ਾਸਤਰ ਨੂੰ ਜੀਵਨ ਨਾਲ ਨੱਥੀ ਕਰਕੇ ਦੇਖਦਾ ਹੈ। ਦਰਅਸਲ ਇੱਥੇ ਉਹ ਕਹਿਣਾ ਚਾਹੁੰਦਾ ਹੈ ਕਿ ਸਾਹਿਤਕਾਰ ਕੋਲ ਜਿਸ ਕਿਸਮ ਦਾ ਜੀਵਨ ਅਨੁਭਵ ਹੋਵੇਗਾ, ਉਸੇ ਆਧਾਰ ਉੱਪਰ ਉਹ ਆਪਣਾ ਮੌਲਿਕ ਸੁਹਜ ਸਿਰਜੇਗਾ। ਇਥੇ ਉਹ ਵੱਖ-ਵੱਖ ਪ੍ਰਵਿਰਤੀਆਂ ਅਧੀਨ ਸਿਰਜੇ ਗਏ ਸਾਹਿਤ ਦੇ ਸੁਹਜ ਨੂੰ ਪ੍ਰਵਿਰਤੀਆਂ ਨਾਲ ਜੁੜੇ ਸਿਰਜਕਾਂ ਦੇ ਆਪੋ-ਆਪਣੇ ਅਨੁਭਵ ਨਾਲ ਜੋੜਦਾ ਹੈ। ਚਿੰਤਕ ਦੇ ਇਸ ਲੇਖ ਵਿਚਲੀ ਸਿਧਾਂਤਕ ਚਰਚਾ ਬਹੁਤ ਪੀਡੀ ਹੈ, ਪਰੰਤੂ ਵਿਹਾਰਕ ਅਧਿਐਨ ਵੇਲੇ ਉਸਦਾ ਅਧਿਐਨ ਕਾਰਜ ਰਿਵਿਊਕਾਰ ਦੀ ਪ੍ਰਕਿਰਤੀ ਵਾਲਾ ਹੋ ਜਾਂਦਾ ਹੈ। ਅਜਿਹੇ ਸਮੇਂ ਉਸਦਾ ਅਧਿਐਨ ਡੂੰਘਾ ਹੋਣ ਦੀ ਥਾਵੇਂ ਸਤਹੀ ਧਰਾਤਲ ਉੱਪਰ ਤੈਰਦਾ ਨਜਰੀਂ ਪੈਂਦਾ ਹੈ। "ਭਗਤ ਸਿੰਘ: ਸ਼ਖ਼ਸੀਅਤ, ਸਿਆਸਤ ਅਤੇ ਸਾਹਿਤ" ਵਿਚ ਉਹ ਭਗਤ ਸਿੰਘ ਦੇ ਜੀਵਨ, ਸਿਆਸੀ ਅਨੁਭਵ ਅਤੇ ਉਸਦੇ ਜੀਵਨ ਸੰਬੰਧੀ ਪ੍ਰਾਪਤ ਹੁੰਦੇ ਸਾਹਿਤ ਨੂੰ ਬੜੇ ਵਿਗਿਆਨਕ ਜ਼ਾਵੀਏ ਤੋਂ ਪਰਖਦਾ ਹੈ। ਜਦੋਂ ਭਗਤ ਸਿੰਘ ਦੀ ਉਮਰ ਦਰ ਉਮਰ ਸੋਚ ਵਿੱਚ ਹੁੰਦੇ ਵਿਕਾਸ ਨੂੰ ਪਰਖਦਾ ਹੈ ਤਾਂ ਇਸ ਸਮੇਂ ਉਹ ਮਾਰਕਸਵਾਦ ਵਿਚਲੇ ਪਰਿਵਰਤਨ ਦੇ ਨਿਯਮ ਵਿੱਚੋਂ ਹੀ ਸੇਧ ਲੈ ਰਿਹਾ ਹੁੰਦਾ ਹੈ। ਉਹ ਭਗਤ ਸਿੰਘ ਦੀ ਸਮਾਜਵਾਦੀ ਵਿਚਾਰਧਾਰਾ ਦਾ ਪੱਖ ਪੂਰਦਾ ਹੋਇਆ ਉਸਦੇ ਹਥਿਆਰਬੰਦ ਇਨਕਲਾਬ ਦੇ ਪੱਖ ਵਿੱਚ ਨਾ ਖੜ੍ਹੇ ਹੋਣ ਦੀ ਨਵੇਕਲੀ ਧਾਰਨਾ ਪੇਸ਼ ਕਰਦਾ ਹੈ। ਇਸਦੇ ਨਾਲ ਹੀ ਉਹ ਭਗਤ ਸਿੰਘ ਤੇ ਗਾਂਧੀ ਨੂੰ ਇੱਕੋ ਸੋਚ ਦੇ ਧਾਰਨੀ ਸਿੱਧ ਕਰਕੇ ਦੋਵਾਂ ਦੀ ਵਿਚਾਰਧਾਰਾ ਵਿੱਚ ਇੱਕ ਸਾਂਝ ਸਥਾਪਿਤ ਕਰਨ ਦਾ ਯਤਨ ਕਰਦਾ ਹੈ। ਉਸਦੇ ਇਸ ਅਧਿਐਨ ਦੀ ਪ੍ਰਾਪਤੀ ਇਹ ਹੈ ਕਿ ਜਿੱਥੇ ਉਹ ਭਗਤ ਸਿੰਘ ਦੀ ਸ਼ਖ਼ਸੀਅਤ ਦੇ ਗਿਆਨਮਈ ਗੁਣਾਂ ਨੂੰ ਸਾਹਮਣੇ ਲਿਆਉਂਦਾ ਹੈ, ਉੱਥੇ ਉਹ ਭਗਤ ਸਿੰਘ ਦੀ ਅਲਪ ਸਮਝ ਨੂੰ ਵੀ ਪੇਸ਼ ਕਰਨ ਤੋਂ ਗੁਰੇਜ਼ ਨਹੀਂ ਕਰਦਾ। ਮਸਲਨ ਮੱਧਕਾਲੀ ਸਾਹਿਤ ਵਿਚੋਂ ਗੁਰੂ ਨਾਨਕ ਅਤੇ ਕਬੀਰ ਦੀਆਂ ਕਾਵਿ-ਤੁਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਣ ਦੀ ਕੁਤਾਹੀ ਕਰਨਾ, ਭਗਤ ਸਿੰਘ ਦੀ ਸੀਮਾ ਹੈ, ਜਿਸਨੂੰ ਪਛਾਣ ਕੇ ਨਿਰਸੰਦੇਹ ਉਹ ਭਗਤ ਸਿੰਘ ਦੀ ਬੁੱਤਪ੍ਰਸਤੀ ਨਹੀਂ ਕਰਦਾ। ਭਗਤ ਸਿੰਘ ਸੰਬੰਧੀ ਪ੍ਰਾਪਤ ਕਵਿਤਾ ਵਿੱਚੋਂ ਉਹ ਭਗਤ ਸਿੰਘ ਦੇ ਬਿੰਬ (ਭਾਵੁਕ,

ਵਿਚਾਰਧਾਰਕ, ਸ਼ਹੀਦੀ, ਗਾਂਧੀ ਤੇ ਭਗਤ ਸਿੰਘ ਦੀ ਵਿਚਾਰਧਾਰਕ ਸਾਂਝ) ਦੀ ਤਲਾਸ਼ ਕਰਦਾ ਹੈ। ਇਸ ਵਿੱਚੋਂ ਉਹ ਗਾਂਧੀ ਅਤੇ ਭਗਤ ਸਿੰਘ ਦੀ ਵਿਚਾਰਧਾਰਕ ਸਾਂਝ ਵਾਲੀ ਕਵਿਤਾ ਨੂੰ ਪ੍ਰਮਾਣਿਕ ਇਸ ਕਰਕੇ ਸਵੀਕਾਰਦਾ ਹੈ ਕਿਉਂਕਿ ਇਸ ਵਿੱਚ ਵਿਰੋਧ ਦੀ ਥਾਵੇਂ ਸੰਵਾਦ ਨੂੰ ਅਹਿਮੀਅਤ ਦਿੱਤੀ ਗਈ ਹੈ। ਇਹ ਕਵਿਤਾ ਉਸਨੂੰ ਮਾਨਵੀ ਸੰਵੇਦਨਾ ਦੀ ਸਾਂਝ ਵਾਲੀ ਜਾਪਦੀ ਹੈ। ਚਿੰਤਕ ਦੇ ਇਸ ਅਧਿਐਨ ਦੀ ਸੀਮਾ ਇਹ ਹੈ ਕਿ ਇਥੇ ਉਹ ਸਮੁੱਚੇ ਸਾਹਿਤ ਦੀ ਥਾਵੇਂ ਮਹਿਜ਼ ਕਵਿਤਾ ਤਕ ਮਹਿਦੂਦ ਰਹਿ ਜਾਂਦਾ ਹੈ। "ਜੇਲ੍ਹਾਂ ਵਿੱਚ ਲਿਖੇ ਸਾਹਿਤ ਦੇ ਮੁੱਖ ਸਰੋਕਾਰ" ਲੇਖ ਵਿਚ ਉਹ ਇਸ ਸਾਹਿਤ ਰਾਹੀਂ ਜੇਲ੍ਹ ਦੀ ਸਥਿਤੀ ਦਾ ਕੌੜਾ ਸੱਚ ਸਾਹਮਣੇ ਲੈ ਕੇ ਆਉਂਦਾ ਹੈ। ਉਹ ਵਾਰਤਕ, ਚਿੱਠੀਆਂ, ਡਾਇਰੀ, ਨਿੱਕੀ ਕਹਾਣੀ ਤੇ ਕਵਿਤਾ ਦੇ ਗੰਭੀਰ ਮੁਤਾਲਿਆ ਰਾਹੀਂ, ਜੇਲ੍ਹ ਵਿਚ ਜ਼ਿਆਦਾਤਰ ਹੁੰਦੇ ਅਣਮਨੁੱਖੀ ਵਤੀਰੇ ਨੂੰ ਹੰਘਾਲ ਕੇ ਬਾਹਰ ਲਿਆਉਂਦਾ ਹੈ। ਉਸਦੇ ਇਸ ਅਧਿਐਨ ਦੀ ਦ੍ਰਿਸ਼ਟੀ ਬੇਸ਼ੱਕ ਮਾਨਵਵਾਦੀ ਹੈ ਪਰ ਇਹ ਅਧਿਐਨ ਵੀ ਵਿਚਾਰਧਾਰਾ ਤਰਫ਼ ਪੂਰੀ ਤਰ੍ਹਾਂ ਉਲਾਰ ਹੋ ਜਾਂਦਾ ਹੈ। "ਦਲਿਤ ਜੀਵਨ: ਚਿੰਤਨ, ਸਿਆਸਤ ਅਤੇ ਸਾਹਿਤ" ਲੇਖ ਵਿਚ ਉਹ ਭਾਰਤੀ ਦਲਿਤਾਂ ਦੇ ਜੀਵਨ ਤੋਂ ਲੈ ਕੇ ਸਾਹਿਤ ਵਿੱਚ ਇਨ੍ਹਾਂ ਦੇ ਜੀਵਨ ਦੀ ਪੇਸ਼ਕਾਰੀ ਤਕ ਦਾ ਸਫ਼ਰ ਤੈਅ ਕਰਦਾ ਹੈ। ਉਸਦਾ ਮੰਨਣਾ ਹੈ ਕਿ ਭਾਰਤ ਵਿੱਚ ਜਾਤੀ ਪ੍ਰਥਾ ਦੇ ਫੈਲਣ ਦਾ ਸਭ ਤੋਂ ਵੱਡਾ ਕਾਰਨ ਬ੍ਰਾਹਮਣਵਾਦੀ ਸੋਚ ਹੈ। ਉਹ ਬਾਹਰੀ ਹਮਲਾਵਰਾਂ ਦੇ ਭਾਰਤ ਉੱਪਰ ਕਾਬਜ਼ ਹੋਣ ਦਾ ਸਭ ਤੋਂ ਵੱਡਾ ਕਾਰਨ ਜਾਤੀ ਪ੍ਰਥਾ ਨੂੰ ਹੀ ਮੰਨਦਾ ਹੈ। ਭਾਰਤ ਦੇ ਸ਼ੂਦਰਾਂ ਨੂੰ ਮਾਨਵਵਾਦੀ ਦ੍ਰਿਸ਼ਟੀ ਤੋਂ ਦੇਖਦਾ ਹੋਇਆ ਉਹ ਆਖਦਾ ਹੈ ਕਿ ਭਾਰਤ ਦੇ ਸ਼ੂਦਰਾਂ ਦੀ ਹਾਲਤ ਵਿਸ਼ਵ ਵਿੱਚ ਸਭ ਤੋਂ ਵੱਧ ਤ੍ਰਾਸਦਿਕ ਹੈ। ਉਹ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਦ੍ਰਿਸ਼ਟੀ ਤੋਂ ਮੱਧਕਾਲੀ ਪੰਜਾਬੀ ਸਾਹਿਤ ਦਾ ਇਨਕਲਾਬੀ ਵਿਸ਼ਲੇਸ਼ਣ ਕਰਦਾ ਹੋਇਆ ਇਸ ਸਿੱਟੇ ਉੱਪਰ ਪਹੁੰਚਦਾ ਹੈ ਕਿ ਇਸ ਸਮੇਂ ਦਾ ਜਨਤਕ ਵਿਦਰੋਹ ਕੇਵਲ ਵਿਚਾਰ ਦੀ ਪੱਧਰ ਤਕ ਸੀਮਤ ਰਿਹਾ, ਇਹ ਕਿੱਧਰੇ ਵੀ ਜਨ ਅੰਦੋਲਨ ਨਹੀਂ ਬਣ ਸਕਿਆ। ਉਹ ਅੰਬੇਦਕਰ ਦੇ ਦਲਿਤ ਅੰਦੋਲਨ ਦੇ ਸਫ਼ਲ ਨਾ ਹੋ ਸਕਣ ਦਾ ਇਕ ਕਾਰਨ ਖੱਬੇ ਪੱਖੀ ਧਿਰਾਂ ਨੂੰ ਵੀ ਮੰਨਦਾ ਹੈ। ਉਸਦਾ ਇਹ ਵਿਚਾਰ ਬਹੁਤ ਤਾਰਕਿਕ ਹੈ ਕਿ ਵਰਤਮਾਨ ਸਮੇਂ ਦਾ ਦਲਿਤ ਅੰਦੋਲਨ ਕੇਵਲ ਰਾਖਵੇਂਕਰਨ ਤਕ ਸੀਮਤ ਹੋ ਕੇ ਰਹਿ ਗਿਆ ਹੈ। ਅਜੋਕੇ ਦਲਿਤ ਚਿੰਤਨ ਨੂੰ ਉਹ ਦਲਿਤਾਂ ਦੇ ਮੱਧ ਵਰਗ ਵਿਚੋਂ ਪੈਦਾ ਹੋਇਆ ਸਵੀਕਾਰ ਕਰਦਾ ਹੈ। ਇਸੇ ਕਰਕੇ ਉਸਨੂੰ ਇਸ ਸਮੇਂ ਦਾ ਚਿੰਤਨ ਕੇਵਲ ਮੁਹਾਵਰੇ ਤਕ ਸੀਮਤ ਰਹਿੰਦਾ, ਸੱਤਾ ਦੇ ਪੱਖ ਵਿੱਚ ਭੁਗਤਦਾ ਨਜਰੀਂ ਪੈਂਦਾ ਹੈ। ਉਸਨੂੰ ਵਰਤਮਾਨ ਦਲਿਤ ਰਾਜਨੀਤੀ ਉੱਪਰ ਵੀ ਬ੍ਰਾਹਮਣਵਾਦੀ ਸੋਚ ਭਾਰੂ ਪੈਂਦੀ ਦਿਖਾਈ ਦਿੰਦੀ ਹੈ। ਕੁੱਲ ਮਿਲਾ ਕੇ ਇਸ ਲੇਖ ਵਿੱਚ ਉਸਨੇ ਦਲਿਤ ਦੇ ਸੰਕਲਪ ਨੂੰ ਇਤਿਹਾਸਕ, ਸਮਾਜਿਕ, ਆਰਥਿਕ, ਰਾਜਨੀਤਿਕ, ਕਲਾ, ਸਾਹਿਤ ਅਤੇ ਸਾਹਿਤ ਆਲੋਚਨਾ ਆਦਿ ਵਰਗੇ ਅੰਤਰ-ਅਨੁਸ਼ਾਸਨਾਂ ਦੀ ਮਦਦ ਨਾਲ ਤਰਾਸ਼ਣ ਦਾ ਯਤਨ ਕੀਤਾ ਹੈ। ਉਸਨੇ ਦਲਿਤ ਦੇ ਸੰਕਲਪ ਨੂੰ ਸਮਾਜਿਕ ਤੇ ਆਰਥਿਕ ਦੋਵਾਂ ਕੋਣਾਂ ਤੋਂ ਪਰਖਦੇ ਹੋਏ ਮਕਾਨਕੀ ਮਾਰਕਸਵਾਦ ਦੀ ਥਾਂ 'ਤੇ ਸਿਹਤਯਾਬ ਮਾਰਕਸਵਾਦੀ ਅਧਿਐਨ ਵਿਧੀ ਨੂੰ ਵਰਤਿਆ ਹੈ।

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਉਹ ਭਾਵੇਂ ਨਾਵਲ, ਕਹਾਣੀ ਜਾਂ ਸਾਹਿਤ ਦੇ

ਕਿਸੇ ਵੀ ਰੂਪ ਦਾ ਅਧਿਐਨ ਕਰ ਰਿਹਾ ਹੋਵੇ, ਉਸ ਦੀ ਅਧਿਐਨ ਵਿਧੀ ਮਾਰਕਸਵਾਦੀ ਮਾਡਲ ਦੇ ਮਤੀਹ ਹੀ ਵਿਚਰਦੀ ਹੈ ਅਤੇ ਉਸਦੀ ਦ੍ਰਿਸ਼ਟੀ ਦੇ ਕੇਂਦਰ ਵਿਚ ਆਮ ਅਵਾਮ ਦੀਆਂ ਸਮੱਸਿਆਵਾਂ ਹੀ ਰਹਿੰਦੀਆਂ ਹਨ। ਕਿਸੇ ਵੀ ਕਿਰਤ ਨੂੰ ਉਹ ਕਰਤੇ ਦੇ ਜੀਵਨ ਅਨੁਭਵ ਦੇ ਸਮਵਿਥ ਉਸਦੇ ਇਤਿਹਾਸਕ, ਸਮਾਜਿਕ, ਰਾਜਸੀ/ਸਿਆਸੀ, ਆਰਥਿਕ, ਸਭਿਆਚਾਰਕ ਆਦਿ ਬਾਹਰੀ ਹਾਲਾਤ ਦੇ ਅਨੁਸਾਰ ਨਿਰਖਦਾ-ਪਰਖਦਾ ਹੋਇਆ ਪਾਠਾਂ ਦੀ ਗਹਿਨ ਸੰਰਚਨਾ ਵਿਚਲੇ ਯਥਾਰਥ ਨੂੰ ਸਾਹਮਣੇ ਲਿਆਉਂਦਾ ਹੈ। ਪਾਠ ਤੇ ਪ੍ਰਸੰਗ ਦੋਵਾਂ ਉੱਪਰ ਹੀ ਉਹ ਕੇਂਦਰਿਤ ਹੈ। ਪਰੰਤੂ ਕਈ ਦਫ਼ਾ ਉਹ ਸਿਆਸੀ, ਸਮਾਜਿਕ ਤੇ ਆਰਥਿਕ ਸਰੋਕਾਰਾਂ ਨੂੰ ਘੋਖਣ-ਫਰੋਲਣ ਵਿੱਚ ਮਸਰੂਫ਼ ਹੋ ਜਾਂਦਾ ਹੈ। ਅਜਿਹੇ ਸਮੇਂ ਉਸਦਾ ਵੱਥ ਤੇ ਕੱਥ ਵਿਚਲਾ ਤਵਾਜ਼ਨ ਡੋਲਦਾ ਨਜਰੀਂ ਪੈਂਦਾ ਹੈ। ਇਸੇ ਕਾਰਨ ਉਹ ਰਚਨਾਵਾਂ ਦੇ ਵਿਚਾਰਧਾਰਕ ਅਧਿਐਨ ਨੂੰ ਵਧੇਰੇ ਅਹਿਮੀਅਤ ਦੇਣ ਲੱਗ ਜਾਂਦਾ ਹੈ। ਫਿਰ ਵੀ ਉਹ ਪੰਜਾਬੀ ਸਾਹਿਤ ਚਿੰਤਨ ਦੇ ਇਤਿਹਾਸ ਵਿੱਚ ਉਹਨਾਂ ਚਿੰਤਕਾਂ ਵਿੱਚ ਸ਼ੁਮਾਰ ਹੈ ਜਿਸ ਨੇ ਪੰਜਾਬੀ ਸਾਹਿਤ ਵਿਚ ਸਮੇਂ-ਸਮੇਂ ਪੈਦਾ ਹੋਏ ਨਵੇਂ ਰੁਝਾਨਾਂ ਬਾਰੇ ਨਿੱਠ ਕੇ ਚਰਚਾ ਕੀਤੀ। ਰਜਨੀਸ਼ ਬਹਾਦਰ ਨੇ ਸੁਹਜ ਸਿਰਜਣਾ, ਦਲਿਤ ਸਰੋਕਾਰ ਅਤੇ ਵਿਸ਼ਵੀਕਰਨ ਆਦਿ ਬਾਰੇ ਸੰਘਣੀ ਚਰਚਾ ਛੇੜ ਕੇ ਆਪਣੇ ਸੰਜੀਦਾ ਚਿੰਤਕ ਹੋਣ ਦਾ ਪ੍ਰਮਾਣ ਦਿੱਤਾ ਹੈ। ਨਿਰਸੰਦੇਹ ਅੜਨਾ, ਲੜਨਾ ਅਤੇ ਖੜ੍ਹ ਜਾਣਾ ਉਸ ਦੀ ਤਬੀਅਤ ਦਾ ਹਿੱਸਾ ਨਹੀਂ ਸੀ। ਮੰਡੀ, ਮਾਇਆ, ਮੁਕਾਬਲੇ ਤੇ ਮੁਨਾਫ਼ੇ ਦੇ ਇਸ ਮਸ਼ੀਨੀ ਸੁਭਾਅ ਵਾਲੇ ਦੌਰ (ਜਿੱਥੇ ਦੁਨੀਆ ਦੀ ਹਰ ਸ਼ੈਅ ਸਮੇਤ ਮਨੁੱਖ ਦੇ ਵਿਕਾਊ ਹੈ) ਵਿਚ ਵੀ ਉਸਨੇ ਆਪਣੇ ਜੀਵਨ ਅਤੇ ਚਿੰਤਨ ਵਿੱਚ ਮਾਨਵੀ ਸੰਵੇਦਨਾ ਅਤੇ ਮੁੱਲਾਂ ਨੂੰ ਜ਼ਿੰਦਾ ਰੱਖਿਆ।

## ਹਵਾਲੇ ਅਤੇ ਟਿੱਪਣੀਆਂ


1. ਹਰਿਭਜਨ ਸਿੰਘ ਭਾਟੀਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਨਾ 242
2. ਡਾ. ਟੀ. ਆਰ. ਵਿਨੋਦ, ਪੰਜਾਬੀ ਆਲੋਚਨਾ ਸ਼ਾਸਤਰ, ਪੰਨੇ 179-180
3. ਡਾ. ਜਸਵਿੰਦਰ ਸਿੰਘ, "ਮੁੱਖਬੰਦ", ਰਜਨੀਸ਼ ਬਹਾਦਰ ਸਿੰਘ, ਪੰਜਾਬੀ ਕਹਾਣੀ, ਪੰਨਾ 9
4. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ, ਪੰਨਾ 97
5. ਉਹੀ, ਪੰਨਾ 99
6. ਉਹੀ, ਪੰਨਾ 156
7. ਉਹੀ, ਪੰਨਾ 163
8. ਉਹੀ, ਪੰਨਾ 166
9. "ਭਾਈ ਵੀਰ ਸਿੰਘ ਇਸ ਉੱਠਦੀ ਬੁਰਜੁਆਜੀ ਦਾ ਸਭ ਤੋਂ ਵੱਡਾ ਅਤੇ ਸਫ਼ਲ ਵਿਚਾਰਧਾਰਕ ਸੀ।"- ਰਵਿੰਦਰ ਸਿੰਘ ਰਵੀ, ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ, ਪੰਨਾ 22
10. ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ, ਪੰਨਾ 24

## ਰਜਨੀਸ਼ ਬਹਾਦਰ ਸਿੰਘ ਦੀਆਂ ਛਪੀਆਂ ਪੁਸਤਕਾਂ

1. ਗਲਪ ਅਧਿਐਨ (ਆਲੋਚਨਾ) ਦੂਜਾ ਐਡੀਸ਼ਨ
2. ਅਜੋਕੀ ਪੰਜਾਬੀ ਕਹਾਣੀ: ਕਥਾ-ਪ੍ਰਵਚਨ (ਆਲੋਚਨਾ) ਦੂਜਾ ਐਡੀਸ਼ਨ
3. ਪਰਬਤਾਂ ਸੰਗ ਸੰਵਾਦ (ਯਾਤਰਾ ਸੰਸਮਰਣ)
4. ਸਮਕਾਲੀ ਪੰਜਾਬੀ ਕਹਾਣੀ ਪਾਠਗਤ-ਅਧਿਐਨ (ਆਲੋਚਨਾ)
5. ਭਗਵੰਤ ਰਸੂਲਪੁਰੀ ਦੀ ਕਥਾ-ਪ੍ਰਕਿਰਿਆ (ਆਲੋਚਨਾ)
6. ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਪਾਠਗਤ-ਵਿਸ਼ਲੇਸ਼ਣ (ਸੰਪਾ.) (ਆਲੋਚਨਾ)
7. ਆਦਿ ਕੁਆਰੀ ਤੇ ਹੋਰ ਕਹਾਣੀਆਂ (ਸੰਪਾਦਤ)
8. ਦਸ ਦਿਸ਼ਾਵਾਂ (ਸੰਪਾਦਤ)
9. ਹਜ਼ਾਰ ਕਹਾਣੀਆਂ ਦਾ ਬਾਪ ਤੇ ਹੋਰ ਕਹਾਣੀਆਂ (ਸੰਪਾਦਤ)
10. ਚੂੜੇ ਵਾਲੀ ਬਾਂਹ ਤੇ ਹੋਰ ਕਹਾਣੀਆਂ (ਸੰਪਾਦਤ)
11. ਮੱਲ੍ਹਮ ਤੇ ਹੋਰ ਕਹਾਣੀਆਂ (ਸੰਪਾਦਤ)
12. ਕੁੱਤੀ ਵਿਹੜਾ ਤੇ ਹੋਰ ਕਹਾਣੀਆਂ (ਸੰਪਾਦਤ)
13. ਘੋਰਡੂ ਤੇ ਹੋਰ ਕਹਾਣੀਆਂ (ਸੰਪਾਦਤ)
14. ਮਨਮੋਹਨ ਬਾਵਾ ਦਾ ਸ਼ਬਦ ਸੰਸਾਰ (ਸੰਪਾਦਤ) ਆਲੋਚਨਾ
15. ਪੰਜਾਬੀ ਸਾਹਿਤ ਚਿੰਤਨ: ਅਧਾਰ ਤੇ ਉਸਾਰ (ਆਲੋਚਨਾ)
16. ਚੀਕ ਤੇ ਹੋਰ ਕਹਾਣੀਆਂ (ਸੰਪਾਦਤ)
17. ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ (ਸੰਪਾਦਤ) ਆਲੋਚਨਾ
18. ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ) (ਸੰਪਾਦਤ) ਆਲੋਚਨਾ
19. ਪ੍ਰੇਮ ਪ੍ਰਕਾਸ਼ ਦੀਆਂ ਚੋਣਵੀਆਂ ਕਹਾਣੀਆਂ (ਸੰਪਾਦਤ)
20. ਪੰਜਾਬੀ ਦਲਿਤ ਕਹਾਣੀ: ਅਧਾਰ ਤੇ ਅਧਿਐਨ (ਆਲੋਚਨਾ)
21. ਬਲਬੀਰ ਪਰਵਾਨਾ ਦਾ ਸਿਰਜਣੀ ਵਰਤਾਰਾ (ਸੰਪਾਦਤ)
22. ਕੇਸਰਾ ਰਾਮ ਦੀਆਂ ਚੋਣਵੀਆਂ ਕਹਾਣੀਆਂ (ਸੰਪਾਦਤ)
23. ਪੰਜਾਬੀ ਨਾਵਲ: ਵਿਰਸਾ ਤੇ ਵਰਤਮਾਨ

# ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ



ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆਂ 'ਚ ਹੀ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬੱਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਅ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਉਣ ਤੇ ਨਿਭਾਉਣ ਦੀ ਸਮਰੱਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ। -ਪ੍ਰੇਮ ਪ੍ਰਕਾਸ਼




ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ
ਸਫ਼ੇ: 208 ਕੀਮਤ: 300/-

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਰਕਸ਼ੀਲ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉੱਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਕਿਰਿਆ ਨੂੰ ਕਹਾਣੀ ਦੀ ਵਿਧਾ ਉੱਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖ਼ੁਦਮੁਖ਼ਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ


ਮਾਝਾ ਕਾਲਜ ਫ਼ਾਰ ਵੂਮੈਨ, ਤਰਨ ਤਾਰਨ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ
ਨੋਟ: ਸਾਰੇ ਕੋਰਸਾਂ ਵਿੱਚ ਸੈਸ਼ਨ 2022-23 ਲਈ ਰਜਿਸਟ੍ਰੇਸ਼ਨ/ਅਡਵਾਂਸ ਬੁਕਿੰਗ ਸ਼ੁਰੂ
• ਕੇਂਦਰ/ਪੰਜਾਬ ਸਰਕਾਰ ਵੱਲੋਂ SC, BC ਅਤੇ ਘੱਟ ਗਿਣਤੀ (ਮਨਿਉਰਟੀ) ਵਿਦਿਆਰਥੀਆਂ ਲਈ ਵਜ਼ੀਫ਼ੇ ਦੀ ਸਹੂਲਤ।
• ਯੂਨੀਵਰਸਿਟੀ ਮੈਰਿਟ ਹੋਲਡਰ ਵਿਦਿਆਰਥੀਆਂ ਨੂੰ ਫ਼ੀਸਾਂ ਵਿਚ ਰਿਆਇਤ।
ਚੱਲ ਰਹੇ ਕੋਰਸ
• +1, +2 ਆਰਟਸ, ਕਾਮਰਸ, ਮੈਡੀਕਲ ਅਤੇ ਨਾਨ ਮੈਡੀਕਲ ਗਰੁੱਪ
• ਬੀ.ਏ. • ਬੀ.ਐੱਸ-ਸੀ. (ਇਕਨਾਮਿਕਸ) • ਬੀ.ਐੱਸ.ਸੀ. (ਕੰਪਿ. ਸਾਇੰਸ)
• ਬੀ.ਐੱਸ-ਸੀ. (ਨਾਨ-ਮੈਡੀਕਲ) • ਬੀ.ਐੱਸ.ਸੀ. (ਫੈਸ਼ਨ ਡਿਜ਼ਾਈਨਿੰਗ)
• ਬੀ.ਕਾਮ. • ਬੀ.ਬੀ.ਏ. • ਬੀ.ਸੀ.ਏ.
• ਪੀ.ਜੀ.ਡੀ.ਸੀ.ਏ. • ਐੱਮ.ਏ. (ਪੰਜਾਬੀ) • ਐੱਮ.ਐੱਸ.ਸੀ. (ਕੰਪਿ. ਸਾਇੰਸ)
• ਡਿਪਲੋਮਾ ਇੰਨ ਕੌਸਮੈਟੋਲਾਜੀ
ਕਾਲਜ ਬੱਸਾਂ ਦੇ ਰੂਟ
ਅੰਮ੍ਰਿਤਸਰ, ਤਰਨ ਤਾਰਨ, ਦਿਆਲਪੁਰ, ਝਬਾਲ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਰਾਜੋਕੇ, ਅਮਰਕੋਟ, ਵਲਟੋਹਾ, ਘਰਿਆਲਾ, ਪੱਟੀ, ਸਰਹਾਲੀ, ਸ਼ਕਰੀ।
ਵਿਸ਼ੇਸ਼ਤਾਵਾਂ
• ਬੱਸਾਂ ਦੀ ਸਹੂਲਤ
• ਤਜ਼ਰਬੇਕਾਰ ਸਟਾਫ਼
• ਸੈਮੀਨਾਰ ਰੂਮ
• ਜਨਰੇਟਰ ਦੀ ਸਹੂਲਤ
• ਵਿਸ਼ਾਲ ਲਾਇਬ੍ਰੇਰੀ
• ਨਵੀਂ ਸ਼ਾਨਦਾਰ ਆਧੁਨਿਕ ਬਿਲਡਿੰਗ
• ਕੁਆਲਟੀ ਐਜੂਕੇਸ਼ਨ ਉੱਤੇ ਜ਼ੋਰ
• ਅਲਟਰਾ ਮਾਡਰਨ ਸਾਇੰਸ, ਫੈਸ਼ਨ ਡਿਜ਼ਾਇਨਿੰਗ, ਕੌਸਮੈਟੋਲਾਜੀ ਅਤੇ ਕੰਪਿਊਟਰ ਲੈਬ
• ਕੰਟੀਨ • ਘੱਟ ਫੀਸਾਂ
• ਖੁੱਲੀਆਂ ਗਰਾਊਂਡਾਂ • WI-FI ਕੈਂਪਸ
ਨੇੜੇ ਬਾਬਾ ਦੀਪ ਸਿੰਘ ਗੇਟ, ਤਰਨ ਤਾਰਨ
E-mail :mcwtarntaran@ymail.com Website : www.majhacollegeforwomen.in (Principal Off.) 98764-82175
ਅਮਨਪ੍ਰੀਤ ਕੌਰ
ਹਰਮਿੰਦਰ ਕੌਰ
ਡਾ. ਹਰਦੀਪ ਕੌਰ
ਪ੍ਰਿੰਸੀਪਲ